
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 34
November 30, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਕਿੰਗ ਜੌਰਜ ਮੈਡੀਕਲ ਯੂਨੀਵਰਸਿਟੀ ਲਖਨਊ ਵਿਖੇ ਸੰਵਿਧਾਨ ਦਿਵਸ ਮਨਾਇਆ ਗਿਆ- **(ਹੋਰ ਜਾਣਕਾਰੀ ਲਈ ਸਫਾ 8 ਤੇ ਵੇਖੋ)**

# ਰਿਪਬਲਿਕਨ ਕਾਂਗਰਸ ਮੈਂਬਰ ਟੌਮ ਪ੍ਰਾਈਸ ਹੋਣਗੇ ਅਗਲੇ ਸਿਹਤ ਮੰਤਰੀ

**ਵਾਸ਼ਿੰਗਟਨ (ਬਿਊਰੋ)-** ਅਮਰੀਕੀ ਰਾਸ਼ਟਰਪਤੀ ਦੀ ਚੋਣ ਜਿੱਤੇ ਡੋਨਲਡ ਟਰੰਪ ਨੇ ਓਬਾਮਾ ਕੇਅਰ ਦੀ ਕੱਟੜ ਵਿਰੋਧੀ ਰਿਪਬਲਿਕਨ ਕਾਂਗਰਸ ਮੈਂਬਰ ਟੌਮ ਪ੍ਰਾਈਸ ਨੂੰ ਸਿਹਤ ਮੰਤਰੀ ਚੁਣਿਆ ਹੈ। ਇਹ ਦਾਅਵਾ ਮੀਡੀਆ ਰਿਪੋਰਟਾਂ ਵਿੱਚ ਕੀਤਾ ਗਿਆ।



ਸਾਬਕਾ ਆਰਥੋਪੈਡਿਕ ਸਰਜਨ ਪ੍ਰਾਈਸ (62) ਇਸ ਸਮੇਂ ਸਦਨ ਦੀ ਬਜਟ ਕਮੇਟੀ ਦੇ ਚੇਅਰਮੈਨ ਹਨ। ਉਨ੍ਹਾਂ ਨੂੰ ਮੰਤਰੀ ਬਣਾਉਣ ਬਾਰੇ ਐਲਾਨ ਛੇਤੀ ਹੋਣ ਦੀ ਸੰਭਾਵਨਾ ਹੈ। ਟਰੰਪ ਨੇ ਸ਼ੁਰੂ ਵਿੱਚ ਹੀ ਕਿਹਾ ਸੀ ਕਿ ਉਹ ਓਬਾਮਾਕੇਅਰ ਨੂੰ ਰੱਦ ਕਰ ਕੇ ਨਵੀਂ ਸਕੀਮ ਲਿਆਉਣਗੇ। ਸਾਲ 2011 ਵਿੱਚ ਪ੍ਰਾਈਸ ਨੇ ਕਿਹਾ ਸੀ ਕਿ ਸਿਹਤ ਸੁਧਾਰਾਂ ਦਾ ਮੰਤਵ ਅਗਾਊਂ ਪਹੁੰਚ, ਪੁੱਜਤ, ਗੁਣਵੱਤਾ, ਸੰਵੇਦਨਸ਼ੀਲਤਾ ਅਤੇ ਖੋਜ ਹੋਣਾ ਚਾਹੀਦਾ ਹੈ। ਓਬਾਮਾਕੇਅਰ ਵਿੱਚ ਇਨ੍ਹਾਂ ਵਿੱਚੋਂ ਕੋਈ ਗੱਲ ਨਹੀਂ ਹੈ।

ਉਧਰ ਟਰੰਪ ਨੇ ਨਵੇਂ ਵਿਦੇਸ਼ ਮੰਤਰੀ ਦੀ ਭਾਲ ਤੇਜ਼ ਕਰਦਿਆਂ ਕਈ ਐਵਾਰਡ ਜਿੱਤਣ ਦੇ ਨਾਲ ਘੁਟਾਲੇ ਦਾ ਦਾਗ਼ ਲਵਾ ਚੁੱਕੇ ਸੀਆਈਏ ਦੇ ਸਾਬਕਾ ਮੁਖੀ ਡੇਵਿਡ ਪੈਟਰਿਆਸ ਨਾਲ ਮੁਲਾਕਾਤ ਕੀਤੀ। ਪੈਟਰਿਆਸ ਨੇ ਮੈਨਹੱਟਨ ਵਿੱਚ ਟਰੰਪ ਟਾਵਰ ਵਿੱਚ ਟਰੰਪ ਦੇ ਦਫ਼ਤਰ ਵਿੱਚ ਇਕ ਘੰਟਾ ਬਿਤਾਇਆ।

ਇਸ ਮੁਲਾਕਾਤ ਤੋਂ ਬਾਅਦ ਟਰੰਪ ਨੇ ਟਵੀਟ ਕੀਤਾ ਕਿ ਉਹ ਇਸ ਸੇਵਾਮੁਕਤ ਜਨਰਲ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਦੌਰਾਨ ਮਾਹਿਰਾਂ ਤੇ ਦੋਵਾਂ ਪਾਸਿਆਂ ਦੇ ਚੋਣ ਅਧਿਕਾਰੀਆਂ ਨੇ ਡੋਨਲਡ ਟਰੰਪ ਦੇ ਉਨ੍ਹਾਂ ਦਾਅਵਿਆਂ ਨੂੰ ਰੱਦ ਕੀਤਾ ਕਿ ਕਰੋੜਾਂ ਅਮਰੀਕੀਆਂ ਨੇ ਗ਼ੈਰਕਾਨੂੰਨੀ ਤਰੀਕੇ ਨਾਲ ਵੋਟਾਂ ਪਾਈਆਂ। ਰਿਪਬਲਿਕਨ ਅਰਬਪਤੀ ਨੇ 8 ਨਵੰਬਰ ਨੂੰ ਅਹਿਮ ਚੋਣ ਮੰਡਲ ਦੀ ਗਿਣਤੀ ਵਿੱਚ ਜਿੱਤ ਹਾਸਲ ਕੀਤੀ ਸੀ, ਜੋ ਰਾਸ਼ਟਰਪਤੀ ਦੇ ਨਾਂ ਉਤੇ ਪੱਕੀ ਮੋਹਰ ਹੈ ਪਰ ਉਹ ਆਮ ਵੋਟਾਂ ਵਿੱਚ ਹਿਲੇਰੀ ਪਾਸੋਂ 20 ਲੱਖ ਵੋਟਾਂ ਨਾਲ ਹਾਰ ਗਿਆ।



ਰਾਸ਼ਟਰਪਤੀ (ਚੁਣੇ) ਡੋਨਾਲਡ ਟਰੰਪ ਵੱਲੋਂ ਇਕ ਹੋਰ ਦੂਜੀ ਭਾਰਤੀ ਅਮਰੀਕੀ ਸੀਮਾ ਵਰਮਾ ਨੂੰ ਚੁਣਿਆ, ਜੋ ਉਸ ਦੇ ਪ੍ਰਸ਼ਾਸਨ ਵਿਚ ਇਕ ਉੱਚ ਪੱਧਰ ਦੀ ਅਹੁਦੇਦਾਰੀ ਲਈ ਤੇ ਇਕ ਪ੍ਰਮੁੱਖ ਦੇ ਸਥਾਨ 'ਤੇ ਹੋਵੇਗੀ। ਵਰਮਾ ਨੇ ਉਪ ਪ੍ਰਧਾਨ ਚੁਣੇ ਮਾਰਗ ਪਿੰਸ ਨਾਲ ਸਿਹਤ ਸੇਵਾਵਾਂ 'ਤੇ ਇੰਡੀਆਨਾ ਵਿਚ ਪਹਿਲਾਂ ਮਿਲ ਕੇ ਕੰਮ ਕੀਤਾ ਹੈ।

**(ਦੇਖੋ ਸਫਾ 4 'ਤੇ)**

# ਅਕਾਲੀ ਦਲ ਵੱਲੋਂ 9 ਹੋਰ ਉਮੀਦਵਾਰਾਂ ਦੀ ਸੂਚੀ ਜਾਰੀ

**ਚੰਡੀਗੜ੍ਹ (ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਦੂਜੀ ਸੂਚੀ ਜਾਰੀ ਕਰਦਿਆਂ 9 ਹੋਰ ਉਮੀਦਵਾਰਾਂ ਦੇ ਨਾਮ ਐਲਾਨ ਦਿੱਤੇ ਹਨ। ਇਸ ਸੂਚੀ ਵਿੱਚ ਪਾਰਟੀ ਨੇ ਕਈ ਉਮੀਦਵਾਰਾਂ ਦੇ ਹਲਕਿਆਂ ਵਿੱਚ ਤਬਦੀਲੀ ਕੀਤੀ ਹੈ ਤੇ ਕਈਆਂ ਦੀ ਛੁੱਟੀ ਕਰ ਦਿੱਤੀ ਹੈ। ਹਾਕਮ ਪਾਰਟੀ ਵੱਲੋਂ 69 ਉਮੀਦਵਾਰਾਂ ਦੀ ਸੂਚੀ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ। ਇਸ ਤਰ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਵੱਲੋਂ 78 ਉਮੀਦਵਾਰ ਐਲਾਨੇ ਜਾ ਚੁੱਕੇ ਹਨ ਅਤੇ 16 ਹਲਕਿਆਂ ਤੋਂ ਉਮੀਦਵਾਰ ਐਲਾਨਣੇ ਹੀ ਬਾਕੀ ਰਹਿ ਗਏ ਹਨ। ਪਾਰਟੀ ਵੱਲੋਂ ਜਾਰੀ ਕੀਤੀ ਗਈ ਸੂਚੀ ਮੁਤਾਬਕ ਨੌਕਰਸ਼ਾਹ ਤੋਂ ਸਰਗਰਮ ਸਿਆਸਤ ਵਿੱਚ ਆਏ ਸੇਵਾਮੁਕਤ ਆਈ ਏ ਐਸ ਅਧਿਕਾਰੀ ਦਰਬਾਰਾ ਸਿੰਘ ਗੁਰੂ ਇਸ ਵਾਰ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿਚਲੇ ਬਸੀ ਪਠਾਣਾਂ (ਰਾਖਵੇਂ) ਹਲਕੇ ਤੋਂ ਕਿਸਮਤ ਅਜ਼ਮਾਉਣਗੇ। ਪੰਜ ਸਾਲ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਬਰਨਾਲਾ ਜ਼ਿਲ੍ਹੇ ਵਿਚਲੇ ਹਲਕੇ ਭਦੌੜ (ਰਾਖਵੇਂ) ਤੋਂ ਚੋਣ ਲੜਾਈ ਸੀ ਪਰ ਉਹ ਮਸ਼ਹੂਰ ਗਾਇਕ ਤੇ ਕਾਂਗਰਸ ਉਮੀਦਵਾਰ ਮੁਹੰਮਦ ਸਦੀਕ ਪਾਸੋਂ ਹਾਰ ਗਏ ਸਨ। ਬਠਿੰਡਾ ਜ਼ਿਲ੍ਹੇ ਦੇ ਅਕਾਲੀ ਆਗੂ ਜਗਦੀਪ ਸਿੰਘ ਨਕਈ ਦੀ ਸਰਗਰਮ ਰਾਜਨੀਤੀ ਵਿੱਚ ਵਾਪਸੀ ਹੋ ਗਈ ਹੈ। ਸਾਲ 2012 ਦੀਆਂ ਚੋਣਾਂ ਦੌਰਾਨ ਉਨ੍ਹਾਂ ਦੀ ਟਿਕਟ ਕੱਟ ਦਿੱਤੀ ਗਈ ਸੀ



**(ਬਾਕੀ ਸਫਾ 4 ਤੇ)**

# ਪੰਜਾਬ ਦਾ ਉੱਪ ਮੁੱਖ ਮੰਤਰੀ ਦਲਿਤ ਹੋਵੇਗਾ : ਕੇਜਰੀਵਾਲ

## ਗੁਰਾਇਆ ਵਿਖੇ ਸਰੂਪ ਸਿੰਘ ਕਡਿਆਣਾ ਦੇ ਹੱਕ 'ਚ ਆਪ ਦੀ ਹੋਈ ਪੰਜਾਬ ਇਨਕਲਾਬ ਰੈਲੀ



**ਗੁਰਾਇਆ (ਨਿਰਮਲ ਗੁੜਾ)-** ਬਾਬਾ ਸਾਹਿਬ ਡਾ. ਅੰਬੇਡਕਰ ਵਲੋਂ ਦੇਸ਼ ਵਾਸੀਆਂ ਨੂੰ ਦਿਤੇ ਸੰਵਿਧਾਨ ਵਿੱਚ ਸਭ ਲਈ ਬਾਰਬਾਰ ਦੇ ਅਧਿਕਾਰ ਹਨ, ਪਰ ਸਰਕਾਰਾਂ ਵਲੋਂ ਲਾਗੂ ਨਾ ਕਰਨ ਕਾਰਣ, ਅਜਾਦੀ ਦੇ 70 ਸਾਲ ਬੀਤਣ ਦੇ ਬਾਅਦ ਵੀ ਦਲਿਤ ਸਮਾਜ ਨੂੰ ਬਰਾਬਰ ਦੇ ਹੱਕ ਨਹੀਂ ਮਿਲੇ, ਪੰਜਾਬ ਦੇ ਸਰਕਾਰੀ ਸਕੂਲਾਂ ਅੰਦਰ, ਜਿਥੇ ਪੂਰੇ ਅਧਿਆਪਕ ਤੇ ਲੋੜੀਂਦੀਆਂ ਸਹੂਲਤਾਂ ਨਹੀਂ ਹਨ, ਇਹਨਾਂ ਸਕੂਲਾਂ ਵਿੱਚ 80 ਫੀ ਸਦੀ ਵਿਦਿਆਰਥੀ ਦਲਿਤ ਪਰਿਵਾਰਾਂ ਦੇ ਪੜ੍ਹਾਈ ਕਰ ਰਹੇ ਹਨ,

**(ਬਾਕੀ ਸਫਾ 7 ਤੇ)**



ਮਾਤਾ ਸ਼ਾਂਤੀ ਦੇਵੀ ਜੀ

ਸਿੱਖਿਆ ਸ਼ਾਸਤਰੀਆਂ ਅਤੇ ਉਘੀਆਂ ਸ਼ਖ਼ਸੀਅਤਾਂ ਵੱਲੋਂ
ਡਾ. ਰੌਣਕੀ ਰਾਮ ਜੀ ਦੀ ਮਾਤਾ ਜੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ
(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 12 ਅਤੇ 13 'ਤੇ)


MANDEEP SANDHU
SANDHU IMMIGRATION CONSULTANT
ਇਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538


RIYA'S FASHION
9165 ELK GROVE
FLORIN RD.
ELK GROVE CA 95624
Tel : 916-647-3708
Follow us on
RIYAFASHION16

SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਹੂਸਟਨ, ਅਮਰੀਕਾ ਵਿਖੇ ਹੋਈ ਥੈਂਕਸਗਿਵਿੰਗ ਡੇਅ ਦੀ ਪਰੇਡ ਸਿੱਖਾਂ ਵੱਲੋਂ ਪਹਿਚਾਣ ਲਈ ਸ਼ਮੂਲੀਅਤ

**ਹੂਸਟਨ (ਹੁਸਨ ਲੜੋਆ ਬੰਗਾ)–** ਸਿੱਖੀ ਦੀ ਪਹਿਚਾਣ ਨੂੰ ਅਮਰੀਕਾ ਦੇ ਵਸਨੀਕਾਂ ਤੱਕ ਪਹੁੰਚਾਉਣ ਲਈ ਹੂਸਟਨ ਵਿਖੇ ਹੋਈ ਥੈਂਕਸਗਿਵਿੰਗ ਡੇਅ ਦੀ ਪਰੇਡ ਇਕ ਬਹੁਤ ਵਧੀਆ ਉਪਰਾਲਾ ਸਾਬਤ ਹੋਈ। ਹੂਸਟਨ ਦੀ ਇਹ ਥੈਂਕਸਗਿਵਿੰਗ ਡੇਅ ਦੀ ਪਰੇਡ ਦੇ ਮੁੱਖ ਪ੍ਰਬੰਧਕ ਸਰਦਾਰ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਸਿੱਖ ਭਾਈਚਾਰੇ ਦਾ ਇਹਨਾਂ ਅਮਰੀਕਨ ਪਰੇਡਾਂ ਜਾਂ ਇੱਥੋਂ ਦੇ ਦਿਨ ਤਿਉਹਾਰਾਂ ਅੰਦਰ ਸ਼ਮੂਲੀਅਤ ਕਰਨੀ ਇਸ ਸਮੇਂ ਦੀ ਮੁੱਖ ਮੰਗ ਹੈ, ਜਿਸ ਦੇ ਸਦਕਾ ਆਪਸੀ ਪ੍ਰੇਮ ਪਿਆਰ ਅੰਦਰ ਵਾਧਾ ਤਾਂ ਹੁੰਦਾ ਹੈ, ਉਥੇ ਸਿੱਖੀ ਪ੍ਰਤੀ ਪਏ ਭਰਮ ਭੁਲੇਖੇ ਵੀ ਦੂਰ ਹੁੰਦੇ ਹਨ। ਹੂਸਟਨ ਦੀਆਂ ਸਮੂਹ ਗੁਰਦੁਆਰਾ ਸਾਹਿਬ ਦੀਆ ਪ੍ਰਬੰਧਕ ਕਮੇਟੀਆਂ ਅਤੇ ਸੰਗਤ ਵੱਲੋਂ ਇਸ ਪਰੇਡ ਨੂੰ ਕਾਮਯਾਬ ਕਰਨ ਲਈ ਅਣਥੱਕ ਮਿਹਨਤ ਕੀਤੀ ਗਈ। ਵੱਡੇ ਆਕਾਰ ਦਾ ਬਹੁਤ ਹੀ ਸੋਹਣੇ ਢੰਗ ਨਾਲ ਤਿਆਰ ਕੀਤਾ ਗਿਆ ਸਿੱਖ ਫਲੋਟ ਇਸ ਪਰੇਡ ਨੂੰ ਚਾਰ ਚੰਨ ਲਗਾ ਰਿਹਾ ਸੀ। ਵੱਖੋ ਵੱਖ ਗੁਰਦੁਆਰਿਆਂ ਤੋਂ ਆਈ ਸੰਗਤ ਦੇ ਮੈਂਬਰ ਸਿੱਖ ਫਲੋਟ ਨਾਲ ਮਾਰਚ ਕਰ ਰਹੇ ਸਨ।

ਸਿੱਖ ਫਲੋਟ ਉਪਰ ਲੱਗਾ ਸਿੱਖਸ ਫਾਰ ਅਮਰੀਕਾ ਦਾ ਵੱਡੇ ਆਕਾਰਦਾ ਚਮਕਦਾ ਸਾਈਨ ਸਿੱਖੀ ਦੀ ਪਹਿਚਾਣ ਕਰਵਾ ਰਿਹਾ ਸੀ। ਫਲੋਟ ਦੇ ਅੱਗੇ ਵੱਡੇ ਆਕਾਰ ਦਾ ਘੁੰਮਦਾ ਹੋਇਆ ਸਿੱਖ ਨਿਸ਼ਾਨ ਖੰਡਾ ਆਪਣਾ ਸੋਹਣਾ ਪ੍ਰਭਾਵ ਪਾ ਰਿਹਾ ਸੀ। ਮੀਰੀ ਪੀਰੀ ਅਕੈਡਮੀ ਦੇ ਬੈਨਰ ਹੇਠ ਗੱਤਕੇ ਦੇ ਜੌਹਰ ਚੱਲ ਰਹੇ ਸਨ। ਅਮਰੀਕਨ ਲੋਕ ਬਹੁਤ ਪਿਆਰ ਅਤੇ ਹੈਰਾਨੀ ਨਾਲ ਗੱਤਰੇ ਦੇ ਜੌਹਰ ਦੇਖ ਰਹੇ ਸਨ। ਸਭ ਲੋਕ ਕਿਲਕਾਰੀਆਂ, ਤਾੜੀਆਂ ਅਤੇ ਸੀਟੀਆਂ ਨਾਲ ਸਿੱਖ ਗਰੁੱਪ ਦਾ ਸਵਾਗਤ ਕਰ ਰਹੇ ਸਨ। ਮੀਰੀ ਪੀਰੀ ਗੱਤਕਾ ਅਕੈਡਮੀ ਦੇ ਸਿੰਘਾਂ ਦੇ ਗੱਤਕੇ ਦਿਆਂ







ਜੌਹਰਾਂ ਨੂੰ ਦੇਖ ਕੇ ਪਰੇਡ ਦੇ ਅੰਦਰ ਆਏ ਸਾਰੇ ਅਮਰੀਕਨ ਲੋਕ ਦੰਗ ਰਹਿ ਗਏ। ਸਿੱਖ ਧਰਮ ਦੀ ਜਾਣਕਾਰੀ ਅਮ-ਰੀਕਨ ਲੋਕਾਂ ਤੱਕ ਪਹੁੰ-ਚਾਉਣ ਵਾਸਤੇ ਅਤੇ ਸਿੱਖੀ ਦੀ ਪਹਿਚਾਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਧਰਮ ਸਬੰਧੀ ਲਿਟਰੇਚਰ ਇਸ ਪਰੇਡ ਵਿਚ ਆਏ ਅਮਰੀਕਨ ਲੋਕਾਂ ਅੰਦਰ ਵੰਡਿਆ ਗਿਆ, ਜਿਸ ਲਿਟਰੇਚਰ ਅੰਦਰ ਬਹੁਤ ਹੀ ਖੂਬ ਪਿਆਰੇ ਅਤੇ ਜਾਣਕਾਰੀ ਭਰਪੂਰ ਢੰਗ ਨਾਲ ਸਿੱਖ ਧਰਮ ਦੀ ਜਾਣਕਾਰੀ, ਦਸਾਂ ਗੁਰੂ ਸਾਹਿਬਾਨਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਾਣਕਾਰੀ ਅਤੇ ਹੋਰ ਵੀ ਸਿੱਖ ਸਿਧਾਂਤਾਂ ਦੀ ਜਾਣਕਾਰੀ ਅੰਕਿਤ ਕੀਤੀ ਹੋਈ ਸੀ। ਹਜ਼ਾਰਾਂ ਦੇ ਕਰੀਬ ਸਿੱਖ ਧਰਮ ਦੀ ਪਹਿਚਾਣ ਦਰਸਾਉਂਦੇ ਪੈਨ ਵੀ ਅਮਰੀਕਨ ਲੋਕਾਂ ਨੂੰ ਉਪਹਾਰ ਵਜੋਂ ਵੰਡੇ ਗਏ।

ਇਹ ਸਾਰਾ ਉਪਰਾਲਾ ਅੰਮ੍ਰਿਤ ਸਰਾਂ, ਸੁਰਜੀਤ ਸਿੰਘ, ਮਨਦੀਪ ਸਿੰਘ, ਡਾਕਟਰ ਹਰਦਮ ਸਿੰਘ ਆਜ਼ਾਦ ਡਾਇਰੈਕਟਰ ਗੁਰਦੁਆਰਾ ਸਾਹਿਬ ਸਿੱਖ ਨੈਸ਼ਨਲ ਸੈਂਟਰ, ਹਰਜੀਤ ਸਿੰਘ ਬੈਂਸ, ਬੀਬੀ ਹਰਜੀਤ ਕੌਰ ਸੋਨੀਆ, ਹਰਜੀਤ ਸਿੰਘ ਗਲਹੋਤਰਾ, ਬੀਬੀ ਸੁਰਿੰਦਰ ਕੌਰ ਪਿੰਗਲੀਆ, ਪ੍ਰੋਫੈਸਰ ਸੰਪੂਰਨ ਸਿੰਘ, ਗੁਰਚਰਨ ਸਿੰਘ, ਤੀਰਥ ਸਿੰਘ ਖਹਿਰਾ, ਬਾਬੀ ਸਿੰਘ, ਡਾਕਟਰ ਹਰਵਿੰਦਰਪਾਲ ਸਿੰਘ, ਰੁਪਿੰਦਰਪਾਲ ਸਿੰਘ (ਰੋਮਾ ਫੈਸ਼ਨ), ਮਨਮੀਤ ਕੌਰ ਲਿਖਾਰੀ, ਡਾਕਟਰ ਤੇਜਿੰਦਰ ਸਿੰਘ ਗਿੱਲ, ਹਰਭਜਨ ਸਿੰਘ, ਵਰਿੰਦਰ ਸਿੰਘ ਗੋਲਡੀ, ਮੀਰੀ ਪੀਰੀ ਅਕੈਡਮੀ ਦੇ ਸਮੂਹ ਸੇਵਾਦਾਰਾਂ ਅਤੇ ਗੁਰਦੁਆਰਾ ਸਾਹਿਬ ਸਿੱਖ ਨੈਸ਼ਨਲ ਸੈਂਟਰ ਅਤੇ ਹੋਰਨਾਂ ਗੁਰਦੁਆਰਾ ਸਾਹਿਬਾਨਾਂ ਦੇ ਤਨੋਂ ਮਨੋਂ ਅਤੇ ਧਨੋਂ ਸਹਿਯੋਗ ਨਾਲ ਹੀ ਸਫਲ ਹੋ ਸਕਿਆ ਹੈ।

# ਦਸਮੇਸ਼ ਦਰਬਾਰ ਸੈਕਰਾਮੈਂਟੋ ਗੁਰੂ ਘਰ ਵਿਖੇ ਮਨਾਇਆ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ




ਤਸਵੀਰਾਂ- ਸ਼ਿਆਰਾ ਸਿੰਘ ਢੀਂਡਸਾ
ਓਮਨੀ ਵੀਡੀਓ ਐਂਡ ਫੋਟੋਗ੍ਰਾਫੀ (661-703-6664)









**ਸੈਕਰਾਮੈਂਟੋ–** ਬੀਤੀ 26 ਨਵੰਬਰ ਨੂੰ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਅਤੇ ਜੁਝਾਰ ਸਿੰਘ ਗਿੱਲ ਅਤੇ ਸਮੁੱਚੇ ਪਰਿਵਾਰ ਨੇ ਗਦਰ ਪਾਰਟੀ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਆਪਣੇ ਸਪੁੱਤਰਾਂ ਪ੍ਰਮਪ੍ਰੀਤ ਬਿੰਦਰਾ ਅਤੇਗਗਨਦੀਪ ਬਿੰਦਰਾ ਅਤੇ ਡਾ. ਗੁਰਪ੍ਰੀਤ ਗਿੱਲ, ਹਰਪ੍ਰੀਤ ਗਿੱਲ ਦਾ ਜਨਮ ਦਿਨ ਦੇ ਤੌਰ 'ਤੇ ਮਨਾਇਆ। ਇੱਥੇ ਇਹ ਵਰਣਨਯੋਗ ਹੈ ਕਿ ਜਥੇਬੰਦੀ ਵੱਲੋਂ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ ਮਨਾਏ ਜਾਂਦੇ ਮੇਲੇ ਵਿਚ ਸਮੁੱਚਾ ਪਰਿਵਾਰ ਆਗੂ ਰੋਲ ਅਦਾ ਕਰਦਾ ਹੈ।

ਗੁਰਦੁਆਰਾ ਸਾਹਿਬ ਵਿਖੇ ਕੀਰਤਨੀ ਜਥੇ ਨੇ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਪ੍ਰਿੰ-ਸੀਪਲ ਗੁਰਬਚਨ ਸਿੰਘ ਜੀ ਨੇ ਗੁਰ ਇਤਿਹਾਸ ਦੀ ਕਥਾ ਕੀਤੀ ਅਤੇ ਸਮੁੱਚੇ ਪਰਿਵਾਰ ਨੂੰ ਇਸ ਤਰ੍ਹਾਂ ਗੁਰੂ ਘਰ ਵਿਚ ਜਨਮ ਦਿਨ ਮਨਾਉਣ ਦੀ ਵਧਾਈ ਦਿੱਤੀ। ਪੂਨਮ ਮਲਹੋਤਰਾ ਨੇ ਬੜੀ ਹੀ ਸੁਰੀਲੀ ਆਵਾਜ਼ ਵਿਚ ਇਕ ਸ਼ਬਦ ਦਾ ਗਾਇਨ ਕੀਤਾ।

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਨੇ ਆਈ ਸੰਗਤ, ਰਿਸ਼ਤੇਦਾਰਾਂ ਅਤੇ ਜਥੇਬੰਦੀ ਦੇ ਦੂਰੋਂ-ਨੇੜਿਉਂ ਚੱਲ ਕੇ ਆਏ ਸੱਜਣਾਂ-ਮਿੱਤਰਾਂ ਦਾ ਸਵਾਗਤ ਕਰਦਿਆਂ ਗਦਰ ਪਾਰਟੀ ਦੇ ਸੂਰਮਿਆਂ ਦੀਆਂ ਸ਼ਹਾਦਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਅਸੀਂ ਆਜ਼ਾਦ ਦੇਸ਼ ਤੋਂ ਆ ਕੇ ਇੱਥੇ ਵੱਸੇ ਹਾਂ ਤੇ ਇੱਥੋਂ ਦੀਆਂ ਸੁਖ-ਸੁਵਿਧਾਵਾਂ ਦਾ ਆਨੰਦ ਮਾਣ ਰਹੇ ਹਾਂ। ਇਹ ਉਹਨਾਂ ਦੀਆਂ ਕੁਰਬਾਨੀਆਂ ਦਾ ਹੀ ਨਤੀਜਾ ਹੈ।

ਗਿਆਨ ਸਿੰਘ ਬਿਲਗਾ ਨੇ ਜਿੱਥੇ ਕਰਤਾਰ ਸਿੰਘ ਸਰਾਭਾ ਦੇ ਜੀਵਨ 'ਤੇ ਚਾਨਣਾ ਪਾਇਆ, ਉਥੇ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦੀ ਲਈ ਉਹਨਾਂ ਦੀਆਂ ਸ਼ਹਾਦਤਾਂ ਕਰਕੇ ਉਠੀਆਂ ਹੋਰ ਲਹਿਰਾਂ ਦਾ ਜ਼ਿਕਰ ਕੀਤਾ ਤੇ ਪਰਿਵਾਰ ਨੂੰ ਜਨਮ ਦਿਨ ਦੇਸ਼ ਦੀ ਆਜ਼ਾਦੀ ਨਾਲ ਜੋੜ ਕੇ ਮਨਾਉਣ 'ਤੇ ਵਧਾਈ ਦਿੱਤੀ। ਸੈਕਰਾਮੈਂਟੋ ਐਲ ਗਰੋਵ ਦੇ ਮੇਅਰ ਸਟੀਵਲੀ ਨੇ ਆਜ਼ਾਦੀ ਲਈ ਲੜੇ ਗਦਰ ਪਾਰਟੀ ਦੇ ਸੂਰਮਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸ਼ਹੀਦਾਂ ਨੂੰ ਯਾਦ ਕਰਨਾ ਅਤੇ ਪਰਿਵਾਰਕ ਪ੍ਰੋਗਰਾਮਾਂ ਨਾਲ ਜੋੜਨਾ ਸੁਸਾਇਟੀ ਲਈ ਸ਼ੁਭ ਸ਼ਗਨ ਹੈ। ਇੱਥੇ ਵੱਸਦੀਆਂ ਹੋਰ ਕੌਮਾਂ ਤੁਹਾਡੇ ਨਾਲ ਹਨ, ਉਹਨਾਂ ਦਾ ਤੁਆਰਫ ਗਗਨਦੀਪ ਬਿੰਦਰਾ ਨੇ ਕਰਵਾਇਆ। ਪ੍ਰਮਪ੍ਰੀਤ ਐਡਵੋਕੇਟ ਨੇ ਮੇਅਰ ਦਾ ਧੰਨਵਾਦ ਕੀਤਾ। ਸ. ਸਮਿੱਤਰ ਸਿੰਘ ਉਪਲ ਜਥੇਬੰਦੀ ਦੇ ਡਾਇਰੈਕਟਰ ਬਿਮਾਰ ਹੋਣ ਕਾਰਨ ਹਾਜ਼ਰ ਨਾ ਹੋ ਸਕੇ। ਉਹਨਾ ਪਰਿਵਾਰ ਨੂੰ ਸ਼ੁਭ ਇੱਛਾਵਾਂ ਵਾਲਾ ਸੁਨੇਹਾ ਭੇਜਿਆ। ਕਸ਼ਮੀਰ ਸਿੰਘ ਕਾਗਣਾ ਡਾਇਰੈਕਟਰ ਇੰਡੋ-ਅਮਰੀਕਨ ਆਰਗੇਨਾਈਜੇਸ਼ਨ ਨੇ ਜਿੱਥੇ ਗਦਰ ਅਖਬਾਰ ਦੇ ਛਪਣ 'ਤੇ ਉਸ ਦੀ ਆਜ਼ਾਦੀ ਲਈ ਤੇ ਘੋਲ ਲਈ ਮਹੱਤਤਾ ਦਾ ਜ਼ਿਕਰ ਕੀਤਾ, ਉਥੇ ਸਮੁੱਚੇ ਹਾਜ਼ਰ ਜਥੇਬੰਦੀ ਦੇ ਵਰਕਰਾਂ ਦਾ ਧੰਨਵਾਦ ਕੀਤਾ। ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਸ਼ਹੀਦਾਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਸ੍ਰੀ ਜਸਕਰਨ ਸਿੰਘ, ਬੀਬੀ ਰਵਨੀਤ ਕੌਰ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 27 ਨਵੰਬਰ ਦਿਨ ਸ਼ਨਿਚਰਵਾਰ ਨੂੰ ਸ੍ਰੀ ਜਸਕਰਨ ਸਿੰਘ, ਬੀਬੀ ਰਵਨੀਤ ਕੌਰ ਪਰਿਵਾਰ ਵੱਲੋਂ ਆਪਣੇ ਪਰਿਵਾਰ ਦੀ ਸੁੱਖ ਸ਼ਾਂਤੀ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਜਿਸ ਵਿਚ ਗੁਰੂ ਘਰ ਵਿਖੇ ਸ਼ਨਿਚਰਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਆਰੰਭ ਕੀਤੇ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਜਸਕਰਨ ਸਿੰਘ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



# ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਉਤਸਵ 4 ਦਸੰਬਰ ਨੂੰ ਮਨਾਇਆ ਜਾਵੇਗਾ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 2 ਤੋਂ 4 ਦਸੰਬਰ ਤੱਕ ਸਤਿਗੁਰੂ ਨਾਮਦੇਵ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ, ਇਸ ਸਬੰਧਤ 2 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 4 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਜਿਸ ਵਿਚ ਪੰਥ ਪ੍ਰਸਿੱਧ ਕਥਾ ਵਾਚਕ ਅਤੇ ਕੀਰਤਨੀਏ ਗੁਰਬਾਣੀ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਪਰਿਵਾਰ ਨੇ ਸੇਵਾ ਲੈਣੀ ਹੋਵੇ, ਉਹ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ।

# ਮਹਿਬੂਬ ਆਗੂ ਕਾਸਤਰੋ ਦੀ ਮੌਤ ਦੇ ਗ਼ਮ ਵਿੱਚ ਡੁੱਬਿਆ ਕਿਊਬਾ

**ਹਵਾਨਾ (ਬਿਊਰੋ)–** ਕਿਊਬਾ ਉਤੇ ਤਕਰੀਬਨ ਅੱਧੀ ਸਦੀ ਤੱਕ ਸ਼ਾਸਨ ਕਰਨ ਵਾਲੇ ਇਨਕਲਾਬੀ ਆਗੂ ਫੀਦਲ ਕਾਸਤਰੋ ਨੂੰ ਸ਼ਰਧਾਂਜਲੀ ਦੇਣ ਲਈ ਰੈਵੋਲਿਊਸ਼ਨ ਸਕੁਏਅਰ ਵਿੱਚ ਤਿਆਰੀਆਂ ਸ਼ੁਰੂ ਹੋ ਗਈਆਂ। ਇਸ ਸਕੁਏਅਰ ਵਿੱਚ ਮਰਹੂਮ ਇਨਕਲਾਬੀਆਂ ਦੀਆਂ ਤਸਵੀਰਾਂ ਵਿਚਕਾਰ ਕਾਸਤਰੋ ਦੀ ਨੌਂ ਮੰਜ਼ਿਲ ਉੱਚੀ ਤਸਵੀਰ ਲਾਈ ਗਈ, ਜੋ ਇਨਕਲਾਬ ਨੂੰ ਸਮਰਪਿਤ ਹਵਾਨਾ ਦੇ ਇਸ ਚੌਕ ਉਪਰੋਂ ਦਿਸਦੀ ਹੈ।



ਕੈਮਰੇ ਤੋਂ ਦੂਰ ਰਹਿਣ ਵਾਲੇ ਤੇ ਘੱਟ ਚਰਚਿਤ ਕਾਸਤਰੋ ਦੇ ਜਾਨਸ਼ੀਨ ਅਤੇ ਛੋਟੇ ਭਰਾ ਰਾਊਲ ਦੀ 10 ਸਾਲਾਂ ਦੀ ਅਗਵਾਈ ਮਗਰੋਂ ਕਿਊਬਾ ਇਕ ਵਾਰ ਫਿਰ ਆਪਣੇ ਉਸ ਮਹਿਬੂਬ ਆਗੂ ਦੇ ਸ਼ਬਦਾਂ ਤੇ ਤਸਵੀਰਾਂ ਨਾਲ ਜੁੜ ਗਿਆ ਹੈ, ਜੋ ਲੋਕਾਂ ਦੇ ਜੀਵਨ 'ਤੇ ਛਾਇਆ ਰਿਹਾ। ਸ਼ੁੱਕਰਵਾਰ ਰਾਤ ਨੂੰ ਉਨ੍ਹਾਂ ਦੀ ਮੌਤ ਤੋਂ ਬਾਅਦ ਸਰਕਾਰੀ ਅਖ਼ਬਾਰਾਂ, ਟੈਲੀਵਿਜ਼ਨ ਅਤੇ ਰੇਡੀਓ ਉਤੇ ਲਗਾਤਾਰ ਫੀਦਲ ਕਾਸਤਰੋ ਦੇ ਭਾਸ਼ਣ, ਇੰਟਰਵਿਊ ਤੇ ਵਿਦੇਸ਼ੀ ਦੌਰਿਆਂ ਦਾ ਪ੍ਰਸਾਰਨ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਜਾ ਰਹੀ ਹੈ। ਸਰਕਾਰੀ ਟੈਲੀਵਿਜ਼ਨ ਚੈਨਲ ਉਤੇ ਕੱਲ੍ਹ ਕੌਮੀ ਅਸੈਂਬਲੀ ਦੇ ਸਾਬਕਾ ਪ੍ਰਧਾਨ ਰਿਕਾਰਡੋ ਅਲਰਕੋਨ ਨੇ ਕਿਹਾ ਕਿ ਦੇਸ਼ ਵਿੱਚ ਸੱਚਮੁੱਚ ਸੋਗ ਦੀ ਭਾਵਨਾ ਹੈ, ਜੋ ਨਾ ਰਸਮੀ ਹੈ, ਨਾ ਦਿਖਾਵਟੀ ਅਤੇ ਨਾ ਓਪਰੀ ਹੈ, ਸਗੋਂ ਲੋਕ ਅੰਦਰੋਂ ਦੁਖੀ ਹਨ। ਕਾਸਤਰੋ ਦੀ ਮੌਤ ਉਤੇ ਨੌਂ ਦਿਨਾਂ ਦੇ ਸਰਕਾਰੀ ਸੋਗ ਦੌਰਾਨ ਵੱਡੀ ਗਿਣਤੀ ਆਮ ਲੋਕ ਘਰਾਂ ਵਿੱਚ ਹੀ ਰਹਿਣਗੇ। ਸੰਗੀਤ ਤੇ ਜਸ਼ਨਾਂ ਦੀ ਮਨਾਹੀ ਕਾਰਨ ਗਲੀਆਂ ਵਿੱਚ ਖ਼ਾਮੋਸ਼ੀ ਹੈ। ਮੰਨਿਆ ਜਾ ਰਿਹਾ ਹੈ ਕਿ ਸੋਮਵਾਰ ਸਵੇਰੇ 9 ਵਜੇ ਜਦੋਂ ਰਾਜਧਾਨੀ ਤੇ ਪੂਰਬੀ ਸ਼ਹਿਰ ਸਾਂਤਿਆਗੋ ਵਿੱਚ ਫੀਦਲ ਕਾਸਤਰੋ ਨੂੰ ਇਕੋ ਵੇਲੇ 21 ਤੋਪਾਂ ਦੀ ਸਲਾਮੀ ਦਿੱਤੀ ਜਾਵੇਗੀ ਤਾਂ ਹਜ਼ਾਰਾਂ ਲੋਕ ਗਲੀਆਂ ਵਿੱਚ ਨਿਕਲ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ। ਕਾਸਤਰੋ ਨੇ 1953 ਵਿੱਚ ਸਾਂਤਿਆਗੋ ਤੋਂ ਹੀ ਇਨਕਲਾਬ ਦੀ ਸ਼ੁਰੂਆਤ ਕੀਤੀ ਸੀ।

# ਬੇਨਾਮੀ ਲੈਣ-ਦੇਣ ਨਾਲ ਸਿੱਝਣ ਲਈ ਸਖ਼ਤ ਕਾਨੂੰਨ ਛੇਤੀ: ਮੋਦੀ

**ਨਵੀਂ ਦਿੱਲੀ–** ਜਨ ਧਨ ਖਾਤਿਆਂ ਵਿੱਚ ਜਮ੍ਹਾਂ ਰਾਸ਼ੀ ਵਿੱਚ ਆਏ ਉਛਾਲ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੱਤੀ ਜੋ ਆਪਣਾ ਕਾਲਾ ਧਨ ਖਪਾਉਣ ਲਈ ਗਰੀਬਾਂ ਦੇ ਖਾਤੇ ਵਰਤ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੈਣ-ਦੇਣ ਵਿਰੁੱਧ ਸਖ਼ਤ ਕਾਨੂੰਨ ਲਾਗੂ ਹੋਵੇਗਾ। ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਲੈਣ-ਦੇਣ ਲਈ ਨਕਦੀ ਰਹਿਤ ਪ੍ਰਣਾਲੀ ਅਪਨਾਉਣ ਦੀ ਅਪੀਲ ਕੀਤੀ ਅਤੇ ਨੌਜਵਾਨਾਂ ਨੂੰ ਇਸ ਬਾਰੇ ਬਜ਼ੁਰਗਾਂ ਤੇ ਅਨਪੜ੍ਹਾਂ ਨੂੰ ਸਿਖਾਉਣ ਲਈ ਕਿਹਾ। ਨੋਟਬੰਦੀ ਦੇ ਫੈਸਲੇ ਮਗਰੋਂ ਆਪਣੇ ਪਹਿਲੇ ਮਹੀਨਾਵਾਰ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਵਿੱਚ ਸ੍ਰੀ ਮੋਦੀ ਨੇ ਆਪਣੇ 37 ਮਿੰਟ ਦੇ ਪ੍ਰਸਾਰਨ ਦਾ ਵੱਡਾ ਹਿੱਸਾ ਇਸ ਮੁੱਦੇ ਦੇ ਲੇਖੇ ਲਾਇਆ। ਉਨ੍ਹਾਂ ਕਸ਼ਮੀਰ ਦੇ ਹਾਲਾਤ ਦਾ ਵੀ ਜ਼ਿਕਰ ਕੀਤਾ ਅਤੇ ਹਾਲ ਹੀ ਵਿੱਚ ਉਥੇ ਹੋਈਆਂ ਬੋਰਡ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੀ ਵੱਡੀ ਗਿਣਤੀ ਵਿੱਚ ਹਾਜ਼ਰੀ ਦੀ ਖ਼ਾਸ ਤੌਰ 'ਤੇ ਸ਼ਲਾਘਾ ਕੀਤੀ।

ਨੋਟਬੰਦੀ ਉਤੇ ਧਿਆਨ ਕੇਂਦਰਤ ਰੱਖਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਹਾਲੇ ਵੀ ਕੁਝ ਲੋਕ ਸਮਝਦੇ ਹਨ ਕਿ ਭ੍ਰਿਸ਼ਟਾਚਾਰ ਜਾਂ ਬਿਨਾਂ ਲੇਖੇ-ਜੋਖੇ ਵਾਲਾ ਪੈਸਾ ਦੁਬਾਰਾ ਸਿਸਟਮ ਵਿੱਚ ਆਏਗਾ। ਉਨ੍ਹਾਂ ਕਿਹਾ ਕਿ ਮੰਦੇਭਾਗੀਂ ਅਜਿਹੇ ਲੋਕ ਗਰੀਬਾਂ ਨੂੰ ਲਾਲਚ ਦੇ ਕੇ ਉਨ੍ਹਾਂ ਦੇ ਖਾਤਿਆਂ ਵਿੱਚ ਆਪਣਾ ਪੈਸਾ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ 'ਬੇਨਾਮੀ' ਲੈਣ-ਦੇਣ ਨਾਲ ਸਿੱਝਣ ਲਈ ਸਖ਼ਤ ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ। ਸ੍ਰੀ ਮੋਦੀ ਨੇ ਕਿਹਾ ਕਿ ''ਮੈਂ ਅਜਿਹੇ ਬੇਇਮਾਨਾਂ ਨੂੰ ਕਹਿੰਦਾ ਹਾਂ ਕਿ ਸੁਧਰਨਾ ਜਾਂ ਨਾ ਸੁਧਰਨਾ ਉਨ੍ਹਾਂ ਦੀ ਆਪਣੀ ਮਰਜ਼ੀ ਹੈ। ਕਾਨੂੰਨ ਉਤੇ ਚੱਲਣਾ ਜਾਂ ਨਾ ਚੱਲਣਾ ਉਨ੍ਹਾਂ ਦੀ ਮਰਜ਼ੀ ਹੈ ਪਰ ਕਾਨੂੰਨ ਉਨ੍ਹਾਂ ਨਾਲ ਜ਼ਰੂਰ ਨਜਿੱਠੇਗਾ।'' ਉਨ੍ਹਾਂ ਕਿਹਾ ਕਿ ਕਿਰਪਾ ਕਰ ਕੇ ਗਰੀਬਾਂ ਦੇ ਜੀਵਨ ਨਾਲ ਨਾ ਖੇਡੋ। ਅਜਿਹੀ ਕੋਈ ਕਾਰਵਾਈ ਨਾ ਕਰੋ, ਜਿਸ ਨਾਲ ਜਾਂਚ ਦੌਰਾਨ ਗਰੀਬਾਂ ਦਾ ਨਾਂ ਰਿਕਾਰਡ ਵਿੱਚ ਆਏ ਅਤੇ ਤੁਹਾਡੇ ਕਾਰਨ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਕਈ ਲੋਕ ਹਾਲੇ ਵੀ ਆਪਣੇ ਤਰੀਕਿਆਂ ਤੋਂ ਬਾਜ਼ ਨਹੀਂ ਆ ਰਹੇ।

# ਰਾਸ਼ਟਰਪਤੀ (ਚੁਣੇ) ਡੋਨਾਲਡ ਟਰੰਪ ਨੇ ਇਕ ਹੋਰ ਦੂਜੀ ਭਾਰਤੀ-ਅਮਰੀਕੀ ਸੀਮਾ ਵਰਮਾ ਨੂੰ ਸਿਹਤ ਸੇਵਾਵਾਂ ਲਈ ਚੁਣਿਆ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਚੁਣੇ ਡੋਨਾਲਡ ਟਰੰਪ ਵੱਲੋਂ ਇਕ ਹੋਰ ਦੂਜੀ ਭਾਰਤੀ ਅਮਰੀਕੀ ਸੀਮਾ ਵਰਮਾ ਨੂੰ ਚੁਣਿਆ, ਜੋ ਉਸ ਦੇ ਪ੍ਰਸ਼ਾਸਨ ਵਿਚ ਇਕ ਉੱਚ ਪੱਧਰ ਦੀ ਅਹੁਦੇਦਾਰੀ ਲਈ ਤੇ ਇਕ ਪ੍ਰਮੁੱਖ ਦੇ ਸਥਾਨ 'ਤੇ ਹੋਵੇਗੀ। ਵਰਮਾ ਨੇ ਉਪ ਪ੍ਰਧਾਨ ਚੁਣੇ ਮਾਰਗ ਪਿੰਸ ਨਾਲ ਸਿਹਤ ਸੇਵਾਵਾਂ 'ਤੇ ਇੰਡੀਆਨਾ ਵਿਚ ਪਹਿਲਾਂ ਮਿਲ ਕੇ ਕੰਮ ਕੀਤਾ ਹੈ। ਉਹ ਰਿਪਬਲਿਕਨ-ਦੋਸਤਾਨਾ ਸਿਹਤ ਪ੍ਰੋਗਰਾਮ ਨੂੰ ਨਵਾਂ ਰੂਪ ਦੇਣ ਦੇ ਸਮਰੱਥ ਹੈ ਤੇ ਜੋ ਅੱਜਕਲ੍ਹ ਰਾਸ਼ਟਰਪਤੀ ਬਰਾਕ ਉਬਾਮਾ ਦੇ ਸਿਹਤ ਸੰਭਾਲ ਪ੍ਰੋਗਰਾਮ, ਜੋ ਉਬਾਮਾ ਕੇਅਰ ਦੇ ਤੌਰ ਤੇ ਜਾਣਿਆ ਜਾਂਦਾ ਹੈ, ਨੂੰ ਖਤਮ ਕਰਨ ਜਾਂ ਕੁਝ ਬਿਹਤਰੀ ਲਈ ਇਸ ਨੂੰ ਬਦਲਣ ਲਈ ਟਰੰਪ ਦੀ ਚੋਣ ਮੁਹਿੰਮ 'ਚ ਕੀਤੇ ਵਾਅਦੇ ਨੂੰ ਪੂਰਾ ਕਰਨ ਵਿਚ ਅਹਿਮ ਰੋਲ ਅਦਾ ਕਰਨਗੇ। ਪਿਛਲੇ ਹਫਤੇ ਟਰੰਪ ਨੇ ਐਲਾਨ ਕੀਤਾ ਸੀ ਕਿ ਸਾਊਥ ਕੈਰੋਲੀਨਾ ਦੀ ਗਵਰਨਰ ਨਿੱਕੀ ਹੇਲੀ, ਜਿਸਦਾ ਪਿਛੋਕੜ ਪੰਜਾਬੀ ਭਾਰਤੀ ਹੈ, ਸੰਯੁਕਤ ਰਾਸ਼ਟਰ ਲਈ ਯੂਨਾਈਟਿਡ ਸਟੇਟਸ ਦੀ ਰਾਜਦੂਤ ਹੋਵੇਗੀ, ਜੋ ਇਕ ਕੈਬਨਿਟ ਪੱਧਰ ਦੀ ਪੋਸਟ ਹੈ ਪਰ ਵਰਮਾ ਦਾ ਕੰਮ ਭਾਵੇਂ ਕੈਬਨਿਟ ਦਰਜੇ ਦਾ ਨਹੀਂ ਹੈ ਪਰ ਇਸ ਨੂੰ ਬਹੁਤ ਸਿਆਸੀ ਮਹੱਤਤਾ ਹੈ।

ਵਰਣਨਯੋਗ ਹੈ ਕਿ ਉਬਾਮਾ ਦੁਆਰਾ ਲਿਆਂਦਾ ਸਿਹਤ ਪ੍ਰੋਗਰਾਮ ਜੋ ਕਿ ਕਿਫਾਇਤੀ ਸਿਹਤ ਬੀਮਾ ਸਭ ਨੂੰ ਉ-ਪਲਬਧ ਕਰਨ ਲਈ ਕੋਸ਼ਿਸ਼ ਕਰਦਾ ਹੈ, ਨੂੰ ਖਤਮ ਕਰਨ ਲਈ ਜਾਂ ਨਵੇਂ ਢੰਗ ਨਾਲ ਲਿਆਉਣ ਦੀ ਨਵੇਂ ਚੁਣੇ ਰਾਸ਼ਟਰਪਤੀ ਸ੍ਰੀ ਟਰੰਪ ਦੀ ਯੋਜਨਾ ਹੈ।

ਵਰਮਾ ਦੀ ਨਿਯੁਕਤੀ ਦਾ ਅਜੇ ਲੋੜ੍ਹਾ, ਜੋ ਕਿ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਐਸੋਸੀਏਸ਼ਨ ਦੇ ਪ੍ਰਧਾਨ ਹਨ, ਨੇ ਸਵਾਗਤ ਕੀਤਾ ਹੈ।

ਉਹਨਾਂ ਕਿਹਾ ਕਿ ਉਹ ਭਾਰਤੀ ਭਾਈਚਾਰੇ 'ਚੋਂ ਟਰੰਪ ਵੱਲੋਂ ਕੀਤੀ ਇਸ ਉਚ ਪੱਧਰ ਦੀ ਨਿਯੁਕਤੀ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਨ।

ਵਰਣਨਯੋਗ ਹੈ ਕਿ ਅਮਰੀਕਾ ਵਿਚ ਭਾਰਤੀ ਮੂਲ ਦੇ ਕਰੀਬ 60 ਹਜ਼ਾਰ ਡਾਕਟਰ ਹਨ, ਉਹ ਸਿਹਤ ਸੁਧਾਰ ਲਈ ਇਕ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ।

# ਜੀਤ ਜਗਜੀਤ ਦਾ ਫਰਿਜ਼ਨੋ ਵਿਖੇ ਸਨਮਾਨ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਮੁੱਛ, ਮਸ਼ੂਕ, ਹਥਿਆਰਾ, ਨਸ਼ੇ ਅਤੇ ਕਾਰਾਂ-ਜੀਪਾਂ ਦੀਆਂ ਮਸ਼ਹੂਰੀਆਂ ਕਰਨ ਵਾਲੇ ਕੱਚ-ਘਰੜ ਗੀਤਾਂ ਤੋਂ ਹਟਕੇ ਸਾਫ਼-ਸੁਥਰੇ ਅਤੇ ਸੱਭਿਆਚਾਰਕ ਗੀਤਾਂ ਦਾ ਵਣਜਾਰਾ ਜੀਤ ਜਗਜੀਤ ਅੱਜਕੱਲ ਆਪਣੀ ਪੂਰੀ ਟੀਮ ਸਮੇਤ ਅਮਰੀਕਾ ਟੂਰ ਤੇ ਆਇਆ ਹੋਇਆ ਹੈ।

ਇਥੇ ਅਮਰੀਕਾ ਦੇ ਵੱਖੋ ਵੱਖ ਸ਼ਹਿਰਾਂ ਵਿੱਚ ਉਹਨਾਂ ਦੇ ਸਫ਼ਲ ਸ਼ੋਅ ਵੀ ਹੋਏ ਹਨ। ਇਸੇ ਕੜੀ ਤਹਿਤ ਪੰਜਾਬੀ ਮਾਂ ਬੋਲੀ, ਪੰਜਾਬੀ ਸੰਗੀਤ ਨੂੰ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਪ੍ਰਣਾਏ ਗੀਤਾ ਰਾਂਹੀ ਸਾਡੇ ਵਿਰਸੇ ਨੂੰ ਪ੍ਰਮੋਟ ਲਈ ਫਰਿਜ਼ਨੋ ਵਿਖੇ ਵਿਸਟਰਨ ਟਰੱਕ ਐਂਡ ਟਰੇਲਰ ਸ਼ਾਪ ਅਤੇ ਗਿੱਲ ਟਰੱਕਿੰਗ ਵੱਲੋਂ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਅਯੋਜਤ ਖੁਲ੍ਹੇ ਅਖਾੜੇ ਦੀ ਸੁਰੂਆਤ ਸੰਗੀਤਕਾਰ ਪੱਪੀ ਭਦੌੜ ਨੇ ਧਾਰਮਿਕ ਗੀਤ ਨਾਲ ਕੀਤੀ। ਉਪਰੰਤ ਜਗਜੀਤ ਨੇ ਸਾਰਗੀ ਦੇ ਸੁਰਾਂ ਨਾਲ ਪੰਜਾਬੀ ਗਾਇਕੀ ਦੀ ਵਿਲੱਖਣ ਪੇਸ਼ਕਾਰੀ ਕਰਦਿੰਆਂ ਖੂਬ ਰੰਗ ਬੰਨਿਆਂ।

ਸੱਭਿਆਚਾਰਿਕ ਰੰਗ ਵਿੱਚ ਗੜੁਚ ਇਸ ਅਖਾੜੇ ਦੌਰਾਨ ਪੰਜਾਬੀਆਂ ਨੇ ਨੱਚ ਨੱਚ ਅੰਬਰੀ ਧੂੜ ਚਾੜ ਦਿੱਤੀ। ਪ੍ਰਬੰਧਕਾਂ ਵਲੋਂ ਸਮੂਹ ਸਪਾਂਸਰ ਵੀਰਾ ਦਾ ਸ਼ੁਕਰੀਆ ਅਦਾ ਕੀਤਾ ਗਿਆ। ਸਟੇਜ ਸੰਚਾਲਨ ਉੱਘੇ ਕਾਲਮ-ਨਵੀਸ ਜਗਤਾਰ ਗਿੱਲ ਨੇ ਕੀਤਾ। ਇਸ ਪ੍ਰੋਗ੍ਰਾਮ ਨੂੰ ਸਫ਼ਲ ਬਣਾਉਣ ਦਾ ਸਿਹਰਾ ਜੰਗੀਰ ਗਿੱਲ ਐਂਡ ਸੰਨਜ, ਮਿੱਟੂ ਉਪਲੀ ਅਤੇ ਭਿੰਦੇ ਸਿਰ ਜਾਂਦਾ ਹੈ। ਅਖੀਰ ਨੂੰ ਰਾਤਰੀ ਦੇ ਭੋਜਨ ਨਾਲ ਖੁਸ਼ੀਆਂ ਬਿਖੇਰਦਾ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ।

# ਪ੍ਰੋ. ਬੋਲੀਨਾ ਦਾ ਚੋਣ ਅਖਾੜੇ ਵਿੱਚ ਨਿਤਰਨਾ ਸਮੇਂ ਦੀ ਲੋੜ- ਐਨ ਆਰ ਆਈਜ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਵਿਦੇਸ਼ਾਂ ਵਿਸ਼ੇਸ ਕਰਕੇ ਅਮਰੀਕਾ ਕਨੇਡਾ ਅਤੇ ਇੰਗਲੈਂਡ ਵਿੱਚ ਪ੍ਰੋ. ਹਰਬੰਸ ਸਿੰਘ ਬੋਲੀਨਾ, ਜਿਹੜੇ ਆਪਣੇ ਅਧਿਆਪਨ ਕਿੱਤੇ 'ਚ ਇੱਕ ਕਰਮਯੋਗੀ ਦੀ ਤਰ੍ਹਾਂ ਨਿਭਾਉਂਦਿਆਂ ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਲਈ ਇੱਕ ਮਿਸਾਲ ਬਣੇ ਦੇ ਸਮੂਹ ਵਿਦਿਆਰਥੀਆਂ ਅਤੇ ਸ਼ੁਭ ਚਿੰਤਕਾਂ ਨੇ ਉਨ੍ਹਾਂ ਦੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਨਿਤਰਨ ਦੀ ਪੁਰਜ਼ੋਰ ਅਪੀਲ ਅਤੇ ਬੇਨਤੀ ਕੀਤੀ ਹੈ, ਇਸ ਸਬੰਧੀ ਤਿੰਨਾਂ ਦੇਸ਼ਾਂ ਦੀ ਨੁਮ-ਾਇੰਦਾ ਕਮੇਟੀ ਜਿਨਾਂ 'ਚ ਹਰਜਿੰਦਰ ਸਿੰਘ ਬੋਲੀਨਾ, ਰਣਧੀਰ ਸਿੰਘ ਧੀਰਾ ਨਿੱਝਰ, ਜੰਗ ਬਹਾਦਰ ਸਿੰਘ, ਜਗਮੋਹਨ ਸਿੰਘ, ਪਰਮਜੀਤ ਸਿੰਘ ਬੋਲੀਨਾ, ਕਰਮਜੀਤ ਸਿੰਘ ਜੌਹਲ, ਇੰਦਰਜੀਤ ਸਿੰਘ ਸੰਘਾ, ਬਲਵੰਤ ਕੌਰ, ਕੁਲਵਿੰਦਰ ਸਿੰਘ ਅਤੇ ਜਸਵੀਰ ਕੌਰ ਆਦਿ ਨੇ ਆਪਣੇ ਵਿਚਾਰ ਵਿਆਕਤ ਕਰਦਿਆਂ ਕਿਹਾ ਕਿ ਮੌਜੂਦਾ ਹਲਾਤਾਂ ਵਿੱਚ, ਸਾਫ ਸੁਥਰੇ ਪੰਥਕ ਅਕਸ ਅਤੇ ਰਾਜਨੀਤਿਕ ਵਿਰਾਸਤ ਵਾਲੇ ਪ੍ਰੋ. ਬੋਲੀਨਾ ਦਾ ਚੋਣ ਮੈਦਾਨ ਵਿੱਚ ਨਿਤਰਨਾ ਸਮੇਂ ਦੀ ਲੋੜ ਹੈ। ਜਿਨ੍ਹਾਂ ਨੇ ਕਦੇ ਵੀ ਰਾਜਨੀਤਿਕ ਪਹੁੰਚ ਦੇ ਬਾਵਜੂਦ ਕੋਈ ਵੀ ਲਾਭ ਵਾਲਾ ਅਹੁਦਾ ਨਹੀਂ ਲਿਆ ਸਗੋਂ ਸ਼੍ਰੋਮਣੀ ਕਮੇਟੀ ਵਿੱਚ ਬਿਨਾਂ ਕਿਸੇ ਤਨਖਾਹ ਅਤੇ ਆਨਰੇਰੀਅਮ ਦੇ ਵੱਖੋ ਵੱਖ ਵਕਾਰੀ ਅਹੁਦਿਆ ਤੇ ਰਹਿ ਕੇ ਸੇਵਾਵਾਂ ਨਿਭਾਈਆਂ ਜਿਨ੍ਹਾਂ ਦਾ ਬਦਲ ਲੱਭਣਾ ਮੁਸ਼ਕਿਲ ਹੈ। ਇਸ ਤੋਂ ਵੀ ਵੱਧ ਸੈਂਕੜੇ ਵਿਦਿਆਰਥੀਆਂ ਦੀ ਮਾਇਕ ਸਹਾਇਤਾ ਕਰਕੇ ਉਨ੍ਹਾਂ ਨੂੰ ਬੁਲੰਦੀਆਂ ਤੇ ਪਹੁੰਚਾਇਆ। ਅਜਿਹੇ ਵਿਅਕਤੀਆਂ ਦੇ ਅੱਗੇ ਆਉਣ ਨਾਲ, ਪੰਜਾਬ ਦੀਆਂ ਦਰਪੇਸ਼ ਸਮੱਸਿਆਵਾਂ ਦੇ ਹੱਲ ਦੀ ਸੰਭਾਵਨਾ ਵਧੇਗੀ। ਜੇ ਪ੍ਰੋ. ਬੋਲੀਨਾ ਵਿਦੇਸ਼ਾਂ ਵਿੱਚ ਬੈਠੇ ਆਪਣੇ ਵਿਦਿਆਰਥੀਆਂ ਅਤੇ ਸ਼ੁਭਚਿੰਤਕਾਂ ਦੀ ਬੇਨਤੀ ਪ੍ਰਵਾਨ ਕਰਦੇ ਹਨ ਤਾਂ ਉਹ ਉਨ੍ਹਾਂ ਦਾ ਤਨ ਮਨ ਅਤੇ ਧਨ ਨਾਲ ਸਾਥ ਨਿਭਾਉਣਗੇ।



# ਬ੍ਰਾਜ਼ੀਲ ਦੇ ਫੁੱਟਬਾਲ ਖਿਡਾਰੀਆਂ ਨੂੰ ਲੈ ਕੇ ਜਾ ਰਿਹਾ ਜਹਾਜ਼ ਹਾਦਸਾਗ੍ਰਸਤ-76 ਮੌਤਾਂ

**ਕੋਲੰਬੀਆ–** ਬ੍ਰਾਜ਼ੀਲ ਫੁੱਟਬਾਲ ਖਿਡਾਰੀਆਂ ਸਮੇਤ 81 ਯਾਤਰੀਆਂ ਨੂੰ ਲੈ ਕੇ ਜਾ ਰਿਹਾ ਇਕ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ 'ਚ 76 ਲੋਕਾਂ ਦੇ ਮਾਰੇ ਜਾਣ ਦਾ ਸਮਾਚਾਰ ਹੈ। ਇਹ ਜਹਾਜ਼ ਬੋਲੀਵੀਆ ਤੋਂ ਕੋਲੰਬੀਆ ਆ ਰਿਹਾ ਸੀ। ਇਹ ਹਾਦਸਾ ਕੋਲੰਬੀਆ ਦੇ ਮੈਡਲੀਨ ਸ਼ਹਿਰ 'ਚ ਹੋਇਆ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਹਾਦਸੇ ਦੌਰਾਨ ਜਹਾਜ਼ ਦੇ ਅੰਦਰ ਕੁੱਲ 9 ਕਰੂ ਮੈਂਬਰ ਵੀ ਸਨ। ਡੇਲੀ ਮੇਲ ਦੀ ਰਿਪੋਰਟ ਦੇ ਮੁਤਾਬਿਕ ਜਹਾਜ਼ 'ਚ ਸਵਾਰ 81 ਲੋਕਾਂ 'ਚੋਂ ਸਿਰਫ 5 ਲੋਕ ਹੀ ਬਚ ਸਕੇ ਹਨ। ਹਾਦਸੇ ਦਾ ਕਾਰਨ ਜਹਾਜ਼ ਦਾ ਫਿਊਲ ਖ਼ਤਮ ਹੋਣਾ ਦੱਸਿਆ ਗਿਆ ਹੈ, ਕੁਝ ਰਿਪੋਰਟਾਂ 'ਚ ਹਾਦਸੇ ਦੀ ਵਜ੍ਹਾ ਇਲੈਕਟ੍ਰੀਕਲ ਸਮੱਸਿਆ ਦੱਸੀ ਜਾ ਰਹੀ ਹੈ।

ਇਸ ਹਾਦਸੇ 'ਚ ਐਲਨ ਰਿਸਚੇਲ ਜ਼ਿੰਦਾ ਬਚੇ ਲੋਕਾਂ 'ਚ ਸ਼ਾਮਿਲ ਹਨ। ਉਸ ਦਾ ਨਜ਼ਦੀਕੀ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ।

ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਰਿਸਚੇਲ ਸਦਮੇ 'ਚ ਹਨ ਪਰ ਹੋਸ਼ 'ਚ ਸਨ ਅਤੇ ਗੱਲਬਾਤ ਕਰ ਰਹੇ ਸਨ। ਜ਼ਿੰਦਾ ਬਚਣ ਵਾਲਿਆਂ 'ਚ ਗੋਲਕੀਪਰ ਮੈਕਰੋਸ ਡੇਨਿਲੋ , ਜੈਕਸਨ ਫੋਲਮਨ ਅਤੇ ਉਨ੍ਹਾਂ ਦੇ ਮਨੋਵਿਗਿਆਨੀ ਰਫੇਲ ਗੋਬਾਟੋ ਵੀ ਹਨ। ਜ਼ਿਕਰਯੋਗ ਹੈ ਕਿ ਬ੍ਰਾਜ਼ੀਲ ਦੀ ਫਸਟਰੋ ਡਿਵੀਜਨ ਫੁੱਟਬਾਲ ਟੀਮ 'ਚਾਪੇਕੋਇੰਸ' ਦੇ ਖਿਡਾਰੀ ਸਨ।

# 'ਨਿਰਵਾਣੁ ਕਟੀਆ' ਵਿਖੇ 'ਸੰਵਿਧਾਨ ਦਿਵਸ' ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਆਯੋਜਿਤ

**ਹੁਸ਼ਿਆਰਪੁਰ (ਦਲਜੀਤ ਅਜਨੋਹਾ)–** ਰਾਮਾਬਾਈ ਅੰਬੇਡਕਰ ਇਸਤਰੀ ਜਾਗ੍ਰਿਤੀ ਮੰਚ, ਡਾ.ਅੰਬੇਡਕਰ ਮਿਸ਼ਨ ਪ੍ਰਚਾਰ ਸੁਸਾਇਟੀ ਵੱਲੋਂ ਅੱਜ ਖਾਨਪੁਰ ਰੋਡ ਮਾਹਿਲਪੁਰ ਵਿਖੇ ਸਥਿਤ ਨਿਰਵਾਣੁ ਕੁਟੀਆ ਵਿਖੇ 'ਸੰਵਿਧਾਨ ਦਿਵਸ' 'ਤੇ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਸਭ ਤੋਂ ਪਹਿਲਾਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਅੱਗੇ ਪ੍ਰਣਾਮ ਕੀਤਾ ਗਿਆ। ਇਸ ਮੌਕੇ ਮੰਚ ਦੀ ਪ੍ਰਧਾਨ ਨਿਰਮਲ ਕੌਰ ਬੱਧਣ, ਸੁਸਾਇਟੀ ਦੇ ਪ੍ਰਧਾਨ ਮਾਸਟਰ ਜੈ ਰਾਮ ਬਾੜੀਆਂ, ਪ੍ਰਿੰ. ਐੱਮ.ਐੱਸ.ਪ੍ਰਮਾਰ ਪ੍ਰਧਾਨ ਡਾ.ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਪੰਜਾਬ, ਰਜਿੰਦਰ ਰਾਣਾ, ਸਤਪਾਲ ਜੱਸੀ ਯੂ.ਐੱਸ.ਏ., ਬਲਜਿੰਦਰ ਮਾਨ ਸੰਪਾਦਕ 'ਨਿੱਕੀਆਂ ਕਰੂੰਬਲਾਂ', ਗੁਰਦੇਵ ਸਿੰਘ ਚੱਕ ਕਟਾਰੂੰ, ਸੁਖਜਿੰਦਰ ਸਿੰਘ ਭਾਰਟਾ, ਨਛੱਤਰ ਸਿੰਘ ਠੱਕਰਵਾਲ, ਜਗਦੀਪ ਸਿੰਘ ਐੱਮ.ਸੀ., ਮੁਕੇਸ਼ ਸੰਧੂ ਪ੍ਰਧਾਨ ਡਾ.ਅੰਬੇਡਕਰ ਹੈਲਪ ਗਰੁੱਪ ਸੁਸਾਇਟੀ, ਮਾਸਟਰ ਕਰਨੈਲ ਖਾਨਪੁਰ, ਸਤਵਿੰਦਰ ਮਿੱਟੂ ਕਾਲੇਵਾਲ ਜਿਲਾਂ ਪ੍ਰਧਾਨ ਸਤਿਗੁਰੂ ਰਵਿਦਾਸ ਮਿਸ਼ਨ ਸੁਸਾਇਟੀ, ਸੁਖਵਿੰਦਰ ਸਿੰਘ, ਜਥੇ. ਦਲਜੀਤ ਸਿੰਘ ਸੋਢੀ, ਗਿਆਨ ਚੰਦ ਬਾੜੀਆਂ ਪ੍ਰਧਾਨ ਤਰਕਸ਼ੀਲ ਸੁਸਾਇਟੀ ਯੂਨਿਟ ਮਾਹਿਲਪੁਰ, ਪ੍ਰੋ. ਨਵਪ੍ਰੀਤ ਕੌਰ ਮੁੱਗੋਵਾਲ, ਅਕਸ਼ੈ ਅਰੋੜਾ, ਮਾਸਟਰ ਅਸ਼ੋਕ ਸਮੇਤ ਵੱਖ-ਵੱਖ ਸਮਾਜਿਕ ਸੰਸਥਾਵਾਂ ਦੇ ਆਗੂ ਹਾਜ਼ਰ ਸਨ। ਇਸ ਮੌਕੇ ਪਵਨਪ੍ਰੀਤ ਮੁੱਗੋਵਾਲ ਲਾਅ ਸਟੂਡੈਂਟ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਇਸ ਦਿਨ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਪਿਛਲੇ ਸਾਲ ਕੇਂਦਰ ਸਰਕਾਰ ਨੇ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੀ 125ਵੇਂ ਜਨਮ ਦਿਵਸ ਨੂੰ ਮੁੱਖ ਰੱਖਦਿਆਂ 26 ਨਵੰਬਰ ਨੂੰ ਸੰਵਿਧਾਨ ਦਿਵਸ ਦਾ ਨਾਂਅ ਦਿੱਤਾ ਹੈ। ਸਮੁੱਚੇ ਭਾਰਤ ਵਾਸੀਆਂ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਭਾਰਤੀ ਸੰਵਿਧਾਨ ਦੀ ਵਿਚਾਰਧਾਰਾ ਨੂੰ ਸਹੀ ਰੂਪ ਵਿੱਚ ਸਮਝੀਏ ਤੇ ਇਸ ਉੱਤੇ ਚੱਲ ਕੇ ਦੇਸ਼ ਨੂੰ ਤਰੱਕੀ ਦੀਆਂ ਬੁਲੰਦੀਆਂ ਤੱਕ ਪਹੁੰਚਾਈਏ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਭਾਰਤੀ ਸੰਵਿਧਾਨ ਵਿੱਚ ਮਿਲੇ ਬਰਾਬਰਤਾ ਦੇ ਅਧਿਕਾਰਾਂ ਦਾ ਜ਼ਿਕਰ ਕਰਦਿਆਂ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸੁਸ਼ੋਭਿਤ ਸਮਤਾ, ਸਮਾਨਤਾ ਤੇ ਭਰਾਤਰੀਭਾਵ ਦੀ ਭਾਵਨਾ 'ਤੇ ਚਾਨਣਾ ਪਾਇਆ । ਇਸ ਮੌਕੇ ਪ੍ਰਵਾਸੀ ਭਾਰਤੀ ਸਤਪਾਲ ਜੱਸੀ ਜੋ ਕਿ ਅਮਰੀਕਾ ਵਿੱਚ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੀ ਸੋਚ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੰਮ ਕਰ ਰਹੇ ਹਨ, ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਚਾਹ-ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ।




# ਡਾ. ਨਵਜੋਤ ਸਿੱਧੂ ਤੇ ਪਰਗਟ ਸਿੰਘ ਕਾਂਗਰਸ ਵਿੱਚ ਸ਼ਾਮਲ

**ਚੰਡੀਗੜ੍ਹ/ਦਿੱਲੀ–** ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਤੇ ਸਾਬਕਾ ਅਕਾਲੀ ਆਗੂ ਪਰਗਟ ਸਿੰਘ ਅਤੇ ਭਾਜਪਾ ਦੀ ਸਾਬਕਾ ਆਗੂ ਡਾ. ਨਵਜੋਤ ਕੌਰ ਸਿੱਧੂ ਅੱਜ ਸੀਨੀਅਰ ਕਾਂਗਰਸ ਆਗੂਆਂ ਦੀ ਹਾਜ਼ਰੀ ਵਿੱਚ ਬਿਨਾਂ ਸ਼ਰਤ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਡਾ. ਸਿੱਧੂ ਨੇ ਅੱਜ ਐਲਾਨ ਕੀਤਾ ਕਿ ਉਨ੍ਹਾਂ ਦੇ ਪਤੀ ਨਵਜੋਤ ਸਿੱਧੂ ਵੀ ਜਲਦੀ ਕਾਂਗਰਸ ਵਿੱਚ ਸ਼ਾਮਲ ਹੋ ਜਾਣਗੇ। ਕੈਪਟਨ ਅਮਰਿੰਦਰ ਸਿੰਘ ਨੇ ਦੋਵਾਂ ਆਗੂਆਂ ਨੂੰ ਗੁਲਦਸਤੇ ਭੇਟ ਕਰ ਕੇ ਅਤੇ ਗਲਾਂ ਵਿੱਚ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰੀ, ਕਾਂਗਰਸ ਦੇ ਕੌਮੀ ਬੁਲਾਰੇ ਰਣਦੀਪ ਸੁਰਜੇਵਾਲਾ, ਹਰੀਸ਼ ਚੌਧਰੀ ਤੇ ਹੋਰ ਆਗੂ ਹਾਜ਼ਰ ਸਨ।

ਕੈਪਟਨ ਅਮਰਿੰਦਰ ਸਿੰਘ ਨੇ ਇਸ ਮੌਕੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ ਉੱਤੇ ਕਿਹਾ ਕਿ ਪੰਜਾਬ ਕੋਲ ਕਿਸੇ ਸੂਬੇ ਨੂੰ ਦੇਣ ਲਈ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵਫ਼ਦ ਨੇ ਰਾਸ਼ਟਰਪਤੀ ਨਾਲ ਮੀਟਿੰਗ ਦੌਰਾਨ ਸਪੱਸ਼ਟ ਕੀਤਾ ਸੀ ਕਿ ਪਾਣੀ ਦੇਣ ਤੋਂ ਪਹਿਲਾਂ ਇਸ ਗੱਲ ਦਾ ਪਤਾ ਲਾਇਆ ਜਾਵੇ ਕਿ ਦਰਿਆਵਾਂ ਵਿੱਚ ਕਿੰਨਾ ਪਾਣੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਦੀ ਵੰਡ 60:40 ਅਨੁਸਾਰ ਹੋਈ ਹੈ ਤੇ ਪਾਣੀ ਦੀ ਵੰਡ ਵੀ ਇਸੇ ਅਨੁਪਾਤ ਅਨੁਸਾਰ ਹੋਣੀ ਚਾਹੀਦੀ ਹੈ। ਜੇ ਪਾਣੀ ਦੀ ਵੰਡ ਦੇ ਮਾਮਲੇ ਵਿੱਚ ਪੰਜਾਬ ਨਾਲ ਧੱਕਾ ਕੀਤਾ ਗਿਆ ਤਾਂ ਸੂਬੇ ਵਿੱਚ ਮੁੜ ਦਹਿਸ਼ਤਗਰਦੀ ਦੇ ਸਿਰ ਚੁੱਕਣ ਦਾ ਖ਼ਤਰਾ ਖੜ੍ਹਾ ਹੋ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਨਾਭਾ ਜੇਲ੍ਹ ਦੇ ਮੁੱਦੇ 'ਤੇ ਸੂਬੇ ਦੀ ਅਕਾਲੀ-ਭਾਜਪਾ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਕੀਤੀ।

ਅਕਾਲੀ ਆਗੂ ਜਸਪਾਲ ਵੜੈਚ, ਮਨਿੰਦਰ ਬਾਵਾ, ਅਸ਼ਵਿੰਦਰਪਾਲ ਸਿੰਘ, ਹਰਜਿੰਦਰ ਸਿੰਘ, ਸਰਬਦਿਆਲ ਸਿੰਘ, ਕੈਪਟਨ ਆਰ.ਪੀ. ਐਸ. ਕੰਗ, ਬਲਦੇਵ ਸਿੰਘ, ਰਾਜਨ ਚੋਪੜਾ, ਬੰਨੀ ਸੰਧੂ, ਸੰਦੀਪ ਸਿੰਘ ਆਦਿ ਕਾਂਗਰਸ ਵਿੱਚ ਸ਼ਾਮਲ ਹੋਏ। ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਉਹ ਬਿਨਾਂ ਸ਼ਰਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਹਨ ਤੇ ਚੋਣ ਲੜਾਉਣ ਦਾ ਫ਼ੈਸਲਾ ਹੁਣ ਕਾਂਗਰਸ ਨੇ ਕਰਨਾ ਹੈ।

# ਨਾਭਾ ਜੇਲ੍ਹ ਬ੍ਰੇਕ

## ਜੇਲ੍ਹ ਅਧਿਕਾਰੀਆਂ ਦੀ ਮਿਲੀਭੁਗਤ ਸਾਹਮਣੇ ਆਈ



**ਪਟਿਆਲਾ–** ਉੱਚ ਸੁਰੱਖਿਆ ਵਾਲੀ ਨਾਭਾ ਜੇਲ੍ਹ ਵਿੱਚੋਂ ਛੇ ਕੈ-ਦੀਆਂ ਨੂੰ ਭਜਾਉਣ ਦੇ ਮਾਮਲੇ ਵਿੱਚ ਜੇਲ੍ਹ ਦੇ ਸਹਾਇਕ ਸੁਪਰਡੈਂਟ ਭੀਮ ਸਿੰਘ ਅਤੇ ਹੈੱਡ ਵਾਰਡਨ ਜਗਮੀਤ ਸਿੰਘ ਸਮੇਤ ਜੇਲ੍ਹ ਨੇੜੇ ਸਥਿਤ ਸ਼ਗੁਨ ਸਵੀਟਸ ਦੇ ਮਾਲਕ ਤੇਜਿੰਦਰ ਹੈਪੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਜਾਣਕਾਰੀ ਵਿਸ਼ੇਸ਼ ਜਾਂਚ ਟੀਮ ਦੇ ਅਧਿਕਾਰੀਆਂ ਵੱਲੋਂ ਪੁਲੀਸ ਲਾਈਨ ਪਟਿਆਲਾ ਵਿੱਚ ਕੀਤੀ ਮੀਟਿੰਗ ਤੋਂ ਬਾਅਦ ਐਸਐਸਪੀ ਗੁਰਮੀਤ ਸਿੰਘ ਚੌਹਾਨ ਨੇ ਦਿੱਤੀ। ਮੀਟਿੰਗ ਵਿੱਚ ਜਾਂਚ ਟੀਮ ਦੇ ਮੁਖੀ ਏਡੀਜੀਪੀ (ਇੰਟਰਨਲ ਵਿਜੀਲੈਂਸ) ਪ੍ਰਮੋਦ ਕੁਮਾਰ, ਨਵੇਂ ਲਾਏ ਗਏ ਏਡੀਜੀਪੀ (ਜੇਲ੍ਹਾਂ) ਰੋਹਿਤ ਚੌਧਰੀ, ਆਈਜੀ (ਕਾਊਂਟਰ ਇੰਟੈਲੀਜੈਂਸ) ਨਿਲਾਭ ਕਿਸ਼ੋਰ ਅਤੇ ਪਟਿਆਲਾ ਦੇ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਐਸਐਸਪੀ ਗੁਰਮੀਤ ਸਿੰਘ ਚੌਹਾਨ ਸਮੇਤ ਨਾਭਾ ਜੇਲ੍ਹ ਦੇ ਨਵੇਂ ਲਾਏ ਸੁਪਰਡੈਂਟ ਭਪੂਤੀ ਵੀ ਸ਼ਾਮਲ ਸਨ।

# ਅਕਾਲੀ ਦਲ ਵੱਲੋਂ 9 ਹੋਰ ਉਮੀਦਵਾਰਾਂ ਦੀ ਸੂਚੀ ਜਾਰੀ

ਪਰ ਇਸ ਵਾਰ ਉਨ੍ਹਾਂ ਨੂੰ ਮਾਨਸਾ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਮਾਨਸਾ ਦੇ ਮੌਜੂਦਾ ਵਿਧਾਇਕ ਪ੍ਰੇਮ ਮਿੱਤਲ ਦਾ ਪੱਤਾ ਸਾਫ਼ ਹੋ ਗਿਆ ਜਾਪਦਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਮਾਲੇਰਕੋਟਲਾ, ਬੁਢਲਾਡਾ, ਮਾਨਸਾ, ਜੈਤੋਂ, ਸੁਨਾਮ ਅਤੇ ਦਿੜ੍ਹਬਾ ਹਲਕਿਆਂ ਤੋਂ ਨਵੇਂ ਚਿਹਰੇ ਮੈਦਾਨ 'ਚ ਲਿਆਂਦੇ ਹਨ। ਮਾਲੇਰਕੋਟਲਾ ਤੋਂ ਮੁਹੰਮਦ ਉਵੈਸ ਨੂੰ ਉਮੀਦਵਾਰ ਬਣਾਇਆ ਹੈ। ਇਸ ਹਲਕੇ ਦੀ ਵਿਧਾਇਕ ਐਫ. ਨਿਸਾਰਾ ਖਾਤੂਨ ਨੇ ਕੁਝ ਦਿਨ ਪਹਿਲਾਂ ਹੀ ਰਾਜਨੀਤੀ ਤੋਂ ਕਿਨਾਰਾ ਕਰਨ ਦਾ ਐਲਾਨ ਕਰ ਦਿੱਤਾ ਸੀ। ਹਲਕਿਆਂ ਦਾ ਕਹਿਣਾ ਹੈ ਕਿ ਪਾਰਟੀ ਨੇ ਬੇਗ਼ਮ ਖਾਤੂਨ, ਜੋ ਸਾਬਕਾ ਡੀਜੀਪੀ ਇਜ਼ਹਾਰ ਆਲਮ ਦੀ ਪਤਨੀ ਹੈ, ਨੂੰ ਪਹਿਲਾਂ ਹੀ ਲਾਂਭੇ ਕਰਨ ਦਾ ਇਸ਼ਾਰਾ ਕਰ ਦਿੱਤਾ ਸੀ। ਗੁਰਦੇਵ ਸਿੰਘ ਬਾਦਲ ਦੇ ਪੁੱਤਰ ਸੂਬਾ ਸਿੰਘ ਬਾਦਲ ਨੂੰ ਜੈਤੋਂ (ਰਾਖਵੇਂ) ਹਲਕੇ ਤੋਂ ਮੈਦਾਨ ਵਿਚ ਉਤਾਰਿਆ ਗਿਆ ਹੈ। ਪਾਰਟੀ ਤੋਂ ਅਸਤੀਫ਼ਾ ਦੇ ਚੁੱਕੇ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਦੀ ਥਾਂ ਤੀਰਥ ਸਿੰਘ ਮਾਹਲਾ ਨੂੰ ਬਾਘਾ ਪੁਰਾਣਾ ਹਲਕੇ ਤੋਂ ਟਿਕਟ ਦਿੱਤੀ ਗਈ ਹੈ। ਗੁਲਜ਼ਾਰ ਸਿੰਘ (ਕਬੱਡੀ ਖਿਡਾਰੀ) ਦਿੜ੍ਹਬਾ ਹਲਕੇ ਤੋਂ ਚੋਣ ਲੜਨਗੇ। ਵਿਧਾਇਕ ਗੋਬਿੰਦ ਸਿੰਘ ਲੌਂਗੋਵਾਲ ਨੂੰ ਧੂਰੀ ਤੋਂ ਤਬਦੀਲ ਕਰ ਕੇ ਸੁਨਾਮ ਤੋਂ ਚੋਣ ਲੜਾਈ ਜਾਵੇਗੀ। ਵਿਧਾਇਕ ਬੀਬੀ ਮਹਿੰਦਰ ਕੌਰ ਜੋਸ਼ ਵੱਲੋਂ ਕੀਤਾ ਗਿਆ ਸ਼ਕਤੀ ਪ੍ਰਦਰਸ਼ਨ ਰੰਗ ਲਿਆਇਆ ਅਤੇ ਪਾਰਟੀ ਨੇ ਉਸ ਨੂੰ ਸ਼ਾਮ ਚੁਰਾਸੀ ਅਤੇ ਡਾ. ਨਿਸ਼ਾਨ ਸਿੰਘ ਨੂੰ ਬੁਢਲਾਡਾ (ਰਾਖਵੇਂ) ਹਲਕਿਆਂ ਤੋਂ ਉਮੀਦਵਾਰ ਐਲਾਨਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਸੂਚੀ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਪਾਰਟੀ ਨੇ ਕਈ ਪੁਰਾਣੇ ਅਕਾਲੀ ਨੇਤਾਵਾਂ ਨੂੰ ਚੋਣ ਮੈਦਾਨ 'ਚੋਂ ਇੱਕ ਤਰ੍ਹਾਂ ਨਾਲ ਲਾਂਭੇ ਹੀ ਕਰ ਦਿੱਤਾ ਹੈ। ਸਾਬਕਾ ਮੰਤਰੀ ਗੋਬਿੰਦ ਸਿੰਘ ਕਾਂਝਲਾ, ਜਿਨ੍ਹਾਂ 2012 ਦੀ ਚੋਣ ਮਹਿਲਕਲਾਂ ਹਲਕੇ ਤੋਂ ਚੋਣ ਲੜੀ ਸੀ, ਦਾ ਨਾਮ ਹੁਣ ਤਕ ਕਿਸੇ ਵੀ ਵਿਧਾਨ ਸਭਾ ਹਲਕੇ ਤੋਂ ਐਲਾਨਿਆ ਨਹੀਂ ਗਿਆ ਤੇ ਸ੍ਰੀ ਕਾਂਝਲਾ ਦੀ ਛੁੱਟੀ ਹੋਣ ਦੇ ਆਸਾਰ ਬਣ ਗਏ ਹਨ। ਇਸੇ ਤਰ੍ਹਾਂ ਬੁਢਲਾਡਾ ਦੇ ਮੌਜੂਦਾ ਵਿਧਇਕ ਚਤਿੰਨ ਸਿੰਘ ਸਮਾਉਂ ਦੀ ਥਾਂ ਵੀ ਨਵਾਂ ਉਮੀਦਵਾਰ ਸਾਹਮਣੇ ਆ ਗਿਆ ਹੈ। ਪਾਰਟੀ ਹਲਕਿਆਂ ਦਾ ਇਹ ਵੀ ਕਹਿਣਾ ਹੈ ਕਿ ਤੀਜੀ ਸੂਚੀ ਵਿੱਚ ਕੁਝ ਹੋਰ ਨਵੇਂ ਚਿਹਰੇ ਆ ਸਕਦੇ ਹਨ ਅਤੇ ਪੁਰ-ਾਣਿਆਂ ਦੇ ਨਾਮ ਕੱਟੇ ਜਾ ਸਕਦੇ ਹਨ।

# ਪੰਜਾਬ ਦੀ ਹਰ ਸਿਆਸੀ ਪਾਰਟੀ ਹਾਲ ਤੋਂ ਬੇਹਾਲ

## ਹਰ ਦਲ ਕੇ ਟੁਕੜੇ ਹੂਏ- ਕੋਈ ਯਹਾਂ ਗਿਰਾ ਕੋਈ ਵਹਾਂ ਗਿਰਾ



**ਪੰਮੀ ਲਾਲੋ ਮਜਾਰਾ**
**91-95011-43755**

ਪੰਜਾਬ ਦੀ ਹਰ ਪਾਰਟੀ ਨੂੰ ਜਿਵੇਂ ਕਿਸੇ ਦੀ ਬਦ-ਦੁਆ ਲੱਗ ਗਈ ਹੋਵੇ। ਹਰ ਪਾਰਟੀ 'ਚ ਗੱਦਾਰ ਬੈਠੇ ਹਨ ਤੇ ਹਰ ਪਾਰਟੀ 'ਚ ਗੁਲਾਮਾਂ ਵਰਗੇ ਵਫਾਦਾਰ ਤੇ ਚਾਪਲੂਸ ਵੀ। ਕਈ ਗੁਲਾਮ ਜਦ ਥੋੜ੍ਹੀ ਜਿਹੀ ਵੀ ਸਿਆਸੀ ਆਜ਼ਾਦੀ ਮੰਗਦੇ ਹਨ ਤਾਂ ਉਹਨਾਂ ਨੂੰ ਬਿਨਾਂ ਕਿਸੇ ਦੇਰੀ ਦੇ ਮੱਖਣ 'ਚੋਂ ਵਾਲ ਵਾਂਗਰਾਂ ਪਰ੍ਹੇ ਵਗਾਹ ਕੇ ਮਾਰ ਦਿੱਤਾ ਜਾਂਦਾ ਹੈ। ਇਹਨਾਂ ਦੀ ਹਾਲਤ ਫਿਰ 'ਧੋਬੀ ਦੇ ਕੁੱਤੇ ਵਰਗੀ ਨਾ ਘਰ ਦੀ ਤੇ ਨਾ ਘਾਟ ਦੀ' ਵਰਗੀ ਹੋ ਜਾਂਦੀ ਹੈ। ਕਈਆਂ ਦੀ ਹਾਲਤ ਤਾਂ ਕੋਮਾ 'ਚ ਜਾਣ ਵਰਗੀ ਹੋ ਜਾਂਦੀ ਹੈ। ਫਿਰ ਇਹ ਸਟਰੈਚਰ 'ਚੋਂ ਉਠ ਕੇ ਥੋੜ੍ਹਾ ਸੰਭਲਦੇ ਹਨ। ਫਿਰ ਇਹਨਾਂ ਨੂੰ ਕੋਈ ਵੱਖਰਾ ਦਲ ਬਣਾਉਣ ਦੀ ਸਲਾਹ ਦਿੰਦਾ ਹੈ ਤੇ ਕੋਈ ਕਿਸੇ ਦਲ 'ਚ ਜਾਣ ਦੀ। ਕਈਆਂ ਨੂੰ ਹਾਰ ਦਾ ਚਾਅ ਹੀ ਐਨਾ ਹੈ ਕਿ ਉਹ ਜਿੱਤਣ ਬਾਰੇ ਸੋਚਦੇ ਤੱਕ ਵੀ ਨਹੀਂ। ਬੱਸ ਉਹ ਇਹੀ ਸੋਚਦੇ ਹਨ ਕਿ ਜਿਸ ਪਾਰਟੀ ਨੇ ਸਾਨੂੰ ਕੱਢਿਆ ਹੈ, ਘੱਟੋ ਘੱਟ ਉਸ ਦਾ ਤਾਂ ਸਿਆਸੀ ਦੀਵਾਲਾ ਕੱਢ ਹੀ ਦੇਈਏ। ਉਹ ਇਸੇ ਨੂੰ ਹੀ ਆਪਣੀ ਜਿੱਤ ਸਮਝਦੇ ਹਨ। ਗੱਲ ਕਰਦੇ ਹਾਂ ਜਗਮੀਤ ਬਰਾੜ ਤੋਂ। ਉਹਨੇ ਤਾਂ ਠੇਕਾ ਹੀ ਲੈ ਰੱਖਿਆ ਹੈ ਕਿ ਕੋਈ ਪਾਰਟੀ ਨਹੀਂ ਛੱਡਣੀ, ਜਿਸ ਵਿਚ ਉਹਦੀ ਐਂਟਰੀ ਨਾ ਵੱਜੇ। ਇਕ ਵਾਰ ਉਸਨੇ ਐਨ. ਡੀ. ਤਿਵਾੜੀ (ਯੂ. ਪੀ. ਦਾ ਸਾਬਕਾ ਮੁੱਖ ਮੰਤਰੀ) ਦੇ ਨਾਂ ਤੇ ਸੰਸਦ ਦੀ ਚੋਣ ਲੜੀ, ਫਿਰ ਜਦ ਉਸਨੂੰ ਵੋਟਰਾਂ ਨੇ ਸਿਆਸੀ ਸ਼ੀਸ਼ਾ ਦਿਖਾਇਆ ਤਾਂ ਉਹਨੂੰ ਆਪਣਾ ਚਿਹਰਾ ਬੜਾ ਭੱਦਾ ਜਿਹਾ ਨਜ਼ਰ ਆਇਆ ਤਾਂ ਉਸਨੇ ਸੋਚਿਆ ਕਿ ਇਹਦੇ ਨਾਲੋਂ ਤਾਂ ਕਾਂਗਰਸ ਵਿਚਹੀ ਮੇਰਾ ਚਿਹਰਾ ਚੰਗਾ ਸੀ। ਫਿਰ ਜਗਮੀਤ ਬਰਾੜ ਨੇ ਕਾਂਗਰਸ ਵਿਚ ਵਾਪਸੀ ਕਰ ਲਈ। ਪਿਛਲੇ ਸਾਲ ਮਾਘੀ ਮੇਲੇ 'ਤੇ ਉਹਨੂੰ ਜਦ ਕੈਪਟਨ ਅਮਰਿੰਦਰ ਸਿੰਘ ਨੇ ਸਟੇਜ ਤੋਂ ਬੋਲਣ ਲਈ ਸੱਦਾ ਹੀ ਨਾ ਦਿੱਤਾ ਤਾਂ ਉਹਦਾ ਅਕਾਲੀ ਦਲ ਵੱਲ ਨੂੰ ਝੁਕਾਅ ਹੋ ਗਿਆ। ਪਰ ਸੁਖਬੀਰ ਬਾਦਲ ਨੇ ਉਹਨੂੰ ਲਾਲ ਡੰਡੀ ਦਿਖਾ ਕੇ ਉਸਦੀ ਸਿਆਸੀ ਰੇਲ ਨੂੰ ਅਕਾਲੀ ਦਲ 'ਚ ਵੱਜਣ ਤੋਂ ਰੋਕ ਦਿੱਤਾ। ਫਿਰ ਉਸਨੇ ਲੋਕ ਹਿੱਤ ਮੁਹਿੰਮ ਗਰੁੱਪ ਬਣਾ ਲਿਆ। ਜਦ ਆਮ ਆਦਮੀ ਪਾਰਟੀ ਨੇ ਵੀ ਉਹਦੇ ਨਾਲ ਅੱਖ ਨਾ ਮਿਲਾਈ ਤਾਂ ਬੇਵੱਸ ਤੇ ਬੇਸ਼ਰਮ ਹੋ ਕੇ ਬਰਾੜ ਨੇ ਆਮ ਆਦਮੀ ਪਾਰਟੀ ਨੂੰ ਬਿਨਾਂ ਸ਼ਰਤ ਦੇ ਸਮਰਥਨ ਦੇ ਦਿੱਤਾ। ਤੇ ਹੁਣ ਉਸਨੇ ਆਪਣੀ ਸਿਆਸੀ ਹਉਮੈ ਨੂੰ ਨਿਖਾਰਨ ਲਈ ਤ੍ਰਿਣਾਮੂਲ ਕਾਂਗਰਸ ਦਾ ਪੱਲਾ ਫੜ ਲਿਆ। ਹੋ ਸਕਦਾ ਇੱਥੇ ਉਹਨੂੰ 2-4 ਸੀਟਾ ਆਪ ਤੋਂ ਮਿਲ ਜਾਣ, ਕਿਉਂਕਿ ਬੰਗਲਾਦੇਸ਼ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅੱਜਕਲ੍ਹ ਕੇਜਰੀਵਾਲ ਨਾਲ ਖੂਬ ਪੱਟ ਰਹੀ ਹੈ ਤੇ ਦੋਵੇਂ ਰਲ ਕੇ ਪੰਜਾਬ 'ਚ ਸਿਆਸੀ ਚੋਣ ਸਭਾਵਾਂ ਨੂੰ ਸੰਬੋਧਨ ਵੀ ਕਰ ਸਕਦੇ ਹਨ ਤੇ ਕਾਂਗਰਸ ਦਾ ਪੋਹ ਮਾਘ ਦੀ ਠੰਡ ਵਿਚ ਪਸੀਨਾ ਆਉਣਾ ਵੀ ਲਾਜ਼ਮੀ ਹੈ। ਹੁਣ ਕਰਦੇ ਹਾਂ ਨਵਜੋਤ ਸਿੱਧੂ ਦੀ ਗੱਲ। ਉਹਦੀਆਂ ਖਵਾਹਿਸ਼ਾਂ ਹੀ ਐਨੀਆਂ ਵੱਧ ਗਈਆਂ ਸੀਕਿ ਉਹਨੂੰ ਆਪਣਾ ਸਿਆਸੀ ਕੱਦ ਕਿਤੇ ਜ਼ਿਆਦਾ ਵੱਡਾ ਨਜ਼ਰ ਆਉਣ ਲੱਗ ਪਿਆ। ਤੇ ਉਹਨੇ ਬਿਨਾਂ ਕੁਝ ਸੋਚੇ-ਸਮਝੇ ਭਾਜਪਾ ਦੇ ਕੋਟੇ 'ਚੋਂ ਮਿਲੀ ਰਾਜ ਸਭਾ ਦੀ ਸੀਟ ਛੱਡ ਦਿੱਤੀ। ਫਿਰ ਕਦੇ ਕਾਂਗਰਸ ਨਾਲ ਤੇ ਕਦੇ ਆਪ ਨਾਲ ਆਪਣੇ ਸਿਆਸੀ ਕੱਦ ਦਾ ਸੌਦਾ ਕਰਦਾ ਰਿਹਾ। ਅਖੀਰ ਆਪਣੀ ਹੋਮ ਮਨਿਸਟਰ ਨੂੰ ਉਸੇ ਕਾਂਗਰਸ ਵਿਚ ਸ਼ਾਮਲ ਕਰਵਾ ਦਿੱਤਾ, ਜਿਸ ਕਾਂਗਰਸ ਦਾ ਕੈਪਟਨ ਕਹਿੰਦਾ ਸੀ ਕਿ ਕੌਣ ਸਿੱਧੂ ਤੇ ਕਿਹੜਾ ਸਿੱਧੂ। ਮੈਂ ਕਿਸੇ ਸਿੱਧੂ ਨੂੰ ਨਹੀਂ ਜਾਣਦਾ। ਲੁਧਿਆਣੇ ਦੇ ਬੈਂਸ ਭਰਾ, ਜੋ ਅਕਾਲੀ ਦਲ 'ਚੋਂ ਵੱਖ ਹੋ ਕੇ ਸਿੱਧੂ 'ਤੇ ਭਰੋਸਾ ਕਰਦੇ ਰਹੇ, ਅਖੀਰ ਆਪ ਨਾਲ ਹੀ ਜਾ ਖੜ੍ਹੇ, ਸਿਰਫ 4-5 ਸੀਟਾਂ ਦੀ ਖਾਤਰ। ਉਧਰ ਆਪ ਤੇ ਬੈਂਸ ਭਰਾਵਾਂ ਦੀ ਹੋਈ ਗੰਢ-ਤੁੱਪ ਕਰਕੇ ਪੂਰੇ ਲੁਧਿਆਣੇ ਦੀ ਆਪ ਖਿੱਲਰੀ ਫਿਰਦੀ ਹੈ। ਜਿਸਦਾ ਨੁਕਸਾਨ ਹੋਣਾ ਲਾਜ਼ਮੀ ਹੀ ਹੈ।

ਨਰਾਜ਼ ਹੋ ਕੇ ਅਕਾਲੀ ਦਲ ਤੋਂ ਜਿਨ੍ਹਾਂ ਨੇ ਅਸਤੀਫਾ ਦੇ ਦਿੱਤਾ ਹੈ, ਸੁਖਬੀਰ ਬਾਦਲ ਉਹਨਾਂ ਦੀ ਤੁਲਨਾ ਰੇੜੀ ਤੇ ਪਈ ਬਚੀ-ਖੁਚੀ ਸਬਜ਼ੀ ਨਾਲ ਕਰ ਰਿਹਾ ਹੈ। ਉਧਰ ਸਰਵਣ ਸਿੰਘ ਫਿਲੌਰ ਅਕਾਲੀ ਦਲ ਛੱਡ ਕੇ ਕਾਂਗਰਸ 'ਚ ਕਾਹਦਾ ਸ਼ਾਮਲ ਹੋਇਆ ਕਿ ਜਲੰਧਰ ਦਾ ਸਾਰਾ ਚੌਧਰੀ ਪਰਿਵਾਰ ਕੈਪਟਨ ਨਾਲ ਰੁੱਸਿਆ ਫਿਰਦਾ ਹੈ। ਉਹਨਾਂ ਨੂੰ ਡਰ ਹੈ ਕਿ ਕੈਪਟਨ ਉਹਨੂੰ ਕਿਤੇ ਫਿਲੌਰ ਤੋਂ ਟਿਕਟ ਨਾ ਦੇ ਦੇਵੇ। ਜੇ ਅਜਿਹਾ ਹੋ ਗਿਆ ਤਾਂ ਪੰਜਾਬ ਦੀ ਸਿਆਸਤ 'ਚ ਚੌਧਰੀ ਪਰਿਵਾਰ ਦਖਲ ਦੇਣ ਜੋਗਾ ਹੀ ਨਹੀਂ ਬਚੇਗਾ। ਉਧਰ ਅਵਿਨਾਸ਼ ਚੰਦਰ ਵੀ ਕਾਂਗਰਸ 'ਚ ਜਾਣ ਨੂੰ ਫਿਰਦਾ ਹੈ। ਜੇ ਏਦਾਂ ਹੋ ਗਿਆ ਤਾਂ ਕਰਤਾਰਪੁਰ ਤੋਂ ਜਗਮੀਤ ਚੌਧਰੀ ਦੀ ਵਿਰਾਸਤ ਵੀ ਖਤਰੇ 'ਚ ਪੈ ਜਾਵੇਗੀ। ਸਭ ਤੋਂ ਵੱਡਾ ਨੁਕਸਾਨ ਆਪ ਨੂੰ ਝੱਲਣਾ ਪਵੇਗਾ। ਜਿਸਨੇ ਬਿਨਾਂ ਵਜ੍ਹਾ ਸੁੱਚਾ ਸਿੰਘ ਛੋਟੇਪੁਰ ਨੂੰ ਕਨਵੀਨਰ ਦੇ ਅਹੁਦੇ ਤੋਂ ਹਟਾ ਕੇ ਪਰ੍ਹੇ ਮਾਰਿਆ। ਹੁਣ ਸੁੱਚਾ ਸਿੰਘ ਛੋਟੇਪੁਰ ਦੀ ਕੋਸ਼ਿਸ਼ ਹੋਵੇਗੀ ਕਿ ਹਰ ਵਿਧਾਨ ਸਭਾ ਹਲਕੇ ਤੋਂ ਆਪਣਾ ਉਮੀਦਵਾਰ ਖੜ੍ਹਾ ਕੀਤਾ ਜਾਵੇ ਜੋ ਆਪ ਦੇ ਉਮੀਦਵਾਰ ਨੂੰ ਹਰਾਵੇ ਤੇ ਬਾਕੀ ਜਿਹੜੀ ਮਰਜ਼ੀ ਪਾਰਟੀ ਦੇ ਉਮੀਦਵਾਰ ਨੂੰ ਜਿਤਾਵੇ।

ਭਾਜਪਾ ਦੀ ਤਾਂ ਕੋਈ ਗੱਲ ਕਰਨੀ ਹੀ ਨਹੀਂ ਬਣਦੀ। ਉਹਨੂੰ ਤਾਂ ਸਰਜੀਕਲ ਸਟਰਾਈਕ ਤੇ ਨੋਟਬੰਦੀ ਦੇ ਫੈਸਲੇ ਨੇ ਹੀ ਲੈ ਬੈਠਣਾ ਹੈ। ਕੇਂਦਰੀ ਰਾਜ ਮੰਤਰੀ ਤੇ ਪੰਜਾਬ ਭਾਜਪਾ ਦੇ ਪ੍ਰਧਾਨ ਵਿਜੇ ਕੁਮਾਰ ਸਾਂਪਲਾ ਦੇ ਪਿੰਡ ਸੋਫੀ ਪਿੰਡ 'ਚ ਆਈ. ਟੀ. ਆਈ. ਦਾ ਉਦਘਾਟਨ ਸਮਾਰੋਹ ਹੋਵੇ ਤੇ ਕੁਰਸੀਆਂ ਖਾਲੀ ਹੀ ਨਜ਼ਰ ਆਉਣ। ਅੰਦਾਜ਼ਾ ਲਾਉਣ ਦੀ ਕੋਈ ਬਹੁਤੀ ਜ਼ਰੂਰਤ ਨਹੀਂ ਹੈ ਕਿ ਪੰਜਾਬ 'ਚ ਭਾਜਪਾ ਦਾ ਕੀ ਬਣਨ ਜਾ ਰਿਹਾ ਹੈ, ਕਿਉਂਕਿ ਘਰ ਦੇ ਭਾਗ ਵਿਹੜੇ 'ਚ ਵੜਦਿਆਂ ਹੀ ਨਜ਼ਰ ਆਉਣ ਲੱਗ ਪੈਂਦੇ ਹਨ।

### ਦਲਿਤਾਂ ਤੇ ਡੋਰੇ

ਸ਼ਾਇਦ ਪਹਿਲੀ ਵਾਰ ਹੋ ਰਿਹਾ ਹੈ ਕਿ ਹਰ ਸਿਆਸੀ ਪਾਰਟੀ ਦਲਿਤਾਂ ਨੂੰ ਭਰਮਾਉਣ ਵਿਚ ਲੱਗੀ ਹੋਈ ਹੈ। ਇਸੇ ਲੜੀ ਤਹਿਤ ਆਪ ਵੱਲੋਂ ਗੁਰਾਇਆਂ ਦੀ ਦਾਣਾ ਮੰਡੀ ਵਿਚ ਦਲਿਤ ਮੈਨੀਫੈਸਟੋ ਜਾਰੀ ਕੀਤਾ ਗਿਆ। ਇਸ ਵਿਚ ਇਕ ਵਾਅਦਾ ਇਹ ਵੀ ਕੀਤਾ ਗਿਆ ਹੈ ਕਿ ਜੇ ਪੰਜਾਬ ਵਿਚ ਆਪ ਦੀ ਸਰਕਾਰ ਬਣੀ ਤਾਂ ਉਪ ਮੁੱਖ ਮੰਤਰੀ ਦਲਿਤ ਹੋਵੇਗਾ। ਹਾਲਾਂਕਿ ਸਾਰੇ ਹੀ ਇਹ ਜਾਣਦੇ ਹਨ ਕਿ ਬਸਪਾ ਦੇ ਸੰਸਥਾਪਕ ਤੇ ਦਲਿਤਾਂ ਦੇ ਮਸੀਹਾ ਸਾਹਿਬ ਸ੍ਰੀ ਕਾਂਸੀ ਰਾਮ ਦਾ ਸਭ ਤੋਂ ਵੱਡਾ ਵਿਰੋਧ ਸਮੇਂ-ਸਮੇਂ 'ਤੇ ਅਰਵਿੰਦ ਕੇਜਰੀਵਾਲ ਕਰਦਾ ਰਿਹਾ ਹੈ। ਇਸ ਐਲਾਨ ਦਾ ਮਾਝੇ ਅਤੇ ਮਾਲਵੇ ਦੇ ਤਲਿਤਾਂ 'ਤੇ ਕੋਈ ਬਹੁਤਾ ਵੱਡਾ ਅਸਰ ਹੋਣ ਵਾਲਾ ਨਹੀਂ ਹੈ ਪਰ ਦੁਆਬੇ ਦੀਆਂ ਸਭ ਰਿਜ਼ਰਵ ਸੀਟਾਂ ਤੇ ਖੜ੍ਹੇ ਆਪ ਉਮੀਦਵਾਰ ਹੁਣ ਤੋਂ ਹੀ ਆਪਣੇ ਆਪ ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਜ਼ਰੂਰ ਸਮਝਣ ਲੱਗ ਪੈਣਗੇ। ਪਹਿਲਾਂ ਇਹੀ ਦਲਿਤ ਮੈਨੀਫੈਸਟੋ 15 ਨਵੰਬਰ ਨੂੰ ਬੰਗਾ 'ਚ ਜਾਰੀ ਹੋਣਾ ਸੀ, ਫਿਰ ਗੁਰਾਇਆਂ 'ਚ ਕਿਉਂ ਜਾਰੀ ਕੀਤਾ, ਸਮਝ ਤੋਂ ਪਰ੍ਹੇ ਹੈ। ਕਿਤੇ ਅਵਤਾਰ ਸਿੰਘ ਕਰੀਮਪੁਰੀ ਕਰਕੇ ਤਾਂ ਨਹੀਂ ਗੁਰਾਇਆਂ ਸ਼ਹਿਰ ਨੂੰ ਚੁਣਿਆ ਗਿਆ। ਕਿਉਂਕਿ ਗੁਰਾਇਆਂ ਫਿਲੌਰ ਵਿਧਾਨ ਸਭਾ ਦੇ ਅੰਦਰ ਪੈਂਦਾ ਹੈ ਤੇ ਕਰੀਮਪੁਰੀ ਫਿਲੌਰ ਤੋਂ ਬਸਪਾ ਦਾ ਧਾਕੜ ਉਮੀਦਵਾਰ ਹੈ। ਤੇ ਇਸੇ ਕਰਕੇ ਪੂਰੇ ਮੀਡੀਆ ਦੀ ਇੱਥੇ ਬਾਜ਼ ਅੱਖ ਵੀ ਟਿਕੀ ਹੋਈ ਹੈ।

### ਬਠਿੰਡਾ 'ਚ ਪੁਲਿਸ ਜਿੱਤੀ ਤੇ ਨਾਭੇ 'ਚ ਹਾਰ ਗਈ

ਬਠਿੰਡੇ 'ਚ ਪ੍ਰਧਾਨ ਮੰਤਰੀ ਵੱਲੋਂ ਏਮਜ਼ ਦੇ ਉਦਘਾਟਨ ਮੌਕੇ ਜਿਸ ਤਰ੍ਹਾ ਪੰਜਾਬ ਪੁਲਿਸ ਦੇ ਜਵਾਨਾਂ ਹੱਥੋਂ ਸਿਕੰਦਰ ਸਿੰਘ ਮਲੂਕਾ ਦੀ ਬੇਇੱਜ਼ਤੀ ਦਾ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋਇਆ ਤਾਂ ਵੇਖ ਕੇ ਇਹ ਅਹਿਸਾਸ ਹੋਇਆ ਕਿ ਹੁਣ ਪੰਜਾਬ ਪੁਲਿਸ ਦਾ ਸਿਆਸੀਕਰਨ ਰੁਕ ਜਾਵੇਗਾ। ਪਰ ਹਾਲੇ 48 ਘੰਟੇ ਵੀ ਨਹੀਂ ਹੋਏ ਸਨ ਕਿ ਉਹੀ ਪੰਜਾਬ ਪੁਲਿਸ ਵੇਖਦੀ ਰਹਿ ਗਈ ਜਦ ਨਾਭੇ ਜੇਲ੍ਹ 'ਚੋਂ ਕੁਝ ਖਤਰਨਾਕ ਲੋਕ ਆਪਣੇ ਅਤੀ ਖਤਰਨਾਕ ਲੋਕਾਂ ਨੂੰ ਛੁਡਾ ਕੇ ਲੈ ਗਏ। ਫਰਾਰ ਹੋਏ ਬਦਮਾਸ਼ ਜੇ ਫੜੇ ਵੀ ਗਏ ਤਾਂ ਵੀ ਪੁਲਿਸ ਦੀ ਕਿਰਕਿਰੀ। ਜੇ ਮੁਕਾਬਲੇ 'ਚ ਮਾਰੇ ਗਏ ਤਾਂ ਵੀ ਕਿਰਕਿਰੀ। ਮਤਲਬ ਵਿਰੋਧੀ ਸਿਆਸੀ ਪਾਰਟੀਆਂ ਇਸ ਨੂੰ ਸਰਕਾਰ ਦੀ ਕੋਈ ਸਾਜਿਸ਼ ਦੱਸਣਗੀਆਂ। ਮਤਲਬ ਸਵਾਲ ਤਾਂ ਉੱਠਣੇ ਲਾਜ਼ਮੀ ਹੀ ਹਨ।

## ਬਸਪਾ ਵਰਕਰ ਆਸਟ੍ਰੇਲੀਆ ਵਿਚ ਖੂਨਦਾਨ ਨਾਲ ਦੇਣਗੇ ਬਾਬਾ ਸਾਹਿਬ ਨੂੰ ਸ਼ਰਧਾਂਜਲੀ - ਸੋਨੂੰ ਮਹਿਮੀ

**ਫਗਵਾੜਾ (ਰੱਤੂ)**- ਬਹੁਜਨ ਸਮਾਜ ਪਾਰਟੀ ਐਨ.ਆਰ.ਆਈ. ਯੂਨਿਟ ਆਸਟ੍ਰੇਲੀਆ ਦੀ ਵਿਸ਼ੇਸ਼ ਮੀਟਿੰਗ ਮੇਲਬਾਰਨ ਵਿਖੇ ਸੋਨੂੰ ਮਹਿਮੀ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਭਾਰਤੀ ਸੰਵਿਧਾਨ ਨਿਰਮਾਤਾ ਅਤੇ ਭਾਰਤ ਰਤਨ ਨਾਲ ਸਨਮਾਨਤ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦਾ ਪਰਿਨਿਰਵਾਣ ਦਿਵਸ ਖੂਨਦਾਨ ਕਰਕੇ ਮਨਾਇਆ ਜਾਵੇਗਾ ਅਤੇ ਇਹ ਸੰਦੇਸ਼ ਦਿੱਤਾ ਜਾਵੇਗਾ ਕਿ ਬਾਬਾ ਸਾਹਿਬ ਦੇ ਸੰਦੇਸ਼ ਨੂੰ ਦੁਨੀਆ ਤੱਕ ਪਹੁੰਚਾਉਣ ਲਈ ਬਸਪਾ ਦੇ ਨੌਜਵਾਨ ਆਗੂ ਆਪਣੇ ਖੂਨ ਦਾ ਇਕ ਇਕ ਕਤਰਾ



ਲਗਾ ਦੇਣਗੇ। ਉਹਨਾਂ ਦੱਸਿਆ ਕਿ ਬਾਬਾ ਸਾਹਿਬ ਨੂੰ ਸ਼ਰਧ-ਾਂਜਲੀ ਵਜੋਂ ਇਹ ਖੂਨਦਾਨ ਕੈਂਪ 10 ਅਤੇ 11 ਦਸੰਬਰ ਨੂੰ ਲਗਾਇਆ ਜਾਵੇਗਾ। ਇਸ ਸਮੇਂ ਵੱਖ ਵੱਖ ਆਗੂਆਂ ਨੇ ਕਿਹਾ ਕਿ ਰਾਜ ਸੱਤਾ ਹੀ ਇਕ ਅਜਿਹੀ ਚਾਬੀ ਹੈ ਜਿਸ ਨਾਲ ਹਰ ਸਮੱਸਿਆ ਦੇ ਹਲ ਦਾ ਤਾਲਾ ਖੋਲ੍ਹਿਆ ਜਾ ਸਕਦਾ ਹੈ। ਜਾਣਕਾਰੀ ਦਿੰਦਿਆਂ ਸੋਨੂੰ ਮਹਿਮੀ ਨੇ ਇਹ ਵੀ ਕਿਹਾ ਕਿ 2017 ਦੀਆਂ ਪੰਜਾਬ ਵਿਧਾਨਸਭਾ ਚੋਣਾਂ ਵਿਚ ਪੰਜਾਬ ਅੰਦਰ ਬਸਪਾ ਦੇ ਉਮੀਦਵਾਰਾਂ ਦੀ ਜਿੱਤ ਯਕੀਨੀ ਬਨਾਉਣ ਲਈ ਆਰਥਕ ਸਹਾਇਤਾ ਰਾਸ਼ੀ ਵੀ ਇਕਠੀ ਕੀਤੀ ਗਈ ਜਿਸ ਵਿਚ ਹਰ ਮੈਂਬਰ ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ। ਮੀਟਿੰਗ ਵਿਚ ਰਾਕੇਸ਼ ਮਹਿਮੀ, ਰਵੀ ਚੋਪੜਾ, ਜਸਪਾਲ ਰੱਤੂ, ਵਿਨੇ ਕੁਮਾਰ ਸੰਧੀ, ਸੰਦੀਪ ਮਹੇ, ਗੁਰਦੀਪ ਮਹੇ, ਬਲਬੀਰ ਮਹੇ, ਲਖਬੀਰ ਮਹੇ, ਰਾਜਕੁਮਾਰ ਕੈਲੇ, ਨੀਰਜ ਬੰਗੜ ਆਦਿ ਵੀ ਹਾਜਰ ਸਨ।

## ਭਗਵਾਨ ਵਾਲਮੀਕਿ ਜੀ ਦੀ ਮੂਰਤੀ ਦਰਸ਼ਨ ਯਾਤਰਾ ਦਾ ਵਿਧਾਇਕ ਸ਼ੋਮ ਪ੍ਰਕਾਸ਼ ਕੈਂਥ ਵੱਲੋਂ ਸੰਗਤਾਂ ਸਮੇਤ ਭਰਵਾਂ ਸਵਾਗਤ

**ਫਗਵਾੜਾ (ਰੱਤੂ)**- ਭਗਵਾਨ ਵਾਲਮੀਕਿ ਜੀ ਦੀ ਮੂਰਤੀ ਦਰਸ਼ਨ ਯਾਤਰਾ ਦੇ ਅੱਜ ਕਪੂਰਥਲਾ ਜ਼ਿਲ੍ਹੇ ਵਿਚ ਪ੍ਰਵੇਸ਼ ਮੌਕੇ ਫਗਵਾੜਾ ਵਿਖੇ ਸ੍ਰੀ ਸੋਮ ਪ੍ਰਕਾਸ਼ ਕੈਂਥ ਹਲਕਾ ਵਿਧਾਇਕ, ਸ੍ਰ. ਸਰਵਣ ਸਿੰਘ ਕੁਲਾਰ ਮੈਂਬਰ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕੀ ਕਮੇਟੀ ਅਤੇ ਭਾਰੀ ਗਿਣਤੀ ਵਿੱਚ ਸ਼ਰਧਾਲੂਆਂ ਵੱਲੋਂ ਪੂਰੇ ਜਾਹੋ-ਜਲਾਲ ਨਾਲ ਸਵਾਗਤ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਗੁਰਲਵਲੀਨ ਸਿੰਘ ਸਿੱਧੂ ਅਤੇ ਐੱਸ. ਐੱਸ. ਪੀ. ਸ੍ਰੀ ਰਜਿੰਦਰ ਸਿੰਘ ਤੋਂ ਹੋਰ ਅਧਿਕਾਰੀ ਵੀ ਮੌਜੂਦ ਸਨ। ਇਸ ਮੌਕੇ ਬੈਂਡ ਦੀਆਂ ਮਨਮੋਹਕ ਧੁਨਾਂ ਨੇ ਸ਼ਰਧਾਲੂਆਂ ਨੂੰ ਭਗਤੀ ਰੰਗ ਵਿਚ ਰੰਗ ਦਿੱਤਾ। ਸ਼ਰਧਾਲੂ ਭਗਵਾਨ ਵਾਲਮੀਕਿ ਜੀ ਦੀ ਛੇ ਫੁੱਟ ਉੱਚੀ ਸੁਨਹਿਰੀ ਮੂਰਤੀ ਦੇ ਦਰਸ਼ਨ ਕੀਤੇ। ਸੰਗਤਾਂ ਭਰਵੇਂ ਇਕੱਠ ਦੇ ਰੂਪ ਵਿੱਚ ਭਗਵਾਨ ਵਾਲਮੀਕਿ ਜੀ ਦੇ ਜੈਕਾਰੇ ਲਗਾ ਰਹੀਆਂ ਸਨ ਅਤੇ ਸਮੂਹ ਸੰਗਤਾਂ ਵਿੱਚ ਭਾਰੀ ਉਤਸ਼ਾਹ ਨਜ਼ਰ ਆ ਰਿਹਾ ਸੀ।ਇਸ ਮੌਕੇ, ਸੰਤ ਬਾਬਾ ਦੇਸ ਰਾਜ ਜੀ, ਮੇਅਰ ਨਗਰ ਨਿਗਮ ਫਗਵਾੜਾ



ਅਰੁਣ ਖੋਸਲਾ, ਸ੍ਰ. ਸੁਰਿੰਦਰ ਸਿੰਘ ਵਾਲੀਆ ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ ਸ੍ਰੀ ਰਣਜੀਤ ਸਿੰਘ ਖੁਰਾਣਾ, ਸ਼੍ਰੀਮਤੀ ਅਨੀਤਾ ਸੋਮ ਪ੍ਰਕਾਸ਼, ਸ੍ਰੀ ਰਮੇਸ਼ ਸੱਚਦੇਵਾ, ਸ੍ਰੀ ਰਾਕੇਸ਼ ਦੁੱਗਲ, ਸ੍ਰੀ ਬਲਭੱਦਰਸੇਨ ਦੁੱਗਲ, ਸ੍ਰੀ ਇੰਦਰਜੀਤ ਖਲਿਆਣ, ਸ੍ਰੀ ਨਰੇਸ਼ ਕੋਟਰਾਣੀ, ਸ੍ਰੀ ਅਨੁਰਾਗ ਮਨਖੰਡ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਕਾਲੀ-ਭਾਜਪਾ ਆਗੂ ਵੀ ਹਾਜ਼ਰ ਸਨ।

ਇਸ ਮੌਕੇ ਸ੍ਰੀ ਸੋਮ ਪ੍ਰਕਾਸ਼ ਕੈਂਥ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਰਾਮਤੀਰਥ ਵਿਖੇ ਭਗਵਾਨ ਵਾਲਮੀਕਿ ਜੀ ਦੀ ਯਾਦਗਾਰ ਬਣਾਈ ਗਈ ਹੈ, ਜਿੱਥੇ ਇਹ ਪਾਵਨ ਮੁਰਤੀ ਸਥਾਪਿਤ ਕੀਤੀ ਜਾਣੀ ਹੈ। ਉਨ੍ਹਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਇਸ ਅਹਿਮ ਯਤਨ ਸਦਕਾ ਰਾਜ ਭਰ ਵਿੱਚ ਸੰਗਤਾਂ ਨੂੰ ਭਗਵਾਨ ਵਾਲਮੀਕਿ ਜੀ ਦੀ ਮੂਰਤੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰੀਬ 200 ਕਰੋੜ ਰੁਪਏ ਦੀ ਲਾਗਤ ਨਾਲ ਅੰਮ੍ਰਿਤਸਰ ਵਿਖੇ ਭਗਵਾਨ ਵਾਲਮੀਕਿ ਜੀ ਦੀ ਯਾਦਗਾਰ ਸਥਾਪਤ ਕੀਤੀ ਗਈ ਹੈ, ਜਿਸ ਨਾਲ ਭਗਵਾਨ ਵਾਲਮੀਕਿ ਜੀ ਦੀ ਏਕਤਾ ਅਤੇ ਸਾਂਝੀਵਾਲਤਾ ਵਾਲੀ ਸੋਚ ਦਾ ਪੂਰੀ ਦੁਨੀਆਂ ਵਿੱਚ ਹੋਰ ਪਾਸਾਰ ਹੋਵੇਗਾ।

ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਗੁਰਲਵਲੀਨ ਸਿੰਘ ਸਿੱਧੂ ਨੇ ਦੱਸਿਆ ਕਿ ਇਹ ਯਾਤਰਾ ਫਗਵਾੜਾ ਤੋਂ ਹੁੰਦੀ ਹੋਈ ਹੁਸ਼ਿਆਰਪੁਰ ਰੁਕੇਗੀ। 25 ਨਵੰਬਰ ਨੂੰ ਯਾਤਰਾ ਆਦਮਪੁਰ ਤੇ ਜਲੰਧਰ ਛਾਉਣੀ ਅਤੇ 26 ਨਵੰਬਰ ਨੂੰ ਜਲੰਧਰ- ਨਕੋਦਰ-ਸ਼ਾਹਕੋਟ ਹੁੰਦੀ ਹੋਈ ਸੁਲਤਾਨਪੁਰ ਲੋਧੀ ਤੋਂ ਕਪੂਰਥਲਾ ਪਹੁੰਚੇਗੀ ਅਤੇ ਰਾਤ ਦਾ ਠਹਿਰਾਅ ਹਿੰਦੂ ਕੰਨਿਆ ਕਾਲਜ ਕਪੂਰਥਲਾ ਵਿਖੇ ਕੀਤਾ ਜਾਵੇਗਾ।

## ਨੋਟਬੰਦੀ - ਕਈ ਦਿਨਾਂ ਬਾਅਦ ਵੀ ਬੈਂਕਾਂ ਅੱਗੇ ਲੰਮੀਆਂ ਕਤਾਰਾਂ

**ਜਲੰਧਰ (ਕੇਸਰ )**- ਨੋਟ ਬਦਲੀ ਨੂੰ ਕਈ ਦਿਨ ਹੋ ਗਏ ਪਰ ਬੈਂਕਾਂ ਅੱਗੇ ਲੋੜਵੰਦ ਆਮ ਲੋਕਾਂ ਦੀਆਂ ਕਤਾਰਾਂ ਹੋਰ ਵੀ ਲੰਮੀਆਂ ਹੋ ਰਹੀਆਂ ਹਨ। ਸਰਕਾਰ ਵੱਲੋਂ ਨਿੱਤ ਹਾਲਤ 'ਚ ਸੁਧਾਰ ਦੇ ਬਿਆਨਾਂ ਦੇ ਬਾਵਜੂਦ ਸਥਿਤੀ ਬਦ ਤੋਂ ਬਦਤਰ ਹੋ ਰਹੀ ਹੈ, ਜਿਸ ਵਿਚ ਆਮ ਤੇ ਗਰੀਬ ਜਨਤਾ ਕਸ਼ਟ ਭੋਗ ਰਹੀ ਹੈ। ਨਾ ਉਨ੍ਹਾਂ ਦੀ ਮਿਹਨਤ ਦੀ ਬੱਚਤ ਵਿਚੋਂ ਕੁਝ ਪੈਸੇ ਮਿਲ ਰਹੇ ਹਨ ਤੇ ਨਾ ਹੀ ਕਿਸੇ ਨੂੰ ਪੁਰਾਣੇ ਨੋਟਾਂ ਦੇ ਬਦਲੇ 'ਚ ਨਵੇਂ ਨੋਟਾਂ ਰਾਹੀਂ ਪੈਸੇ ਮਿਲ ਰਹੇ ਹਨ। ਵਿਆਹ ਸ਼ਾਦੀਆਂ ਦੇ ਮਾਮਲੇ ਵਿਚ 2.50 ਲੱਖ ਰੁਪਏ ਦੇਣ ਸੰਬੰਧੀ ਟੀ.ਵੀ. 'ਤੇ ਬਿਆਨ ਹੋਰ ਹਨ ਅਤੇ ਬੈਂਕਾਂ ਨੂੰ ਹਦਾਇਤਾਂ ਹੋਰ ਹਨ। ਜਿਸ ਕਾਰਨ ਆਮ ਲੋਕਾਂ ਦੇ ਨਾਲ-ਨਾਲ ਬੈਂਕ ਮੁਲਾਜ਼ਮ ਵੀ ਪਰੇਸ਼ਾਨ ਹੋ ਰਹੇ ਹਨ।

ਇਹ ਸਥਿਤੀ ਅੱਜ ਨੂਰਮਹਿਲ ਵਿਖੇ ਕੈਨਰਾ ਬੈਂਕ ਦੀ ਬ੍ਰਾਂਚ 'ਚ ਵੇਖਣ ਨੂੰ ਮਿਲੀ। ਬੈਂਕ ਦੇ ਬਾਹਰ 200 ਤੋਂ ਵੱਧ ਬਜ਼ੁਰਗ, ਔਰਤਾਂ, ਮਰਦ ਅਤੇ ਬੱਚਿਆਂ ਦੀ ਲਾਈਨ ਲੱਗੀ ਹੋਈ ਸੀ ਅਤੇ ਬੈਂਕ ਪ੍ਰਬੰਧਕਾਂ ਵੱਲੋਂ ਸਭ ਨੂੰ ਕੈਸ਼ ਦੀ ਅਦਾਇਗੀ ਲਈ ਅਸਮਰੱਥਾ ਪ੍ਰਗਟਾਈ ਜਾ ਰਹੀ ਸੀ। ਇਹ ਵਿਚਾਰ ਉਚੇਚੇ ਤੌਰ 'ਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੁੱਜਕੇ ਸੋਸ਼ਲ ਵਰਕਰ ਕਾਮਰੇਡ ਸੁਰਿੰਦਰ ਕੁਮਾਰੀ ਕੋਛੜ ਨੇ ਦਿੱਤੇ। ਜਦੋਂ ਉਹ ਬੈਂਕ ਪ੍ਰਬੰਧਕਾਂ ਨੂੰ ਮਿਲੇ ਤਾਂ ਬੈਂਕ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਵੇਲੇ ਬੈਂਕ ਕੋਲ ਕੇਵਲ 2 ਲੱਖ ਤੋਂ ਵੀ ਘੱਟ ਕੈਸ਼ ਹੈ ਅਤੇ ਆਰ.ਬੀ.ਆਈ. ਵੱਲੋਂ ਹੋਰ ਕੈਸ਼ ਅਜੇ ਮਿਲ ਨਹੀਂ ਰਿਹਾ, ਜਿਸ ਕਾਰਨ ਸਭਨਾਂ ਨੂੰ ਅਸੀਂ ਭੁਗਤਾਨ ਨਹੀਂ ਕਰ ਸਕਦੇ। ਇਸ ਨਾਲ ਕੇਵਲ ਅਸੀਂ 50 ਕੁ ਲੋਕਾਂ ਨੂੰ 4000-4000 ਰੁਪਏ ਹੀ ਦੇ ਸਕਦੇ



ਹਾਂ। ਇਸ ਤੋਂ ਬਾਅਦ ਤੜਕੇ ਤੋਂ ਲਾਇਨ 'ਚ ਖੜ੍ਹੇ ਖਾਲੀ ਹੱਥ ਪਰਤ ਰਹੇ ਲੋਕਾਂ ਦਾ ਗੁੱਸਾ ਭੜਕ ਪਿਆ। ਉਨ੍ਹਾਂ ਸਰਕਾਰ ਦੀ ਲੋਕ ਮਾਰੂ ਨੀਤੀ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਸਰਕਾਰ ਦਾ ਪਿੱਟ ਸਿਆਪਾ ਕੀਤਾ। ਇਸ ਸਮੇਂ ਆਪਣੇ ਬੱਚਤ ਖਾਤੇ 'ਚੋਂ ਪੈਸੇ ਲੈਣ ਆਏ 98 ਸਾਲ ਦੇ ਬਜ਼ੁਰਗ ਕਾਮਰੇਡ ਗੰਧਰਵ ਸੇਨ ਕੋਛੜ ਨੇ ਮੰਗ ਕੀਤੀ ਕਿ ਆਪਣੀਆਂ ਲੋੜਾਂ ਦੀ ਪੂਰਤੀ ਲਈ ਲੋਕਾਂ ਦੇ ਬੱਚਤ ਖਾਤਿਆਂ 'ਚ ਮਿਹਨਤ ਨਾਲ ਕਮਾਈ ਜਮ੍ਹਾਂ ਪੂੰਜੀ ਹੈ। ਘੱਟੋ ਘੱਟ ਆਪਣੀ ਬੱਚਤ ਨੂੰ ਵਰਤਣ 'ਤੇ ਕਿਸੇ ਕਿਸਮ ਦੀ ਪਾਬੰਦੀ ਨਹੀਂ ਹੋਣੀ ਚਾਹੀਦੀ। ਇਹ ਕੋਈ ਕਾਲਾ ਧਨ ਨਹੀਂ ਹੈ। ਇਹ ਲੋਕਾਂ ਦੇ ਹੱਕ ਹਲਾਲ ਦੀ ਕਮਾਈ ਹੈ ਜੋ ਉਨ੍ਹਾਂ ਨੂੰ ਆਪਣੀ ਲੋੜ ਅਨੁਸਾਰ ਬਿਨ੍ਹਾਂ ਖੱਜਲ ਖੁਆਰੀ ਵਰਤੋਂ ਲਈ ਖੁੱਲ੍ਹ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਆਰ.ਬੀ.ਆਈ. ਲੋਕਾਂ ਦੀ ਲੋੜ ਤੇ ਮੰਗ ਅਨੁਸਾਰ ਬੈਂਕਾਂ ਵਿਚ ਕੈਸ਼ ਦੀ ਸਪਲਾਈ ਯਕੀਨੀ ਬਣਾਵੇ ਤਾਂ ਜੋ ਆਮ ਲੋਕਾਂ ਦੀ ਜ਼ਿੰਦਗੀ ਆਮ ਵਾਂਗ ਚੱਲ ਸਕੇ।

ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਜਾਰੀ ਕੀਤਾ ਗਿਆ 2000 ਰੁਪਏ ਦਾ ਨੋਟ ਵੀ ਲੋਕਾਂ ਦੀਆਂ ਮੁਸਕਿਲਾਂ ਨੂੰ ਹੱਲ ਕਰਨ ਦੀ ਬਜਾਏ ਹੋਰ ਸਮੱਸਿਆ ਪੈਦਾ ਕਰ ਰਿਹਾ ਹੈ। ਆਮ ਲੋੜ ਦੀਆਂ ਚੀਜ਼ਾਂ ਦੀ ਖ਼ਰੀਦਦਾਰੀ ਲਈ ਬਾਜ਼ਾਰ ਵਿਚ ਇਸ ਨੋਟ ਨੂੰ ਲੈਣ ਤੋਂ ਦੁਕਾਨਦਾਰ ਇਨਕਾਰੀ ਹਨ, ਕਿਉਂਕਿ ਉਨ੍ਹਾਂ ਕੋਲ ਇਸ ਦੇ ਬਦਲੇ ਟੁੱਟੇ ਪੈਸੇ ਉਪਲੱਬਧ ਨਹੀਂ। ਕਈ ਵਾਰ ਤਾਂ ਕੋਈ ਵਿਚਾਰੀ ਔਰਤ ਸਬਜ਼ੀ ਲੈਣ ਜਾਂ ਹੋਰ ਜ਼ਰੂਰੀ ਵਰਤੋਂ ਵਾਲੀ ਚੀਜ਼ ਖਰੀਦਣ ਲਈ ਸਾਰਾ ਦਿਨ ਬਾਜਾਰ ਵਿਚ 2000 ਰੁਪਏ ਦਾ ਨੋਟ ਲੈ ਕੇ ਘੁੰਮਦੀ ਰਹਿੰਦੀ ਹੈ। ਗੁੱਸੇ 'ਚ ਲੋਕ ਨਾਅਰੇ ਲਾ ਰਹੇ ਹਨ: ਲੋਕਾਂ ਦੀ ਆਪਣੀ ਬੱਚਤ ਦੇ ਪੈਸੇ ਨਾ ਦੇ ਸਕਣ ਵਾਲੀ ਸਰਕਾਰ ਨਕੰਮੀ ਹੈ।

ਦੇਸ਼ ਦੁਆਬਾ

# ਨੋਟਬੰਦੀ ਕਾਰਨ ਹਾਲੋਂ ਬੇਹਾਲ ਭਾਰਤੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਿਸ ਬਲੈਕ ਮਨੀ ਦੇ ਖਿਲਾਫ 'ਸਰਜੀਕਲ ਸਟਰਾਈਕ' ਕਰਦਿਆਂ ਸਾਰੇ ਭਾਰਤ ਵਿਚ ਇੱਕਦਮ ਨੋਟਬੰਦੀ ਕੀਤੀ, ਉਸ ਦੇ ਸਕਾਰਾਤਮਕ ਅਸਰ ਤਾਂ ਫਿਲਹਾਲ ਦੇਰ ਨਾਲ ਦੇਖਣ ਨੂੰ ਮਿਲ ਸਕਦੇ ਹਨ ਪਰ ਇਸ ਦੇ ਨਕਾਰਾਤਮਕ ਅਸਰ ਤੁਰੰਤ ਹੀ ਆਰੰਭ ਹੋ ਗਏ ਹਨ। ਭਾਰਤ ਵਿਚ ਆਮ ਲੋਕੀ ਕੰਮਕਾਰ ਦੀ ਬਜਾਏ ਬੈਂਕਾਂ ਦੇ ਮੂਹਰੇ ਕਤਾਰਾਂ ਲਗਾਉਣ ਲਈ ਮਜਬੂਰ ਹੋ ਗਏ ਹਨ। ਸਰਕਾਰ ਨੇ ਬਿਨਾਂ ਕਿਸੇ ਤਿਆਰੀ ਦੇ ਰਾਤੋ-ਰਾਤ 500 ਅਤੇ 1000 ਦੇ ਨੋਟ ਬੰਦ ਕਰ ਦਿੱਤੇ। ਇਸ ਦੇ ਨਾਲ ਹੀ ਏ. ਟੀ. ਐਮ. ਵੀ ਬੰਦ ਕਰ ਦਿੱਤੇ, ਜੋ ਹੁਣ ਤੱਕ ਚਾਲੂ ਨਹੀਂ ਹੋਏ। ਕੋਈ ਵਿਅਕਤੀ ਹਫਤੇ ਵਿਚ ਸਿਰਫ 24000 ਲੈ ਸਕਦਾ ਹੈ, ਉਹ ਵੀ ਆਪਣੇ ਬੈਂਕ ਦੀ ਬਰਾਂਚ ਤੋਂ, ਪਰ ਜਦੋਂ ਲੋਕੀ ਬੈਂਕ ਪਹੁੰਚਦੇ ਹਨ ਤਾਂ ਕਦੀ ਨੋਟ ਖਤਮ ਮਿਲਦੇ ਹਨ ਅਤੇ ਕਦੀ ਲੰਮੀ ਕਤਾਰ। ਦਿਹਾਤੀ ਖੇਤਰਾਂ ਦੇ ਬੈਂਕਾਂ ਦਾ ਤਾਂ ਪਹਿਲਾਂ ਹੀ ਦੀਵਾਲਾ ਨਿਕਲਿਆ ਹੋਇਆ ਸੀ, ਹੁਣ ਹਾਲਤ ਹੋਰ ਵੀ ਮਾੜੀ ਹੋ ਗਈ ਹੈ। ਦਿਹਾਤੀ ਖੇਤਰਾਂ ਵਿਚ ਸਥਿਤ ਬੈਂਕਾਂ ਦੇ ਮੂਹਰੇ ਲੋਕਾਂ ਨੂੰ ਟੋਕਨ ਮਿਲਦੇ ਹਨ, ਜਿਸ ਉਤੇ ਤਿੰਨ-ਚਾਰ ਦਿਨ ਬਾਅਦ ਹੀ ਕੈਸ਼ ਲੈਣਾ ਨਸੀਬ ਹੁੰਦਾ ਹੈ। ਲੋਕੀ ਰਾਤ ਨੂੰ ਹੀ ਕਤਾਰਾਂ ਲਗਾ ਕੇ ਖੜ੍ਹੇ ਹੋ ਜਾਂਦੇ ਹਨ ਅਤੇ ਸਾਰਾ-ਸਾਰਾ ਦਿਨ ਖੜ੍ਹੇ ਰਹਿਣ ਤੋਂ ਬਾਅਦ ਇਹ ਪਤਾ ਲੱਗਦਾ ਹੈ ਕਿ ਜੋ ਕੈਸ਼ ਆਇਆ ਸੀ, ਉਹ ਵੰਡਿਆ ਗਿਆ, ਹੁਣ ਖਤਮ ਹੈ। ਭਾਰਤ ਦਾ ਆਮ ਆਦਮੀ, ਮਜਦੂਰ ਤੇ ਮੁਲਾਜਮ, ਛੋਟਾ ਅਤੇ ਵੱਡਾ ਵਪਾਰੀ ਪ੍ਰੇਸ਼ਾਨ ਹੈ ਕਿਉਂਕਿ ਲੋਕਾਂ ਕੋਲ ਖਰੀਦਦਾਰੀ ਲਈ ਪੈਸੇ ਹੀ ਨਹੀਂ ਹਨ, ਇਸ ਕਰਕੇ ਸਾਰਾ ਅਰਥਚਾਰਾ ਹਿੱਲ ਗਿਆ ਹੈ। ਬੈਂਕ ਕੋਲ ਪੁਰਾਣੇ ਨੋਟ ਜਮ੍ਹਾ ਕਰਵਾ ਦਿਓ ਪਰ ਨਵੇਂ ਮਿਲ ਨਹੀਂ ਰਹੇ, ਜਿਸ ਕਾਰਨ ਲੋਕਾਂ ਦੇ ਹੱਥਾਂ ਵਿਚ ਪੈਸੇ ਹੀ ਨਹੀਂ ਰਹਿ ਗਏ। 100, 50 ਦੇ ਨੋਟ ਬਹੁਤ ਘੱਟ ਗਿਣਤੀ ਵਿਚ ਮਾਰਕੀਟ ਵਿਚ ਹਨ ਅਤੇ ਸਰਕਾਰ ਨੇ ਜੋ 2 ਹਜ਼ਾਰ ਦਾ ਨਵਾਂ ਨੋਟ ਆਰੰਭ ਕੀਤਾ ਹੈ, ਉਸ ਦੀ ਚੇਂਜ ਦੇਣ ਲਈ ਕੋਈ ਤਿਆਰ ਨਹੀਂ। ਲੋਕਾਂ ਨੂੰ ਆਮ ਵਰਤੋਂ ਦੀਆਂ ਵਸਤਾਂ ਖਰੀਦਣ ਵਿਚ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਹੋਰ ਘੱਟ ਲੋੜੀਂਦੀਆਂ ਵਸਤਾਂ ਵੱਲ ਤਾਂ ਕੋਈ ਨਜ਼ਰ ਵੀ ਨਹੀਂ ਕਰ ਰਿਹਾ। ਸਮੁੱਚੇ ਤੌਰ ਤੇ ਪਿਛਲੇ ਦੋ ਹਫਤਿਆਂ ਵਿਚ ਭਾਰਤ ਦਾ ਅਰਥਚਾਰਾ ਬੁਰੀ ਤਰ੍ਹਾਂ ਹਿੱਲ ਗਿਆ ਹੈ। ਲੈਣ-ਦੇਣ ਠੱਪ ਹੋ ਗਿਆ ਹੈ, ਕੰਮ ਰੁਕਦੇ ਜਾ ਰਹੇ ਹਨ, ਮਜ਼ਦੂਰ ਵਿਹਲੇ ਹੁੰਦੇ ਜਾ ਰਹੇ ਹਨ, ਬੇਰੁਜ਼ਗਾਰੀ ਵਧਦੀ ਜਾ ਰਹੀ ਹੈ। ਵਸਤਾਂ ਦੇ ਭਾਅ ਹੇਠਾਂ ਨੂੰ ਆ ਰਹੇ ਹਨ ਅਤੇ ਪੈਸੇ ਵਟਾਉਣ ਦੀ ਜਾਅਲਸਾਜ਼ੀ ਵਧਦੀ ਜਾ ਰਹੀ ਹੈ। ਜਦਕਿ ਇਸ ਦੇ ਉਲਟ ਵੱਡੇ ਲੋਕਾਂ ਨੂੰ ਕੋਈ ਫਰਕ ਨਹੀਂ ਪਿਆ। ਨੋਟਬੰਦੀ ਤੋਂ ਪਹਿਲਾਂ ਹੀ ਕਈ ਅਮੀਰ ਘਰਾਣਿਆਂ ਦੇ ਵਿਆਹਾਂ ਵਿਚ 2 ਹਜ਼ਾਰ ਦੇ ਨੋਟ ਦੇਖੇ ਗਏ। ਇਸ ਤੋਂ ਸਪਸ਼ਟ ਹੈ ਕਿ ਘਾਲਾਮਾਲਾ ਤਾਂ ਪਹਿਲਾਂ ਹੀ ਹੋ ਰਿਹਾ ਸੀ, ਪਰ ਆਮ ਆਦਮੀ ਲਈ ਨੋਟਬੰਦੀ ਕਰਕੇ ਤੰਗ ਹੋਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਸਰਕਾਰ ਕੋਲ ਹੁਣ ਵੀ ਇੰਨੀ ਕੈਸ਼ ਨਹੀਂ ਹੈ ਕਿ ਹਰੇਕ ਥਾਂ ਆਸਾਨੀ ਨਾਲ ਉਪਲਬਧ ਹੋ ਸਕੇ। ਏ. ਟੀ. ਐਮ. ਬੰਦ ਪਏ ਹਨ, ਜਿਸ ਵਿਚ ਵੀ ਕੈਸ਼ ਪਾਈ ਜਾਂਦੀ ਹੈ, ਘੰਟੇ ਦੇ ਅੰਦਰ-ਅੰਦਰ ਖਤਮ ਹੋ ਜਾਂਦੀ ਹੈ। ਬੇਸ਼ੱਕ ਆਮ ਲੋਕੀ ਬਲੈਕ ਮਨੀ ਦੇ ਖਿਲਾਫ ਹਨ ਅਤੇ ਚਾਹੁੰਦੇ ਹਨ ਕਿ ਸਰਕਾਰ ਕੁਝ ਕਰੇ ਪਰ ਪੁਖਤਾ ਇੰਤਜ਼ਾਮਾਂ ਤੋਂ ਬਿਨਾਂ ਚੁੱਕਿਆ ਕੋਈ ਵੀ ਕਦਮ ਵੱਡਾ ਕਸ਼ਟ ਦਿੰਦਾ ਹੈ। ਅਜਿਹਾ ਹੀ ਨੋਟਬੰਦੀ ਦੇ ਕਾਰਨ ਭਾਰਤ ਦੇ ਆਮ ਲੋਕਾਂ ਨਾਲ ਹੋ ਰਿਹਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

**(ਗਿਆਰਵੀ ਕਿਸਤ)**

**ਕੰਮ ਸਮਾਨ, ਬਣਤਰ ਵੱਖ-ਵੱਖ**

ਬਹੁਤ ਸਾਰੇ ਜੀਵਾਂ ਦੀਆਂ ਅਲੱਗ ਅਲੱਗ ਜਾਤੀਆਂ ਵਿੱਚ ਕੁਝ ਅੰਗ ਕੰਮ ਇਕੋ ਜਿਹਾ ਕਰਦੇ ਵਿਖਾਈ ਦਿੰਦੇ ਹਨ ਪਰ ਉਹਨਾਂ ਦੀ ਅੰਦਰਲੀ ਬਣਤਰ ਬਿਲਕੁਲ ਹੀ ਅਲੱਗ ਹੁੰਦੀ ਹੈ। ਸਿੱਟੇ ਵਜੋਂ ਇਹਨਾਂ ਦੇ ਮੁੱਢ ਵੀ ਵੱਖ-ਵੱਖ ਹੁੰਦੇ ਹਨ। ਜਿਵੇਂ ਤਿਤਲੀ, ਕਬੂਤਰ ਤੇ ਚਮਗਿੱਦੜ ਦੇ ਖੰਭ ਇੱਕੋ ਕੰਮ ਉੱਡਣ ਦਾ ਕਰਦੇ ਹਨ ਪਰ ਜੇ ਇਹਨਾਂ ਤਿੰਨਾਂ ਦੇ ਖੰਭਾਂ ਦੀ ਅੰਦਰੂਨੀ ਬਣਤਰ ਨੂੰ ਵੇਖੀਏ ਤਾਂ ਇਹ ਇਹਨਾਂ ਦੇ ਵੱਖੋਂ ਵੱਖਰੇ ਪੂਰਵਜਾਂ ਦੀ ਪੁਸ਼ਟੀ ਕਰਦੀ ਹੈ। ਇਸ ਤਰਖ਼ਾਂ ਇਹ ਅੰਗ ਵੀ ਜੀਵ ਵਿਕਾਸ ਵਿੱਚ ਕਾਫੀ ਮਹੱਤਵਪੂਰਣ ਹੁੰਦੇ ਹਨ ਭਾਵੇਂ ਇਹ ਜੀਵਾਂ ਦੀ ਇੱਕ ਸ਼੍ਰੇਣੀ ਨੂੰ ਦੂਜੀ ਤੋਂ ਨਿਖੇੜਨ ਦਾ ਹੀ ਕੰਮ ਕਰਦੇ ਹਨ।

**ਬੇਲੋੜੇ ਅੰਗ**

ਜੀਵਾਂ ਵਿੱਚ ਬਹੁਤ ਸਾਰੇ ਅੰਗ ਅਜਿਹੇ ਹੁੰਦੇ ਹਨ ਜਿਹਨਾਂ ਦੀ ਕਿਸੇ ਬੀਤੇ ਸਮੇਂ ਵਿੱਚ ਜੀਵਾਂ ਨੂੰ ਅਤਿਅੰਤ ਲੋੜ ਹੁੰਦੀ ਸੀ। ਪਰ ਅੱਜ ਦੀਆਂ ਬਦਲੀਆਂ ਹੋਈਆਂ ਪ੍ਰਸਥਿਤੀਆਂ ਵਿੱਚ ਜੀਵਾਂ ਨੂੰ ਇਹਨਾਂ ਦੀ ਲੋੜ ਨਹੀਂ ਹੈ। ਮਨੁੱਖ ਦੀ ਰੀੜ ਦੀ ਹੱਡੀ ਦੇ ਹੇਠਲੇ ਪਾਸੇ ਮਿਲਣ ਵਾਲੇ ਪੂਛ ਦੇ ਮਣਕੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਮਨੁੱਖ ਦਾ ਵਿਕਾਸ ਅਜਿਹੇ ਜਾਨਵਰਾਂ ਤੋਂ ਹੋਇਆ ਹੈ ਜਿਹੜੇ ਪੂਛ ਰੱਖਦੇ ਸਨ। ਜਿਉਂ ਹੀ ਮਨੁੱਖ ਨੇ ਆਪਣੇ ਹੱਥਾਂ ਤੋਂ ਕੰਮ ਲੈਣਾ ਸ਼ੁਰੂ ਕਰ ਦਿੱਤਾ ਤਾਂ ਪੂਛ ਬੇਲੋੜੀ ਹੋ ਗਈ। ਹੌਲੀ-ਹੌਲੀ ਘਟਦੀ ਘਟਦੀ ਇਹ ਅਲੋਪ ਹੋ ਗਈ। ਪਰ ਆਪਣੀ ਹੋਂਦ ਦੇ ਸਬੂਤ ਇਹ ਅਜੇ ਤੱਕ ਖਤਮ ਨਹੀਂ ਕਰ ਸਕੀ ਹੈ।

ਕੁਝ ਹੋਰ ਸਦੀਆਂ ਤੱਕ ਮਨੁੱਖ ਦੇ ਵਿਕਾਸ ਨੇ ਪੂਛ ਦੀ ਇਸ ਰਹਿੰਦੀ ਨਿਸ਼ਾਨੀ ਨੂੰ ਵੀ ਅਲੋਪ ਕਰ ਦੇਣਾ ਹੈ। 1987 ਦੇ ਅੱਧ 'ਚ ਪੰਜਾਬ ਦੇ ਸ਼ਹਿਰ ਪਟਿਆਲਾ ਵਿੱਚ ਰਾਜਿੰਦਰਾ ਹਸਪਤਾਲ ਵਿਖੇ ਇੱਕ ਅਜਿਹੇ ਬੱਚੇ ਨੇ ਜਨਮ ਲਿਆ ਸੀ ਜਿਸਦੇ 8 ਸੈ: ਮੀ: ਲੰਮੀ ਪੂਛ ਸੀ। ਡਾਕਟਰਾਂ ਦੇ ਉਪਰੇਸ਼ਨ ਰਾਹੀਂ ਇਹ ਪੂਛ ਕੱਟ ਦਿੱਤੀ। ਇਸ ਤਰਖ਼ਾਂ ਅਜਿਹੇ ਅਲੋਪ ਹੋਏ ਅੰਗਾਂ ਦੀ ਪੁਨਰ ਸੁਰਜੀਤੀ ਵੀ ਕਦੀ ਕਦੀ ਦੇਖਣ ਨੂੰ ਮਿਲ ਜਾਂਦੀ ਹੈ। ਇਕੱਲੇ ਮਨੁੱਖੀ ਸਰੀਰ ਵਿੱਚ ਅਜਿਹੇ ਬੇਲੋੜੇ ਅੰਗਾਂ ਦੀ ਗਿਣਤੀ 100 ਤੋਂ ਵੱਧ ਹੁੰਦੀ ਹੈ। ਮਨੁੱਖ ਦੇ ਪੇਟ ਵਿੱਚ ਇੱਕ ਉਪਾਂਦਰ ਹੁੰਦੀ ਹੈ ਇਸਨੂੰ ਅਪੈਂਡਿਕਸ ਉਪਾਂਦਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਫੁੱਲ ਕੇ ਤੇਜ਼ ਦਰਦ ਕਰਦੀ ਹੈ ਅਤੇ ਉਪਰੇਸ਼ਨ ਰਾਹੀਂ ਕਢਵਾਉਣੀ ਪੈਂਦੀ ਹੈ। ਕਈ ਵਾਰੀ ਇਹ ਫਟ ਜਾਂਦੀ ਹੈ ਤੇ ਮੌਤ ਦਾ ਕਾਰਨ ਵੀ ਬਣ ਜਾਂਦੀ ਹੈ। ਪਰ ਕੋਈ ਸਮਾਂ ਸੀ ਜਦੋਂ ਇਹ ਉਸ ਯੁੱਗ ਦੇ ਮਨੁੱਖ ਲਈ ਬਹੁਤ ਜ਼ਰੂਰੀ ਅੰਗ ਸੀ। ਇਹ ਮਨੁੱਖ ਦੁਆਰਾ ਖਾਧੇ ਗਏ ਘਾਹ ਫੂਸ ਨੂੰ ਹਜਮ ਕਰਦੀ ਸੀ। ਇਸ ਤਰਖ਼ਾਂ ਹੀ ਪੁਰਸ਼ਾਂ ਵਿੱਚ ਛਾਤੀ ਤੇ ਪਾਈਆਂ ਜਾਣ ਵਾਲੀਆਂ ਦੁੱਧ ਗਰੰਥੀਆਂ ਵੀ ਕੋਈ ਕੰਮ ਨਹੀਂ ਕਰਦੀਆਂ। ਮਨੁੱਖੀ ਦੰਦਾਂ ਵਿੱਚ ਪਾਏ ਜਾਣ ਵਾਲੇ ਸੂਏ ਤੇ ਦੋਹਾਂ ਅੱਖਾਂ ਵਿੱਚ ਨੱਕ ਦੇ ਨੇੜੇ ਲਾਲ ਰੰਗ ਦੀਆਂ ਝਿੱਲੀਆਂ ਵੀ ਬੇਲੋੜੇ ਅੰਗ ਹਨ। ਇਸ ਤਰਖ਼ਾਂ ਹੀ ਅਜਗਰ ਦੇ ਪੇਟ ਵਿੱਚ ਮਿਲਣ ਵਾਲੇ ਪਰ ਭਾਵੇਂ ਬੇਲੋੜੇ ਹਨ ਪਰ ਇਹ ਇੱਕ ਜੀਵ ਦੇ ਦੂਸਰੇ ਜੀਵ ਤੋਂ ਹੋਏ ਵਿਕਾਸ ਦਾ ਅਧਿਐਨ ਕਰਨ ਲਈ ਬਹੁਤ ਮਹੱਤਵਪੂਰਨ ਹਨ।

**ਭਰੂਣ-** ਜੇ ਅਸੀਂ ਮਨੁੱਖ, ਖਰਗੋਸ਼, ਕੁਕੜੀ, ਮੱਛੀ ਤੇ ਕੱਛੂ ਦੇ ਆਂਡਿਆਂ ਵਿਚਲੇ ਜਾਂ ਗਰਭ ਅੰਦਰਲੇ ਵਿਕਸਿਤ ਹੋ ਰਹੇ ਬੱਚਿਆਂ ਦੇ ਭਰੂਣ ਦਾ ਅਧਿਐਨ ਕਰੀਏ ਤਾਂ ਅਸੀਂ ਜਾਣ ਸਕਦੇ ਹਾਂ ਕਿ ਮੁੱਢਲੀਆਂ ਹਾਲਤਾਂ ਵਿੱਚ ਇਹਨਾਂ ਸਭ ਦੀ ਸ਼ਕਲ ਸੂਰਤ ਇੱਕੋ ਜਿਹੀ ਹੁੰਦੀ ਹੈ। ਜਿਵੇਂ ਜਿਵੇਂ ਭਰੂਣ ਵਿਚ ਵਾਧਾ ਹੁੰਦਾ ਜਾਂਦਾ ਹੈ ਉਸੇ ਤਰਖ਼ਾਂ ਹੀ ਇਹਨਾਂ ਵਿੱਚ ਫਰਕ ਵੀ ਵਧਦਾ ਨਜ਼ਰ ਆਉਂਦਾ ਹੈ। ਵੱਖ ਵੱਖ ਜਾਤੀਆਂ ਦੇ ਜਾਨਵਰਾਂ ਦੇ ਭਰੂਣ ਇਸ ਹੱਦ ਤਕ ਮਿਲਦੇ ਨਜ਼ਰ ਆਉਂਦੇ ਹਨ ਕਿ ਸ਼ੁਰੂ ਦੀਆਂ ਹਾਲਤਾਂ ਵਿੱਚ ਇਹਨਾਂ ਨੂੰ ਪਹਿਚਾਨਣਾ ਵੀ ਮੁਸ਼ਕਲ ਹੁੰਦਾ ਹੈ। ਭਰੂਣ ਵਿੱਚ ਬੱਚਿਆਂ ਦੇ ਗੁਣਾ ਜਾਂ ਸ਼ਕਲਾਂ ਦਾ ਇੱਕੋ ਜਿਹਾ ਹੋਣਾ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ ਕਿ ਇਹ ਸਾਰੇ ਜਾਨਵਰ ਇਕੋ ਹੀ ਪੂਰਵਜ ਤੋਂ ਵਿਕਸਿਤ ਹੋਏ ਹਨ। ਜੇ ਅਸੀਂ ਚਿੜੀਆਂ ਤੇ ਕਬੂਤਰਾਂ ਦੇ ਬੱਚਿਆਂ ਨੂੰ ਉਹਨਾਂ ਦੇ ਆਂਡਿਆਂ ਵਿੱਚੋਂ ਨਿਕਲਣ ਸਮੇਂ ਵੇਖੀਏ ਤਾਂ ਉਹਨਾਂ ਦੀ ਸ਼ਕਲ ਇੱਕੋ ਜਿਹੀ ਵਿਖਾਈ ਦਿੰਦੀ ਹੈ ਕਿਉਂਕਿ ਹਾਥੀ, ਸੂਰ, ਜੀਵਾਂ ਦੇ ਇੱਕੋ ਵਰਗ ਨਾਲ ਸੰਬੰਧ ਰੱਖਦੇ ਹਨ ਇਸ ਲਈ ਜਨਮ ਸਮੇਂ ਸੂਰੀ ਦੇ ਬੱਚਿਆਂ ਦੀ ਸ਼ਕਲ ਹਾਥੀ ਦੇ ਬੱਚਿਆਂ ਜਿਹੀ ਹੁੰਦੀ ਹੈ ਇਸ ਕਾਰਨ ਕਈ ਵਾਰ ਸੂਰੀ ਦੇ ਪੈਦਾ ਹੋਏ ਬੱਚਿਆਂ ਨੂੰ ਹੀ "ਗਣੇਸ਼ ਜੀ" ਸਮਝ ਲਿਆ ਜਾਂਦਾ ਹੈ। 1980 ਵਿਚ ਪੰਜਾਬ ਦੇ ਸ਼ਹਿਰ ਬਰਨਾਲਾ ਵਿਖੇ ਧਾਨਕਿਆਂ ਦੇ ਘਰਾਂ ਵਿੱਚ ਪੈਦਾ ਹੋਏ। **(ਚਲਦਾ)**

# ਪੰਜਾਬ 'ਚ ਹੋਵੇਗਾ ਤਿਕੋਣਾ ਮੁਕਾਬਲਾ



ਫਰੈਡੀ ਜੋਜ਼ਫ

ਜਨਵਰੀ-ਫਰਵਰੀ 2017 ਵਿਚ ਪੰਜਾਬ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਵਾਰੀ ਤਿਕੋਣੀ ਟੱਕਰ ਹੋਵੇਗੀ, ਜਦਕਿ ਇਸ ਤੋਂ ਪਹਿਲਾਂ ਟੱਕਰ ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਵਿਚ ਹੀ ਹੁੰਦੀ ਰਹੀ ਹੈ। ਭਾਵੇਂ ਬਹੁਜਨ ਸਮਾਜ ਪਾਰਟੀ ਨੇ ਵੀ ਪੰਜਾਬ ਦੀਆਂ ਸਾਰੀਆਂ ਦੀਆਂ ਸਾਰੀਆਂ 117 ਸੀਟਾਂ ਤੇ ਚੋਣ ਲੜਨ ਦਾ ਐਲਾਨ ਕਰ ਰੱਖਿਆ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਵੀ ਆਪਣੀ ਵੱਖਰੀ ਪਾਰਟੀ ਬਣਾ ਲਈ ਹੈ ਤੇ ਉਸਨੇ ਵੀ ਸਾਰੀਆਂ ਦੀਆਂ ਸਾਰੀਆਂ 117 ਸੀਟਾਂ ਤੇ ਚੋਣ ਲੜਨ ਦਾ ਐਲਾਨ ਕਰ ਰੱਖਿਆ ਹੈ। ਵਿਧਾਨ ਸਭਾ ਚੋਣਾਂ ਦੀਆਂ ਪਿਛਲੀਆਂ ਤਿੰਨ ਚੋਣਾਂ ਵਿਚ ਬਸਪਾ ਦਾ ਗਰਾਫ ਲਗਾਤਾਰ ਡਿੱਗਿਆ ਹੈ। ਬਸਪਾ ਦੇ ਇਕੱਲਿਆਂ ਚੋਣ ਮੈਦਾਨ ਵਿਚ ਉਤਰਨ ਦਾ ਨੁਕਸਾਨ ਹੁਣ ਤੱਕ ਕਾਂਗਰਸ ਨੂੰ ਹੀ ਹੁੰਦਾ ਰਿਹਾ ਹੈ। 2012 ਦੀ ਵਿਧਾਨ ਸਭਾ ਚੋਣਾਂ ਵਿਚ ਬਸਪਾ ਦਾ ਗਰਾਫ ਡਿੱਗ ਕੇ 4.9 ਫੀਸਦੀ ਰਹਿ ਗਿਆ ਸੀ। ਹਿਸ ਵਾਰੀ ਇਸ ਵਿਚ ਹੋਰ ਗਿਰਾਵਟ ਆਉਣ ਦੀ ਸੰਭਾਵਨਾ ਹੈ। ਜਿਸਦਾ ਸਿੱਧਾ ਅਰਥ ਇਹ ਹੋਵੇਗਾ ਕਿ ਬਸਪਾ ਦਾ ਜਿੰਨਾ ਨੁਕਸਾਨ ਕਾਂਗਰਸ ਨੂੰ ਪਹਿਲਾਂ ਹੁੰਦਾ ਰਿਹਾ ਹੈ, ਉਨਾ ਇਸ ਵਾਰੀ ਨਹੀਂ ਹੋਵੇਗਾ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਸਭ ਤੋਂ ਵੱਧ ਨੁਕਸਾਨ ਆਮ ਆਦਮੀ ਪਾਰਟੀ ਤੋਂ ਹੋਇਆ ਸੀ। ਪਰ ਇਸ ਵਾਰੀ ਉਹ ਕਾਂਗਰਸ ਨੂੰ ਉਨਾ ਨੁਕਸਾਨ ਨਹੀਂ ਪਹੁੰਚਾ ਸਕਦੀ। ਪਿਛਲੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੇ ਝਾਤ ਮਾਰੀਏ ਤਾਂ ਸਪਸ਼ਟ ਹੈ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਸ਼ਾਨਦਾਰ ਜਿੱਤ ਤੋਂ ਆਮ ਆਦਮੀ ਪਾਰਟੀ ਨੇ ਰੋਕਿਆ ਜਿਸ ਦਾ ਲਾਭ ਅਕਾਲੀ-ਭਾਜਪਾ ਗੱਠਜੋੜ ਨੂੰ ਵੀ ਮਿਲਿਆ। ਬਠਿੰਡਾ, ਸ੍ਰੀ ਅਨੰਦਪੁਰ ਸਾਹਿਬ, ਫਿਰੋਜ਼ਪੁਰ, ਹੁਸ਼ਿਆਰਪੁਰ, ਗੁਰਦਾਸਪੁਰ ਤੇ ਸ੍ਰੀ ਖਡੂਰ ਸਾਹਿਬ ਦੇ ਹਲਕਿਆਂ ਦੀ ਵੋਟਿੰਗ 'ਤੇ ਝਾਤੀ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਜੇਕਰ ਇਹਨਾਂ ਹਲਕਿਆਂ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਵੋਟਾਂ ਇਕੱਠੀਆਂ ਕਰ ਲਈਆਂ ਜਾਣ ਤਾਂ ਕਾਂਗਰਸ ਅਕਾਲੀ-ਭਾਜਪਾ ਗੱਠਜੋੜ ਨੂੰ ਪਛਾੜਦੀ ਨਜ਼ਰ ਆਉਂਦੀ ਹੈ। ਪਰ ਇਸ ਵਾਰੀ ਆਮ ਆਦਮੀ ਪਾਰਟੀ ਤੋਂ ਹੋਣ ਵਾਲਾ ਨੁਕਸਾਨ ਘੱਟ ਜਾਵੇਗਾ ਕਿਉਂਕਿ ਇਸ ਵਾਰੀ ਆਮ ਆਦਮੀ ਪਾਰਟੀ ਦੇ ਸਭ ਤੋਂ ਵੱਧ ਵੋਟਾਂ ਲੈਣ ਵਾਲੇ ਡਾ. ਧਰਮਵੀਰ ਗਾਂਧੀ ਅਤੇ ਰਵਿੰਦਰ ਸਿੰਘ ਖਾਲਸਾ ਹੁਣ ਪਾਰਟੀ ਤੋਂ ਦੂਰ ਜਾ ਚੁੱਕੇ ਹਨ। ਸੁੱਚਾ ਸਿੰਘ ਛੋਟੇਪੁਰ ਆਪਣੀ ਵੱਖਰੀ ਪਾਰਟੀ ਬਣਾ ਚੁੱਕੇ ਹਨ। ਇਸ ਤੋਂ ਇਲਾਵਾ ਵਿਧਾਨ ਸਭਾ ਦੇ ਕਈ ਹਲਕਿਆਂ ਵਿਚ ਆਮ ਆਦਮੀ ਪਾਰਟੀ ਦੇ ਨੇਤਾ ਇਕ ਦੂਸਰੇ ਦੀਆਂ ਲੱਤਾਂ ਖਿੱਚਦੇ ਨਜ਼ਰ ਆ ਰਹੇ ਹਨ। ਬੈਂਸ ਭਰਾਵਾਂ ਦੇ ਆਮ ਆਦਮੀ ਪਾਰਟੀ ਵਿਚ ਆਉਣ ਤੋਂ ਆਮ ਆਦਮੀ ਪਾਰਟੀ ਦੇ ਬਹੁਤ ਸਾਰੇ ਨੇਤਾ ਦੁਖੀ ਹਨ ਕਿਉਂਕਿ ਉਹਨਾਂ ਨੂੰ ਡਰ ਹੈ ਕਿ ਬੈਂਸ ਭਰਾਵਾਂ ਨੂੰ 5 ਸੀਟਾਂ ਦੇਣ ਨਾਲ ਉਹਨਾਂ ਦੀਆਂ ਟਿਕਟਾਂ ਕੱਟੀਆਂ ਜਾਣਗੀਆਂ। ਟਿਕਟਾਂ ਦੀ ਵੰਡ ਹੋਣ ਪਿੱਛੋਂ ਆਮ ਆਦਮੀ ਪਾਰਟੀ ਨੂੰ ਕਾਫੀ ਖੋਰਾ ਲੱਗ ਸਕਦਾ ਹੈ।

ਪੰਜਾਬ ਚੋਣਾਂ ਬਾਰੇ ਹੁਣ ਤੱਕ 13 ਸਰਵੇਖਣ ਸਾਹਮਣੇ ਆਏ ਹਨ, ਜਿਹਨਾਂ ਵਿਚੋਂ ਪਹਿਲੇ 11 ਸਰਵੇਖਣਾਂ ਵਿਚ ਆਮ ਆਦਮੀ ਪਾਰਟੀ ਨੂੰ ਸਭ ਤੋਂ ਅੱਗੇ ਦਿਖਾਇਆ ਗਿਆ ਸੀ, ਕਾਂਗਰਸ ਨੂੰ ਦੂਜੇ ਅਤੇ ਅਕਾਲੀ ਦਲ ਨੂੰ ਤੀਜੇ ਨੰਬਰ ਤੇ ਖਿਸਕਦਾ ਦਿਖਾਇਆ ਗਿਆ ਸੀ। ਪਰ ਉਸ ਤੋਂ ਬਾਅਦ ਜੋ ਦੋ ਸਰਵੇਖਣ ਆਏ ਹਨ ਇਹਨਾਂ ਵਿਚ ਕਾਂਗਰਸ ਨੂੰ ਸਭ ਤੋਂ ਅੱਗੇ, ਆਮ ਆਦਮੀ ਪਾਰਟੀ ਦੂਜੇ ਨੰਬਰ ਅਤੇ ਅਕਾਲੀ ਭਾਜਪਾ ਗੱਠਜੋੜ ਨੂੰ ਤੀਜੇ ਨੰਬਰ ਤੇ ਦਿਖਾਇਆ ਗਿਆ ਹੈ। ਹਾਲਾਂਕਿ ਇਹ ਵੀ ਕਿਹਾ ਗਿਆ ਕਿ ਸਰਵੇਖਣਾਂ ਵਿਚ ਭਾਵੇਂ ਕਾਂਗਰਸ ਸਭ ਤੋਂ ਅੱਗੇ ਜਾ ਰਹੀ ਹੈ ਪਰ ਉਸਨੂੰ ਬਹੁਮਤ ਤੋਂ ਕੁਝ ਦੂਰ ਦਿਖਾਇਆ ਗਿਆ ਹੈ। ਇਹਨਾਂ ਸਰਵੇਖਣਾਂ ਅਨੁਸਾਰ ਪੰਜਾਬ ਦੇ 35 ਫੀਸਦੀ ਲੋਕ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਰੂਪ ਵਿਚ ਵੇਖਣਾ ਚਾਹੁੰਦੇ ਹਨ, ਜਦਕਿ ਦੂਜੇ ਨੰਬਰ ਤੇ ਅਰਵਿੰਦ ਕੇਜਰੀਵਾਲ ਅਤੇ ਤੀਜੇ ਨੰਬਰ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਦਿਖਾਇਆ ਗਿਆ ਹੈ।

ਅਕਾਲੀ ਦਲ -ਭਾਜਪਾ ਦੀ ਡੁੱਬ ਰਹੀ ਬੇੜੀ ਵਿਚੋਂ ਹੁਣ ਤੱਕ 22 ਵੱਡੇ ਅਕਾਲੀ ਨੇਤਾ ਛਾਲਾਂ ਮਾਰ ਕੇ ਜਾਂ ਤਾਂ ਕਾਂਗਰਸ ਦਾ ਹੱਥ ਫੜ ਰਹੇ ਹਨ ਜਾਂ ਫਿਰ ਆਮ ਆਦਮੀ ਪਾਰਟੀ ਦਾ ਝਾੜੂ ਫੜ ਰਹੇ ਹਨ। ਪਰ ਕਾਂਗਰਸ ਦਾ ਹੱਥ ਫੜਨ ਵਾਲੇ ਅਕਾਲੀ ਨੇਤਾਵਾਂ ਦੀ ਗਿਣਤੀ ਬਹੁਤ ਵੱਧ ਹੈ। ਦੁਆਬਾ ਹਮੇਸ਼ਾ ਕਾਂਗਰਸ ਦਾ ਗੜ੍ਹ ਰਿਹਾ ਹੈ ਪਰ ਪਿਛਲੀਆਂ ਵਿਧਾਨ ਸਭਾ ਚੋਣਾਂ ਅਤੇ ਲੋਕ ਸਭਾ ਚੋਣਾਂ ਵਿਚ ਅਕਾਲੀ ਤੇ ਭਾਜਪਾਈ ਕਾਂਗਰਸੀ ਵੋਟਾਂ ਵਿਚ ਸੰਨ੍ਹ ਲਾਉਣ ਵਿਚ ਸਫਲ ਰਹੇ ਹਨ। ਪਰ ਸਰਵਣ ਸਿੰਘ ਫਿਲੌਰ ਤੇ ਪ੍ਰਗਟ ਸਿੰਘ ਦੇ ਕਾਂਗਰਸ ਵਿਚ ਆਉਣ ਨਾਲ ਕਾਂਗਰਸ ਦੁਆਬੇ ਵਿਚ ਆਪਣੀ ਪਹਿਲਾਂ ਵਾਲੀ ਸਥਿਤੀ ਦੇ ਨੇੜੇ ਆ ਸਕਦੀ ਹੈ। ਸਰਵਣ ਸਿੰਘ ਫਿਲੌਰ ਨੇ ਵਾਰ-ਵਾਰ ਇਹ ਗੱਲ ਆਖੀ ਹੈ ਕਿ ਉਹ ਦੁਆਬੇ ਵਿਚ ਕੋਈ ਅਕਾਲੀ ਨਹੀਂ ਜਿੱਤਣ ਦੇਣਗੇ।

ਭਾਰਤੀ ਜਨਤਾ ਪਾਰਟੀ ਵਿਚ ਫੁੱਟ ਬਹੁਤ ਜ਼ਿਆਦਾ ਵੱਧ ਗਈ ਹੈ। ਭਾਜਪਾ ਨੇਤਾਵਾਂ ਦਾ ਇਸ ਸਮੇਂ ਧਿਆਨ ਚੋਣਾਂ ਵੱਲ ਉਨਾ ਨਹੀਂ ਹੈ ਜਿੰਨਾ ਇਕ ਦੂਸਰੇ ਨੂੰ ਕਮਜ਼ੋਰ ਕਰਨ ਵੱਲ ਹੈ। ਪਿਛਲੇ ਦਿਨੀਂ ਕੇਂਦਰੀ ਮੰਤਰੀ ਵਿਜੇ ਸਾਂਪਲਾ ਦੇ ਪਿੰਡ ਵਿਚ ਸਾਂਪਲਾ ਵੱਲੋਂ ਕੀਤੇ ਸਮਾਗਮ ਵਿਚ ਨਾ ਅਕਾਲੀ, ਨਾ ਭਾਜਪਾ ਦੇ ਵਰਕਰ ਤੇ ਨੇਤਾ। ਬੱਚਿਆਂ ਨੂੰ ਸਕੂਲਾਂ ਵਿਚੋਂ ਲਿਆ ਕੇ ਕੁਰਸੀਆਂ ਤੇ ਬਿਠਾਇਆ ਗਿਆ, ਫਿਰ ਵੀ ਸੈਂਕੜੇ ਕੁਰਸੀਆਂ ਖਾਲੀ ਪਈਆਂ ਰਹੀਆਂ। ਜਲੰਧਰ ਛਾਉਣੀ ਹਲਕੇ ਵਿਚ ਉਤਾਰੇ ਜਾ ਰਹੇ ਅਕਾਲੀ ਉਮੀਦਵਾਰ ਵਿਰੁੱਧ ਹਲਕੇ ਦੇ ਅਕਾਲੀ ਲਾਮਬੰਦ ਹੋ ਗਏ ਹਨ। ਇਹੋ ਜਿਹੇ ਹਾਲਾਤ ਹੀ ਆਦਮਪੁਰ ਅਤੇ ਸ਼ਾਮ ਚੋਰਾਸੀ ਦੀ ਸੀਟ ਦੇ ਵੀ ਦਿੱਸਦੇ ਹਨ। ਨਵਜੋਤ ਸਿੰਘ ਸਿੱਧੂ ਦੇ ਕਾਂਗਰਸ ਵਿਚ ਸ਼ਾਮਲ ਹੋਣ ਦਾ; ਕਾਂਗਰਸ ਨੂੰ ਕਾਫੀ ਲਾਭ ਹੋਣ ਵਾਲਾ ਹੈ। ਭਾਜਪਾ ਦੇ ਐਮ. ਪੀ. ਰਹੇ ਸਿੱਧੂ ਅਤੇ ਉਹਨਾਂ ਦੀ ਧਰਮ ਪਤਨੀ ਦੇ ਭਾਜਪਾ ਵਿਚੋਂ ਛਾਲ ਮਾਰ ਕੇ ਕਾਂਗਰਸ ਵਿਚ ਆ ਜਾਣ ਨਾਲ ਕੇਵਲ ਭਾਜਪਾ ਹੀ ਕਮਜ਼ੋਰ ਨਹੀਂ ਹੋਈ ਬਲਕਿ ਅਕਾਲੀ ਦਲ ਨੂੰ ਵੀ ਢਾਅ ਲੱਗੀ ਹੈ।

ਪਿਛਲੀ ਵਾਰ ਕਾਂਗਰਸ ਨੂੰ ਇਸ ਗੱਲ ਦਾ ਵੀ ਨੁਕਸਾਨ ਹੋਇਆ ਸੀ ਕਿ ਬਾਕੀ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਨੇ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਸੀ। ਜਦਕਿ ਕਾਂਗਰਸੀ ਉਮੀਦਵਾਰਾਂ ਦਾ ਫੈਸਲਾ ਬਹੁਤ ਲੇਟ ਹੋਇਆ ਤੇ ਕਾਂਗਰਸੀ ਉਮੀਦਵਾਰਾਂ ਨੂੰ ਆਪੋ ਆਪਦੀ ਮੁਹਿੰਮ ਲਈ ਬਹੁਤ ਘੱਟ ਸਮਾਂ ਮਿਲਿਆ ਪਰ ਇਸ ਵਾਰੀ ਅਜਿਹਾ ਨਹੀਂ ਹੋਵੇਗਾ। ਕਾਂਗਰਸੀ ਉਮੀਦਵਾਰਾਂ ਬਾਰੇ ਫੈਸਲਾ ਦਸੰਬਰ ਦੇ ਪਹਿਲੇ ਹਫਤੇ ਹੋ ਜਾਵੇਗਾ ਤੇ ਇਸ ਤਰ੍ਹਾਂ ਉਹਨਾਂ ਨੂੰ ਚੋਣ ਮੁਹਿੰਮ ਲਈ ਕਾਫੀ ਸਮਾਂ ਮਿਲ ਜਾਵੇਗਾ। ਪਿਛਲੀਆਂ ਲੱਗਭੱਗ ਤਿੰਨ ਚੋਣਾਂ ਦੌਰਾਨ ਕਾਂਗਰਸ ਵਿਚ ਆਪਸੀ ਫੁੱਟ ਵੀ ਉਸਦੀ ਹਾਰ ਦਾ ਕਾਰਨ ਬਣਦੀ ਰਹੀ ਹੈ। ਪਰ ਇਸ ਵਾਰੀ ਸਥਿਤੀ ਵਿਚ ਕੁਝ ਫਰਕ ਹੈ। ਸ. ਪ੍ਰਤਾਪ ਸਿੰਘ ਬਾਜਵਾ ਅੰਦਰੋਂ ਭਾਵੇਂ ਕਿੰਨੇ ਵੀ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਰਹਿਣ ਪਰ ਹਾਈ ਕਮਾਨ ਉਨ੍ਹਾਂ ਨੂੰ ਖੁੱਲ੍ਹ ਕੇ ਫੁੱਟ ਦਾ ਪ੍ਰਦਰਸ਼ਨ ਨਹੀਂ ਕਰਨ ਦੇਵੇਗੀ।

ਅਕਾਲੀ ਦਲ ਦਾ ਪੰਥਕ ਅਕਸ ਹੁਣ ਪਹਿਲਾਂ ਵਾਲਾ ਨਹੀਂ ਰਹਿ ਗਿਆ ਹੈ। ਆਰ. ਐਸ. ਐਸ. ਵੱਲੋਂ ਵਾਰ ਵਾਰ ਸਿੱਖਾਂ ਨੂੰ ਹਿੰਦੂ ਕਹਿਣ ਅਤੇ ਆਰ. ਐਸ. ਐਸ. ਵੱਲੋਂ ਆਪਣੇ ਇਕ ਇਸ਼ਤਿਹਾਰ ਵਿਚ ਸਵਾਮੀ ਵਿਵੇਕਾਨੰਦ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਬਰਾਬਰ ਤੇ ਛਾਪਣ ਤੇ ਅਕਾਲੀਦਲ ਦੀ ਖਾਮੋਸ਼ੀ ਕਾਰਨ ਹੁਣ ਕਾਫੀ ਸਿੱਖਾਂ ਵਿਚ ਬੇਚੈਨੀ ਹੈ। ਪੰਜਾਬ ਵਿਚ ਨਸ਼ਿਆਂ ਦੇ ਵਿਉਪਾਰ ਵਿਚ ਅਕਾਲੀ ਦਲ ਦੀ ਭੂਮਿਕਾ ਤੋਂ ਸਿੱਖ ਤੇ ਹੋਰ ਪੰਜਾਬੀ ਕਾਫੀ ਦੁਖੀ ਹਨ। ਕੇਂਦਰ ਵਿਚ ਬਣੀ ਮੋਦੀ ਸਰਕਾਰ ਦੀਆਂ ਹੁਕਮਰਾਨ ਅਕਾਲੀਆਂ ਵੱਲੋਂ ਤਾਰੀਫਾਂ ਕਰਨ ਅਤੇ ਮੋਦੀ ਸਰਕਾਰ ਵੱਲੋਂ ਪੰਜਾਬ ਦੇ ਹਿੱਤਾਂ ਨੂੰ ਲਗਾਤਾਰ ਅਣਡਿੱਠ ਕਰਨ ਕਾਰਨ ਵੀ ਸਿੱਖ ਅਤੇ ਪੰਜਾਬ ਦੀ ਹੋਰ ਜਨਤਾ ਵਿਚ ਅਕਾਲੀਆਂ ਦਾ ਉਹ ਸਤਿਕਾਰ ਨਹੀਂ ਰਹਿ ਗਿਆ ਜੋ ਕਿ ਪਹਿਲਾਂ ਸੀ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸੰਵਿਧਾਨ ਦਿਵਸ ’ਤੇ ਨਸਰਾਲਾ ਸਕੂਲ ਵਿਚ ਹੋਏ ਭਾਸ਼ਣ ਮੁਕਾਬਲੇ



**ਨਸਰਾਲਾ (ਜਲੰਧਰ)–** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਸਰਾਲਾ ਵਿਚ ਸੰਵਿਧਾਨ ਦਿਵਸ ’ਤੇ ਪ੍ਰਿੰਸੀਪਲ ਸ੍ਰੀ ਕਰੁਣ ਸ਼ਰਮਾ ਦੀ ਅਗਵਾਈ ਵਿਚ ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਮੁਕਾਬਲੇ ਦੌਰਾਨ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਮੁੱਖ ਬੁਲਾਰੇ ਲੈਕਚਰਾਰ ਬਲਵੀਰ ਚੰਦ ਅਤੇ ਡਾ. ਜਸਵੰਤ ਰਾਏ ਨੇ ਸੰਵਿਧਾਨ ਨਿਰਮਾਣ ਕਰਤਾ ਡਾ. ਭੀਮ ਰਾਓ ਅੰਬੇਡਕਰ ਅਤੇ ਸੰਵਿਧਾਨ ਦੀ ਮਹੱਤਤਾ ’ਤੇ ਚਰਚਾ ਕਰਦਿਆਂ ਕਿਹਾ ਕਿ ਸਾਡੇ ਸਕੂਲ ਦਾ, ਪਰਿਵਾਰ ਦਾ, ਸਮਾਜ ਦਾ ਵੀ ਇਕ ਸੰਵਿਧਾਨ ਹੁੰਦਾ ਹੈ। ਸਾਨੂੰ ਸੰਵਿਧਾਨ ਦੇ ਨੇਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਇਸ ਦਿਵਸ ਦੀ ਵਧਾਈ ਦਿੰਦਿਆਂ ਪ੍ਰਿੰਸੀਪਲ ਸਾਹਿਬ ਨੇ ਇਸ ਤਰ੍ਹਾਂ ਦੇ ਮੁਕਾਬਲਿਆਂ ਵਿਚ ਵੱਧ ਤੋਂ ਵੱਧ ਸ਼ਿਰਕਤ ਕਰਨ ਲਈ ਪ੍ਰੇਰਿਆ। ਵਿਦਿਆਰਥੀਆਂ ਨੇ ਸਾਰੇ ਪ੍ਰੋਗਰਾਮ ਨੂੰ ਬਹੁਤ ਧਿਆਨ ਨਾਲ ਵਾਚਦਿਆਂ ਕੁਝ ਸਵਾਲ ਵੀ ਉਠਾਏ, ਜਿਹਨਾਂ ਬਾਰੇ ਅਧਿਆਪਕਾਂ ਨੇ ਵਿਸਥਾਰਿਤ ਚਰਚਾ ਕੀਤੀ। ਇਸ ਮੌਕੇ ਲੈਕਚਰਾਰ ਕੁਲਵਿੰਦਰ ਸਿੰਘ, ਲੈਕਚਰਾਰ ਸੁਖਦੇਵ ਸਿੰਘ, ਮੈਡਮ ਗੁਰਦਰਸ਼ਨ ਕੌਰ, ਰਵਿੰਦਰ ਕੁਮਾਰ ਫਾਈਨ ਆਰਟਸ, ਸੁਰੇਸ਼ ਕੁਮਾਰ, ਸੰਜੀਵ ਕੁਮਾਰ, ਰੋਹਿਤ ਰਾਂਗੜਾ, ਸੁਰਿੰਦਰ ਕੌਰ, ਕਮਲੇਸ਼ ਕੌਰ, ਮੰਜੂ ਅਰੋੜਾ, ਰਜਵਿੰਦਰ ਕੌਰ, ਬਲਜੀਤ ਸਿੰਘ, ਵਿਸ਼ਾਲ ਕੰਪਿਊਟਰ ਫੈਕਲਟੀ, ਅਨਿਲ ਕੁਮਾਰ, ਸੋਨੀਆ ਮੈਡਮ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਅਕਾਲੀ ਦਲ ਤੋਂ ਬਾਗ਼ੀ ਹੋਏ ਤੇਜਿੰਦਰਪਾਲ ਸਿੰਘ ਸੰਧੂ

**ਪਟਿਆਲਾ–** ਅਕਾਲੀ ਆਗੂ ਅਤੇ ਐਸਐਸ ਬੋਰਡ ਦੇ ਸਾਬਕਾ ਚੇਅਰਮੈਨ ਤੇਜਿੰਦਰਪਾਲ ਸਿੰਘ ਸੰਧੂ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਬਗ਼ਾਵਤ ਕਰਦਿਆਂ ਆਪਣੀ ਪਤਨੀ ਅਨੂਪਇੰਦਰ ਕੌਰ ਸੰਧੂ ਨੂੰ ਘਨੌਰ ਹਲਕੇ ਤੋਂ ਆਜ਼ਾਦ ਉਮੀਦਵਾਰ ਐਲਾਨ ਦਿੱਤਾ ਹੈ। ਇਹ ਐਲਾਨ ਘਨੌਰ ਹਲਕੇ ਵਿੱਚ ਇੱਕਠ ਦੌਰਾਨ ਕੀਤਾ ਗਿਆ। ਸ੍ਰੀਮਤੀ ਸੰਧੂ ਸ਼੍ਰੋਮਣੀ ਅਕਾਲੀ ਦਲ ਮਹਿਲਾ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਹਨ, ਜਦੋਂਕਿ ਸ੍ਰੀ ਸੰਧੂ ਪਾਰਟੀ ਦੀ ਵਰਕਿੰਗ ਕਮੇਟੀ ਵਿੱਚ ਹਨ। ਸ੍ਰੀ ਸੰਧੂ ਨੇ ਪਿਛਲੀ ਵਾਰ ਪਟਿਆਲਾ ਜ਼ਿਲ੍ਹੇ ਦੇ ਹਲਕਾ ਸਨੌਰ ਤੋਂ ਅਕਾਲੀ ਦਲ ਵੱਲੋਂ ਕਾਂਗਰਸ ਦੇ ਦਿੱਗਜ ਆਗੂ ਲਾਲ ਸਿੰਘ ਖ਼ਿਲਾਫ਼ ਚੋਣ ਲੜੀ ਸੀ ਤੇ ਉਹ ਥੋੜ੍ਹੇ ਫ਼ਰਕ ਨਾਲ ਚੋਣ ਹਾਰ ਗਏ ਸਨ ਪਰ ਮੁੜ ਅਕਾਲੀ ਸਰਕਾਰ ਬਣਨ ’ਤੇ ਪਾਰਟੀ ਨੇ ਉਨ੍ਹਾਂ ਨੂੰ ਸਨੌਰ ਹਲਕੇ ਦਾ ਇੰਚਾਰਜ ਥਾਪ ਦਿੱਤਾ ਗਿਆ ਸੀ। ਪਿਛਲੇ ਸਮੇਂ ਬਦਲੇ ਸਮੀਕਰਨ ਮਗਰੋਂ ਪਾਰਟੀ ਨੇ ਉਨ੍ਹਾਂ ਕੋਲੋਂ ਹਲਕਾ ਇੰਚਾਰਜੀ ਖੋਹ ਕੇ ਪ੍ਰੇਮ ਸਿੰਘ ਚੰਦੂਮਾਜਰਾ ਦੇ ਪੁੱਤਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਹਵਾਲੇ ਕਰ ਦਿੱਤੀ ਸੀ। ਇਸ ਕਾਰਨ ਸੰਧੂ ਪਰਿਵਾਰ ਪਾਰਟੀ ਤੋਂ ਖ਼ਫ਼ਾ ਸੀ ਤੇ ਉਨ੍ਹਾਂ ਨੇ ਕੁਝ ਸਮੇਂ ਤੋਂ ਹਲਕਾ ਘਨੌਰ ਤੋਂ ਸਿਆਸੀ ਸਰਗਰਮੀ ਵਿੱਢੀ ਹੋਈ ਸੀ।

ਉਨ੍ਹਾਂ ਨੂੰ ਆਸ ਸੀ ਕਿ ਪਾਰਟੀ ਸਨੌਰ ਦੀ ਬਜਾਏ ਘਨੌਰ ਤੋਂ ਟਿਕਟ ਦੇ ਸਕਦੀ ਹੈ, ਕਿਉਂਕਿ ਪਿਛਲੀ ਵਾਰ ਵੀ ਸੰਧੂ ਪਰਿਵਾਰ ਪਹਿਲਾਂ ਘਨੌਰ ਤੋਂ ਹੀ ਟਿਕਟ ਦਾ ਦਾਅਵੇਦਾਰ ਸੀ। ਪਾਰਟੀ ਹਾਈਕਮਾਂਡ ਨੇ ਲੰਘੇ ਦਿਨੀਂ ਘਨੌਰ ਹਲਕੇ ਤੋਂ ਮੌਜੂਦਾ ਵਿਧਾਇਕਾ ਹਰਪ੍ਰੀਤ ਕੌਰ ਮੁਖਮੈਲਪੁਰ ਨੂੰ ਹੀ ਟਿਕਟ ਦੇਣ ਦਾ ਐਲਾਨ ਕਰ ਦਿੱਤਾ, ਜਿਸ ਮਗਰੋਂ ਸੰਧੂ ਖੇਮੇ ਵਿੱਚ ਰੋਸ ਵਧ ਗਿਆ।

# ਗੁਰਾਇਆ ਵਿਖੇ ਸਰੂਪ ਸਿੰਘ ਕੜਿਆਣਾ ਦੇ ਹੱਕ ਚ ਆਪ ਦੀ ਹੋਈ ਪੰਜਾਬ ਇਨਕਲਾਬ ਰੈਲੀ

## ਪੰਜਾਬ ਦਾ ਉੱਪ ਮੁੱਖ ਮੰਤਰੀ ਦਲਿਤ ਹੋਵੇਗਾ : ਕੇਜਰੀਵਾਲ਼, 70 ਸਾਲ ਬੀਤਣ ਤੇ ਵੀ ਦਲਿਤ ਸਮਾਜ ਗੁਲਾਮ ਦਾ ਗੁਲਾਮ

**ਗੁਰਾਇਆ (ਨਿਰਮਲ ਗੁੜਾ)–** ਬਾਬਾ ਸਾਹਿਬ ਡਾ. ਅੰਬੇਡਕਰ ਵਲੋਂ ਦੇਸ਼ ਵਾਸੀਆਂ ਨੂੰ ਦਿਤੇ ਸੰਵਿਧਾਨ ਵਿੱਚ ਸਭ ਲਈ ਬਾਰਬਾਰ ਦੇ ਅਧਿਕਾਰ ਹਨ, ਪਰ ਸਰਕਾਰਾਂ ਵਲੋਂ ਲਾਗੂ ਨਾ ਕਰਨ ਕਾਰਣ, ਅਜਾਦੀ ਦੇ 70 ਸਾਲ ਬੀਤਣ ਦੇ ਬਾਅਦ ਵੀ ਦਲਿਤ ਸਮਾਜ ਨੂੰ ਬਰਾਬਰ ਦੇ ਹੱਕ ਨਹੀਂ ਮਿਲੇ, ਪੰਜਾਬ ਦੇ ਸਰਕਾਰੀ ਸਕੂਲਾਂ ਅੰਦਰ, ਜਿਥੇ ਪੂਰੇ ਅਧਿਆਪਕ ਤੇ ਲੋੜੀਂਦੀਆਂ ਸਹੂਲਤਾਂ ਨਹੀਂ ਹਨ, ਇਹਨਾਂ ਸਕੂਲਾਂ ਵਿੱਚ 80 ਫੀ ਸਦੀ ਵਿਦਿਆਰਥੀ ਦਲਿਤ ਪਰਿਵਾਰਾਂ ਦੇ ਪੜ੍ਹਾਈ ਕਰ ਰਹੇ ਹਨ, ਸਰਕਾਰੀ ਹਸਪਤਾਲ਼ਾਂ ਵਿੱਚ ਡਾਟਕਰ ਨਹੀਂ ਹਨ ਤੇ ਪੰਜਾਬ ਦਾ ਪੜ੍ਹਿਆ ਲਿਖਿਆ ਨੌਜਵਾਨ ਬੇਰੁਜਗਾਰੀ ਦੀ ਮਾਰ ਖਾ ਕਿਹਾ ਤੇ ਨਸ਼ਿਆਂ ਦੀ ਦਲ ਦਲ ਵਿੱਚ ਧਸਦਾ ਜਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਪੀ ਪਾਰਟੀ ਦੇ ਸੁਪਰੀਮੋ ਤੇ ਦਿਲੀ ਮੁੱਖ ਮੰਤਰੀ ਅਰਵਿੰਦ ਕੇਜਰੀਆਲ਼ ਨੇ ਗੁਰਾਇਆ ਵਿਖੇ ਕੀਤੀ ਗਈ ਪੰਜਾਬ ਇੰਨਕਲਾਬ ਰੈਲੀ ਨੂੰ



ਸੰਬੋਧਨ ਕਰਦਿਆਂ ਕਹੇ। ਉਹਨਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਸਰਕਾਰੀ ਸਕੂਲ ਇਨੇ ਵਧੀਆਂ ਤੇ ਸਹੂਲਤਾਂ ਪ੍ਰਭੂਰ ਬਣਾ ਦੇਣੇ ਹਨ ਕਿ ਲੋਕ ਪ੍ਰਾਈਵੇਟ ਸਕੂਲਾਂ ਵਿੱਚੋਂ ਬਚਿਆਂ ਨੂੰ ਹਟਾ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣਗੇ। ਇਸ ਮੌਕੇ ਦਲਿਤ ਮੈਨੀਫੈਸਟੋ ਜਾਰੀ ਕਰਦਿਆਂ ਕਿਹਾ ਕਿ ਇਹ ਆਮ ਲੋਕਾਂ ਦੀ ਰਾਇ ਜਾਣ ਕੇ ਤਿਆਰ ਕੀਤਾ ਗਿਆ ਜਿਸ ਨਾ਼ਲ ਦੇਸ਼ ਦਾ ਹਰ ਵਰਗ ਖੁਸ਼ ਹੋਵੇਗਾ। ਇਸ ਮੌਕੇ ਕੇਜਰੀਵਾ਼ਲ ਨੇ ਕਿਹਾ ਕਿ ਪੰਜਾਬ ਵਿੱਚ ਆਪ ਦੀ ਸਰਕਾਰ ਬਣਨ ਤੇ ਉਪ ਮੁੱਖ ਮੰਤਰੀ ਦਲਿਤ ਬਾਈਚਾਰੇ ਵਿੱਚੋਂ ਬਣਾਇਆ ਜਾਵੇਗਾ।

ਇਸ ਮੌਕੇ ਚੋਣ ਮੈਨੀਫੈਸਟੋ ਪੜਵਕੇ ਵੀ ਸੁਣਾਇਆ ਗਿਆ, ਜਿਸ ਵਿੱਚ 19 ਨੁਕਤੇ ਦਲਿਤ ਸਮਾਜ ਲਈ ਦਿਤੇ ਗਏ ਹਨ। ਇਸ ਮੌਕੇ ਪਾਰਟੀ ਦੇ ਪੰਜਾਬ ਕਨਵੀਨਰ ਗੁਰਪ੍ਰੀਤ ਬੜੈਚ, ਸੀਨੀਅਰ ਆਗੂ ਜਰਨੈਲ ਸਿੰਘ, ਸੁਖਦੀਪ ਸਿੰਘ ਅੱਪਰਾ, ਐਚ ਐਸ ਫੂਲਕਾ, ਤਿਰਲੋਕ ਵਿਰਕ, ਦੇਵ ਵਿਰਕ, ਪਲਵਿੰਦਰ ਬਿੰਦਾ ਦੁਸਾਂਝ, ਗੁਰਨੇਕ ਸਿੰਘ ਚੇਕਦੇਸਰਾਜ ਸਮੇਤ ਵੱਖ ਵੱਖ ਹਲਕਿਆਂ ਦੇ ਉਮੀਦਵਾਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਮੱਰਥਕ ਮੌਜੂਦ ਸਨ।




MAJESTIC HOMES

JUST LISTED
$279,950
3201 Magicwoods Ct
Sacramento

3 Bedrooms and 2 Bathrooms - Home in Sacramento
Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. New carpet and laminte flooring. Freshly painted inside. New kitchen appliances and counters. Single story home. Court location.







SOLD
3314 Canim Ct
Antioch
3 Bedrooms and 2 Bathrooms - Home in Antioch
Cozy 3 Bedrooms, 2 bath and 2 car garage in a court location on a 6600 sqft lot. Dual pane windows. Storage shed in the backyard. Possible RV parking. Fire place in living room. Central heating and air conditioning. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



Ramesh Suman, Broker
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



Deo Raj "Dave" Singh, Realtor
BRE License - 01789784
Direct: (925)766-3280
E-mail: Dave@MajesticHomes.us



Rajbir S. Sarkaria, Realtor
BRE License - 01499991
Direct: (925)766-5784
E-mail: Raj@MajesticHomes.us

2006 A Street, Suite 219, Antioch, CA 94509
Service Excellence - Experience the Difference
WWW.MajesticHomes.US Email: Ramesh@RameshSuman.com

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-11

## ਗੁਰੁ ਈਸ਼ਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥ ਤੋਂ ਕੀ ਭਾਵ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਇੱਥੇ ਗੁਰੂ ਦਾ ਅਰਥ ਗਿਆਨਦਾਤਾ ਪ੍ਰਮੇਸ਼ਰ ਜੋ ਸਰਬ ਵਿਆਪਕ ਹੈ। ਜਦ ਸਿੱਧਾਂ ਨੇ ਬਾਬਾ ਨਾਨਕ ਜੀ ਨੂੰ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ? ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ॥(੯੪੨) ਤਾਂ ਬਾਬੇ ਨੇ ਕਿਹਾ-ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਸਿੱਧ ਗੋਸਟ) ਜਿਸ ਸ਼ਬਦ ਨੂੰ ਬਾਬੇ ਨੇ ਗੁਰੂ ਕਿਹਾ ਉਹ ਸਰਬ ਵਿਆਪਕ ਭਾਵ ਪ੍ਰਮਾਤਮਾਂ ਹੈ ਜੋ ਸਦੀਵ ਪ੍ਰਕਾਸ਼ ਰੂਪ ਹੈ। ਜੋ ਗਿਆਨ ਦੇ ਤੇਜ ਪ੍ਰਕਾਸ਼ ਨਾਲ ਅਗਿਆਨਤਾ ਦਾ ਹਨੇਰਾ ਦੂਰ ਕਰ ਦਿੰਦਾ ਹੈ।

ਉਪ੍ਰੋਕਤ ਪੰਕਤੀ-ਗੁਰੁ ਈਸ਼ਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥ ਜਪੁਜੀ ਸਾਹਿਬ ਦੀ ਪੰਜਵੀਂ ਪਾਉੜੀ ਚੋਂ ਹੈ ਜਿਸ ਬਾਰੇ ਬਾਬਾ ਨਾਨਕ ਜੀ ਫੁਰਮਾਂਦੇ ਹਨ ਕਿ ਗੁਰੂ ਹੀ ਈਸ਼ਰ, ਗੋਰਖ, ਬ੍ਰਹਮਾ ਅਤੇ ਗੁਰੂ ਹੀ ਪਾਰ-ਬਤੀ ਮਾਈ ਹੈ ਭਾਵ ਮੇਰਾ ਗੁਰੂ ਹੀ ਮੇਰੇ ਵਾਸਤੇ ਸਭ ਕੁਝ ਹੈ ਪਰ ਡੇਰੇਦਾਰ ਅਤੇ ਸੰਪ੍ਰਦਾਈ ਟਕਸਾਲੀ ਇਸ ਪੰਕਤੀ ਦੇ ਅਰਥ ਉਲਟ ਕਰਦੇ ਹਨ ਕਿ ਈਸ਼ਰ, ਗੋਰਖ, ਬ੍ਰਹਮਾਂ ਗੁਰੂ ਤੇ ਪਾਰਬਤੀ ਮਾਂ ਹੈ।

ਜਦ ਕਿ ਗੁਰੂ ਨੇ ਗੁਰਬਾਣੀ ਵਿੱਚ ਹੋਰ ਵੀ ਸ਼ਪਸ਼ਟ ਕੀਤਾ ਹੈ ਕਿ-ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸਰਾ॥(੨੫੦) ਭਾਵ ਪ੍ਰਕਾਸ਼ ਰੂਪ ਗੁਰੂ ਪ੍ਰਮਾਤਮਾਂ ਹੀ ਸਭ ਦਾ ਮਾਤਾ ਪਿਤਾ ਹੈ। ਜਿਹੜੇ ਲੋਕ ਈਸ਼ਰ, ਗੋਰਖ ਤੇ ਬਰਮਾਂ ਨੂੰ ਗੁਰੂ ਅਤੇ ਪਾਰਬਤੀ ਨੂੰ ਮਾਂ ਮੰਨਦੇ ਸਨ, ਇਸ ਪੰਕਤੀ ਵਿੱਚ ਬਾਬੇ ਨਾਨਕ ਨੇ ਉਨ੍ਹਾਂ ਦਾ ਭੁਲੇਖਾ ਦੂਰ ਕੀਤਾ ਹੈ ਪਰ ਅਜੋਕੇ ਡੇਰੇਦਾਰ ਟਕਸਾਲੀ ਸੰਗਤਾਂ ਨੂੰ ਅਜਿਹੇ ਬ੍ਰਾਹਮਣਵਾਦੀ ਭਰਮ ਭੁਲੇਖਿਆਂ ਵਿੱਚ ਪਾ ਰਹੇ ਹਨ।

ਆਓ ਮਿਥਿਹਾਸਕ ਦੇਵੀ ਪਾਰਬਤੀ ਬਾਰੇ ਵਿਚਾਰ ਕਰੀਏ-ਮਹਾਨ ਕੋਸ਼ ਤੇ ਡਾ. ਰਤਨ ਸਿੰਘ ਜੱਗੀ ਅਨੁਸਾਰ ਹਿਮਾਲੀਆ ਪਰਬਤ ਦੀ ਪੁਤ੍ਰੀ। ਡਾ. ਜੱਗੀ ਜੀ ਲਿਖਦੇ ਹਨ ਕਿ ਬ੍ਰਹਮ-ਪੁਰਾਣ ਅਨੁਸਾਰ ਸ਼ੈਲੇਂਦ੍ਰ (ਹਿਮਾਲਯ ਪਰਬਤ) ਕਠਨ ਤਪੱਸਿਆ ਕਰ ਬ੍ਰਹਮਾਂ ਤੋਂ ਵਰ ਪ੍ਰਾਪਤ ਕੀਤਾ ਜਿਸ ਕਰਕੇ ਉਸ ਦੇ ਘਰ ਮੇਨਾ ਦੀ ਕੁਖੋਂ 3 ਪੁਤ੍ਰੀਆਂ ਅਰਪਣਾ, ਪਰਣਾ ਤੇ ਪਾਟਲਾ ਦਾ ਜਨਮ ਹੋਇਆ। ਇਨ੍ਹਾਂ ਚੋਂ ਪਰਣਾ ਤੇ ਪਾਟਲਾ ਨੇ, ਇੱਕ ਹਜ਼ਾਰ ਵਰ੍ਹੇ ਬਾਅਦ ਭੋਜਨ ਕੀਤਾ ਪਰ ਅਰਪਣਾ ਨੇ ਓਦੋਂ ਵੀ ਕੋਈ ਚੀਜ਼ ਨਾ ਖਾਈ। ਮੇਨਾ ਨੇ ਉਸ ਨੂੰ 'ਉ+ਮਾ' ਕਹਿ ਕੇ ਕਠੋਰ ਤਪੱਸਿਆ ਤੋਂ ਰੋਕਿਆ, ਉਸ ਦਿਨ ਤੋਂ ਉਸ ਦਾ ਨਾਂ 'ਉਮਾ' ਪ੍ਰਚਲਿਤ ਹੋ ਗਿਆ ਤੇ ਉਸ ਤਪੱਸਿਆ ਤੋਂ ਪ੍ਰਸੰਨ ਹੋ ਕੇ ਸ਼ਿਵ ਨੇ ਉਸ ਅੱਗੇ ਵਿਆਹ ਦਾ ਪ੍ਰਸਤਾਵ ਰੱਖਿਆ ਪਰ ਉਸ ਨੇ ਪਿਤਾ ਸੈਲੇਂਦ੍ਰ ਦੀ ਆਗਿਆ ਲੈਣ ਲਈ ਕਿਹਾ ਤਾਂ ਸ਼ਿਵ ਨੇ ਭਿਆਨਕ ਰੂਪ ਵਿੱਚ ਸ਼ੈਲੇਂਦ੍ਰ ਅੱਗੇ ਅਜਿਹਾ ਕੀਤਾ ਜੋ ਸ਼ੈਲੇਂਦ੍ਰ ਨੂੰ ਨਾਂ ਜਚਿਆ। ਉਸ ਨੇ ਉਮਾਂ ਦਾ ਵਿਆਹ ਸੁਅੰਬਰ ਦੁਆਰਾ ਕਰਨ ਦਾ ਨਿਰਣਾ ਕੀਤਾ। ਸੁਅੰਬਰ ਮੌਕੇ ਸ਼ਿਵ ਨੇ ਬਾਲਕ ਦਾ ਰੂਪ ਧਾਰਨ ਕਰ ਲਿਆ, ਉਮਾ ਨੇ ਉਸ ਨੂੰ ਪਛਾਣ ਗਲੇ ਨਾਲ ਲਾਇਆ ਤਾਂ ਸ਼ਿਵ ਨੇ ਆਪਣਾ ਰੂਪ ਪ੍ਰਗਟ ਕੀਤਾ। ਬ੍ਰਹਮਾ ਨੇ ਦੋਹਾਂ ਦਾ ਵਿਆਹ ਕਰ ਦਿੱਤਾ ਤੇ ਸ਼ਿਵ ਉਮਾਂ ਸਮੇਤ ਮੇਰੁ ਪਰਬਤ ਤੇ ਚਲਾ ਗਿਆ।

ਸਕੰਦ ਪੁਰਾਨ ਅਨੁਸਾਰ ਉਮਾ ਪਹਿਲੇ ਕਾਲੇ ਰੰਗ ਦੀ ਸੀ ਪਰ ਅਨਰਕੇਸ਼ਵਰ ਤੀਰਥ ਤੇ ਇਸ਼ਨਾਨ ਕਰ, ਸ਼ਿਵ-ਲਿੰਗ ਨੂੰ ਦੀਪ-ਦਾਨ ਕਰਨ ਨਾਲ ਗੋਰੇ ਰੰਗ ਦੀ ਹੋ ਗੋਰੀ ਅਖਵਾਈ।

ਇੱਕ ਵਿਚਾਰ ਅਨੁਸਾਰ ਪਰਬਤ ਦੀ ਪ੍ਰਮੁੱਖ ਦੇਵੀ ਹੋਣ ਕਾਰਣ ਇਸ ਦਾ ਨਾਂ "ਪਾਰਬਤੀ" ਪਿਆ। ਦੁਰਗਾ, ਕਾਲੀ, ਭਵਾਨੀ ਵੀ ਇਸ ਦੇ ਨਾਮ ਮੰਨੇ ਜਾਂਦੇ ਹਨ। ਹਿੰਦੂਆਂ ਵਿੱਚ ਖਾਸ ਕਰਕੇ ਸ਼ਿਵ-ਮੱਤ ਵਾਲਿਆਂ ਅਤੇ ਦੇਵੀ ਦੇ ਉਪਾਸ਼ਕਾਂ ਵਿੱਚ, ਇਸ ਦੀ ਪੂਜਾ ਹੁੰਦੀ ਹੈ। ਗੁਰਮਤਿ ਅਨੁਸਾਰ ਦੇਵੀ ਦੇਵਤਿਆਂ ਦੀ ਕੋਈ ਹੋਂਦ ਨਹੀਂ।

ਇੱਕ ਮਨੌਤ ਅਨੁਸਾਰ ਦੁਰਗ ਦੈਂਤ ਨੂੰ ਮਾਰਨ ਕਰਕੇ ਇਸ ਦਾ ਨਾਂ ਦੁਰਗਾ ਪਿਆ। ਇਸਾ ਦਾ ਪ੍ਰਸੰਗ "ਮਾਰਕੰਡੇ ਪੁਰਾਣ" ਦੀ "ਦੁਰਗਾ ਸਪ੍ਤਸ਼ਤੀ" ਵਿੱਚ ਵਿਸਥਾਰ ਨਾਲ ਹੈ। ਇਸ ਦੀ ਸਵਾਰੀ ਸ਼ੇਰ ਤੇ ਇਸ ਦੀਆਂ 8 ਭੁਜਾਵਾਂ ਵਿੱਚ ਕਈ ਤਰ੍ਹਾਂ ਦੇ ਸ਼ਸ਼ਤ੍ਰ ਹਨ। ਇੰਦ੍ਰ ਅਤੇ ਹੋਰ ਦੇਵਤਿਆਂ ਦੀ ਸਹਾਇਤਾ ਲਈ ਇਸ ਨੇ ਮਹਿਖਾਸੁਰ ਤੇ ਸ਼ੁੰਭ-ਨਿਸ਼ੁੰਭ ਨਾਂ ਦੇ ਦੈਂਤਾਂ ਨੂੰ ਮਾਰ ਕੇ ਇੰਦ੍ਰਪੁਰੀ ਤੋਂ ਬਾਹਰ ਕੱਢ, ਇੰਦ੍ਰ ਨੂੰ ਫਿਰ ਇੰਦ੍ਰਾਸਨ ਤੇ ਬਿਠਾਇਆ। ਨਿਰਗੁਣਵਾਦੀ ਸੰਤਾਂ ਨੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਹਟ ਕੇ ਨਿਰਾਕਾਰ ਬ੍ਰਹਮ ਦੀ ਉਪਾਸ਼ਨਾ ਕੀਤੀ।

ਪਤਾ ਨਹੀ ਟਕਸਾਲੀ ਭੱਦ੍ਰਪੁਰਸ਼ਾਂ ਨੇ ਮੰਨੇ ਗਏ ਭੰਗ ਤੇ ਸੱਪਾਂ ਦੇ ਜਹਿਰ ਦੇ ਨਸ਼ਈ ਸ਼ਿਵਜੀ ਦੀ ਪਤਨੀ ਪਾਰਬਤੀ ਨੂੰ ਜਗਤ ਮਾਤਾ ਕਿਵੇਂ ਬਣਾ ਦਿੱਤਾ ਪਰ ਜੇ ਉਸ ਨੇ ਕੋਈ ਬੱਚਾ ਜੰਮਿਆਂ ਤਾਂ ਉਹ ਉਸਦੀ ਮਾਂ ਜਰੂਰ ਹੈ। ਸੋ ਉਪ੍ਰੋਕਤ ਮਿਥਿਹਾਸਕ ਹਵਾਲੇ ਅਤੇ ਗੁਰਬਾਣੀ ਸਿਧਾਂਤ ਅਨੁਸਾਰ ਇਹ ਇੱਕ ਊਟ-ਪਟਾਂਗ ਕਹਾਣੀ ਹੈ ਤਾਂ ਹੀ ਬਾਬਾ ਗੁਰੂ ਨਾਨਕ ਸਾਹਿਬ ਨੇ ਕਥਿਤ ਦੇਵੀ ਦੇਵਤਿਆਂ ਨੂੰ ਨਕਾਰ ਦੇ ਕਿਹਾ ਕਿ ਮੇਰਾ ਨਿਰੰਕਾਰ ਗੁਰੂ ਹੀ ਮੇਰਾ ਈਸ਼ਰ, ਗੋਰਖ, ਬ੍ਰਹਮਾਂ ਅਤੇ ਪਾਰਬਤੀ ਮਾਂ ਹੈ, ਇਹ ਹੋਏ ਜਾਂ ਨਹੀਂ ਹੋਏ ਮੇਰਾ ਇਸ ਨਾਲ ਕੋਈ ਸਰੋਕਾਰ ਨਹੀਂ। ਯਾਦ ਰਹੇ ਕਿ ਗੁਰੂ ਨਾਨਕ ਸਾਹਿਬ ਵੇਲੇ ਹਿੰਦੂਆਂ ਤੇ ਮੁਸਲਮਾਨਾਂ ਦਾ ਬੋਲਬਾਲਾ ਸੀ ਇਸ ਕਰਕੇ ਉਨ੍ਹਾਂ ਨਾਲ ਹਰ ਰੋਜ ਗੁਰੂ ਜੀ ਦਾ ਵਾਹ ਪੈਂਦਾ ਸੀ ਤੇ ਗੁਰੂ ਜੀ ਉਨ੍ਹਾਂ ਨੂੰ ਰੱਬੀ ਗਿਆਨ ਦੀ ਬਖਸ਼ਿਸ਼ ਕਰਦੇ ਸਨ ਤਾਂ ਹੀ ਅਜਿਹੇ ਦੇਵੀ, ਦੇਵ, ਨਰਕ, ਸਵਰਗ, ਬਹਿਸ਼ਤ, ਦੋਜ਼ਕ, ਮੁਲਾਂ ਮੁਲਾਣੇ, ਬ੍ਰਾਹਮਣ, ਵੇਦ, ਪੁਰਾਣ ਅਤੇ ਕੁਰਾਨ ਸ਼ਬਦ ਗੁਰਬਾਣੀ ਵਿਖੇ ਆਏ ਹਨ, ਨੂੰ ਵਿਚਾਰਨ ਦੀ ਲੋੜ ਹੈ ਨਾਂ ਕਿ ਲਕੀਰ ਦੇ ਫਕੀਰ ਬਣ, ਡੇਰੇਦਾਰ ਸੰਪ੍ਰਦਾਈਆਂ ਤੇ ਅਖੌਤੀ ਦਸਮ ਗ੍ਰੰਥ ਦੇ ਕਹੇ ਕਹਾਏ ਅੰਨ੍ਹੇਵਾਹ ਪੂਜੀ ਜਾਣ ਦੀ।

(ਚਲਦਾ)

## ਕਿੰਗ ਜੌਰਜ ਮੈਡੀਕਲ ਯੂਨੀਵਰਸਿਟੀ ਲਖਨਊ ਵਿਖੇ ਮਨਾਇਆ ਗਿਆ ਭਾਰਤੀ ਸੰਵਿਧਾਨ ਦਿਵਸ









ਕਿੰਗ ਜੌਰਜ ਮੈਡੀਕਲ ਯੂਨੀਵਰਸਿਟੀ ਲਖਨਊ ਵਿਖੇ 26 ਨਵੰਬਰ 2016 ਵਾਲੇ ਦਿਨ ਸੰਵਿਧਾਨ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੁਪਹਿਰੇ 12 ਵਜੇ ਆਰੰਭ ਹੋਇਆ, ਜਿਸ ਵਿਚ ਸਾਰੀ ਯੂਨੀਵਰਸਿਟੀ ਦੇ ਪ੍ਰੋਫੈਸਰ, ਅਧਿਆਪਕ, ਵਿਦਿਆਰਥੀ ਅਤੇ ਸਟਾਫ ਨੇ ਸ਼ਾਮਲ ਹੋ ਕੇ ਡਾ. ਅੰਬੇਦਕਰ ਦੇ ਵਿਚਾਰ, ਫਿਲਾਸਫੀ ਅਤੇ ਸੰਵਿਧਾਨਕ ਦੇਣ ਬਾਰੇ ਵਿਚਾਰ ਵਟਾਂਦਰਾ ਕੀਤਾ। **ਤਸਵੀਰਾਂ ਤੇ ਵੇਰਵਾ- ਡਾ ਸੁਰੇਸ਼**

## ਪੰਜਾਬੀ ਸਾਹਿਤ ਸਭਾ ਦੁਸਾਂਝ ਕਲਾਂ ਵਲੋ ਕਰਵਾਇਆ ਸਲਾਨਾ ਸਨਮਾਨ ਸਮਾਰੋਹ

**ਫਗਵਾੜਾ ( ਬੀ.ਕੇ.ਰੱਤੂ)-** ਪੰਜਾਬੀ ਸਾਹਿਤ ਸਭਾ ਦੁਸਾਂਝ ਕਲਾਂ ਵਲੋ ਵਿਛੜੇ ਕਵੀਆਂ ਦੀ ਯਾਦ ਵਿਚ ਸਲਾਨਾ ਇਨਾਮ ਵੰਡ ਸਮਾਰੋਹ ਬਾਬਾ ਬਿੱਧੀ ਚੰਦ ਛੀਨਾ ਗੁਰਦੁਆਰਾ ਅਰਬਨ ਅਸਟੇਟ ਫ਼ਗਵਾੜਾ ਵਿਖੇ ਕਰਵਾਇਆਂ ਗਿਆ। ਇਸ ਸਨਮਾਨ ਸਮਾਰੋਹ ਦੀ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਸੋਹਣ ਸਿੰਘ ਭਿੰਡਰ, ਜਨਰਲ ਸਕੱਤਰ ਰਾਮ ਪ੍ਰਕਾਸ਼ ਟੋਨੀ, ਗਿਆਨ ਸਿੰਘ ਦੁਸਾਂਝ, ਸੁਸ਼ੀਲ ਦੁਸਾਂਝ, ਸੰਧੂ ਵਰਿਆਂਣਵੀ, ਹਰੀ ਦੱਤ ਸਰਮਾ, ਹਰਬੰਸ ਕੈਂਥ, ਭਜਨ ਸਿੰਘ ਵਿਰਕ, ਪਰਮਜੀਤ



ਦੁਸਾਂਝ, ਹਰਬਲਾਸ ਦੁਸਾਂਝ, ਆਦਿ ਸੁਸ਼ੋਭਿਤ ਹੋਏ। ਕਵੀ ਦਰਬਾਰ ਦੀ ਸ਼ੁਰੂਆਤ ਹਰਬੰਸ ਕੈਂਥ ਦੇ ਗੀਤ ਨਾਲ ਹੋਈ। ਬਾਅਦ ਵਿਚ ਅਮਰੀਕ ਸਿੰਘ ਮਦਹੋਸ, ਭਜਨ ਸਿੰਘ ਵਿਰਕ, ਸੁੰਧ ਵਰਿਆਣਵੀ, ਸੁਸ਼ੀਲ ਦੁਸਾਂਝ, ਹਰਬੰਸ ਕੈਂਥ, ਰਾਮ ਪ੍ਰਕਾਸ ਟੋਨੀ, ਸਰਵਨ ਰਾਹੀ, ਸੁਖਦੇਵ ਸਿੰਘ ਗੰਢਮ, ਜਸਵੀਰ ਕੌਰ ਜੱਸੀ, ਰਿੱਖੀ ਰੰਧਾਵਾ, ਗਿਆਨ ਸਿੰਘ ਦੁਸਾਂਝ, ਮਨੋਜ ਫਗਵਾੜਵੀ, ਇੰਦਰਜੀਤ ਸਿੰਘ ਵਾਸੂ, ਸੋਹਣ ਸਹਿਜਲ, ਅਮਿੰਦਰਪ੍ਰੀਤ ਕੌਰ ਰੂਬੀ, ਨਿਰਮਲ ਸਿੰਘ ਬੱਲ, ਲਸਕਰ ਢੰਡਵਾੜਵੀ ਆਦਿ ਕਵੀਆਂ ਨੇ ਆਪੋ-ਆਪਣੀਆਂ ਤਾਜਾ ਰਚਨਾਵਾਂ ਸੁਣਾ ਕੇ ਵਾਹ-ਵਾਹ ਖੱਟੀ। ਇਸ ਸਮੇ ਪਰਮਜੀਤ ਦੁਸਾਂਝ, ਹਰਬਲਾਸ ਦੁਸਾਂਝ ਨੇ ਵਿਦੇਸ਼ ਵਿਚ ਰਹਿੰਦੀਆਂ ਪੰਜਾਬੀ ਸਾਹਿਤ ਵਿਚ ਪਾਏ ਗਏ ਯੋਗਦਾਨ ਬਾਰੇ ਵਿਸਥਾਰਪੂਰਵਿਕ ਜਾਣਕਾਰੀ ਦਿੱਤੀ ਅਤੇ ਸ਼ੁਸ਼ੀਲ ਦੁਸਾਂਝ ਵਲੋ ਵਿਛੜੇ ਕਵੀਆਂ ਨਾਲ ਬਿਤਾਏ ਗਏ ਪਲ ਸਾਝੇ ਕੀਤੇ ਗਏ। ਅਖੀਰ ਵਿਚ ਸੁਸ਼ੀਲ ਦੁਸਾਂਝ, ਰਿੱਖੀ ਰੰਧਾਵਾ, ਗਿਆਨ ਸਿੰਘ ਦੁਸਾਂਝ ਨੂੰ ਪੰਜਾਬੀ ਸਾਹਿਤ ਵਿਚ ਪਾਏ ਗਏ ਯੋਗਦਾਨ ਬਦਲੇ ਯਾਰਗਾਰੀ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਅਖੀਰ ਵਿਚ ਸੋਹਣ ਸਿੰਘ ਵਲੋਂ ਕਵੀਆਂ, ਸਰੋਤਿਆਂ, ਤੇ ਮਹਿਮਾਨਾਂ ਵਲੋ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ
ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।

JOHN SINGH BANGA
Realtor, Lic # 01397975
916-271-5404
banga.realtor@gmail.com
TEAM JD
ELITE REALTY SERVICES
DALVIR 'DIL' NIJJAR
Realtor, Lic # 01418648
916-628-2210
dil.realtor@gmail.com

Office: 916-681-5112
7412 Elsie Avenue, Sacramento CA 94828

# ਆਮ ਆਦਮੀ ਪਾਰਟੀ ਦਾ 'ਦਲਿਤ ਮੈਨੀਫੈਸਟੋ' ਲੋਕਾਂ ਨਾਲ ਧੋਖਾ : ਬਸਪਾ

## ਦਿੱਲੀ 'ਚ ਸਰਕਾਰ ਹੋਣ ਦੇ ਬਾਵਜੂਦ ਦਲਿਤਾਂ ਦੀ ਭਲਾਈ ਲਈ ਕੇਜਰੀਵਾਲ ਨੇ ਕੋਈ ਕੰਮ ਨਹੀਂ ਕੀਤਾ -ਕਰੀਮਪੁਰੀ

**ਫਗਵਾੜਾ (ਬੀ ਕੇ ਰੱਤੂ)-** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਇੰਚਾਰਜ ਸ. ਅਵਤਾਰ ਸਿੰਘ ਕਰੀਮਪੁਰੀ ਨੇ ਸ਼ੁੱਕਰਵਾਰ ਨੂੰ ਆਮ ਆਦਮੀ ਪਾਰਟੀ ਮੁਖਿਆ ਅਰਵਿੰਦ ਕੇਜਰੀਵਾਲ ਵਲੋਂ ਜਾਰੀ ਕੀਤੇ ਗਏ 'ਦਲਿਤ ਮੈਨੀਫੈਸਟੋ' ਨੂੰ ਲੈ ਕੇ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਸਵਾਲ ਖੜੇ ਕੀਤੇ ਹਨ। ਸ. ਕਰੀਮਪੁਰੀ ਨੇ ਕਿਹਾ ਕਿ ਜੇਕਰ ਕੇਜਰੀਵਾਲ ਸੱਚ ਵਿਚ ਹੀ ਦਲਿਤਾਂ ਦਾ ਹਮਾਇਤੀ ਹੁੰਦਾ ਤਾਂ ਹੁਣ ਤੱਕ ਦਿੱਲੀ ਵਿਚ ਉਨ੍ਹਾਂ ਦੇ ਹਾਲਾਤ ਬਦਲ ਜਾਣੇ ਸਨ, ਪਰ ਦਿੱਲੀ ਵਿਚ ਕੇਜਰੀਵਾਲ ਸਰਕਾਰ ਨੇ ਦਲਿਤਾਂ ਦੀ ਹਾਲਤ ਸੁਧਾਰਨ ਵੱਲ ਕੋਈ ਧਿਆਨ ਨਹੀਂ ਦਿੱਤਾ। ਉਲਟਾ ਐਸ ਸੀ-ਐਸ ਟੀ ਸਬ ਪਲਾਨ ਤਹਿਤ ਰੱਖੀ ਗਈ ਦਲਿਤਾਂ ਦੇ ਹਿੱਸੇ ਦੀ ਰਾਸ਼ੀ ਦਾ ਵੱਡਾ ਹਿੱਸਾ ਵੀ ਉਨ੍ਹਾਂ ਤੋਂ ਖੋਹ ਲਿਆ। ਕੇਜਰੀਵਾਲ ਸਰਕਾਰ ਨੇ ਦਿੱਲੀ ਵਿਚ ਦਲਿਤਾਂ ਦੀ ਭਲਾਈ ਲਈ ਇੱਕ ਵੀ ਕੰਮ ਨਹੀਂ ਕੀਤਾ।

ਉਨ੍ਹਾਂ ਨੇ ਕੇਜਰੀਵਾਲ ਨੂੰ ਭੇਦਭਾਵ ਨੂੰ ਵਧਾਉਣ ਵਾਲਾ ਦੱਸਦੇ ਹੋਏ ਕਿਹਾ ਕਿ ਪੰਜਾਬ ਵਿਚ ਦਲਿਤਾਂ ਲਈ ਅਲੱਗ ਤੋਂ ਮੈਨੀਫੈਸਟੋ ਕਿਉਂ ਜਾਰੀ ਕੀਤਾ ਗਿਆ। ਇਸਦਾ ਮਤਲਬ ਇਹ ਹੈ ਕਿ ਕੇਜਰੀਵਾਲ ਜਾਤ-ਪਾਤ ਨੂੰ ਵਧਾਉਣ ਦਾ ਕੰਮ ਕਰ ਰਹੇ ਹਨ। ਕੇਜਰੀਵਾਲ ਨੂੰ ਪੰਜਾਬ 'ਚ ਸਾਰੇ ਵਰਗਾਂ ਲਈ ਸਾਂਝਾ ਮੈਨੀਫੈਸਟੋ ਜਾਰੀ ਕਰਨਾ ਚਾਹੀਦਾ ਸੀ। ਬਸਪਾ ਸੂਬਾ ਇੰਚਾਰਜ ਨੇ ਕਿਹਾ ਕਿ ਇਕ ਪਾਸੇ ਤਾਂ ਅਰਵਿੰਦ ਕੇਜਰੀਵਾਲ ਦਲਿਤਾਂ ਦੀ ਗੱਲ ਕਰਦੇ ਹਨ, ਪਰ ਦੂਜੇ ਪਾਸੇ ਉਹ ਇਨ੍ਹਾਂ ਦੇ ਗੰਭੀਰ ਮੁੱਦਿਆਂ 'ਤੇ ਚੁੱਪ ਰਹਿੰਦੇ ਹਨ। ਲੋਕਸਭਾ ਵਿਚ ਆਮ ਆਦਮੀ ਪਾਰਟੀ ਦੇ ਚਾਰ ਵਿਚੋਂ ਦੋ ਦਲਿਤ ਐਮਪੀ ਸਨ, ਇਸਦੇ ਬਾਵਜੂਦ ਇਹ ਨੈਸ਼ਨਲ ਪੱਧਰ 'ਤੇ ਦਲਿਤਾਂ ਖਿਲਾਫ ਹੋਣ ਵਾਲੇ ਅੱਤਿਆਚਾਰਾਂ 'ਤੇ ਸੰਘਰਸ਼ ਨਹੀਂ ਕਰ ਸਕੇ। ਸ. ਕਰੀਮਪੁਰੀ ਨੇ ਇਹ ਵੀ ਕਿਹਾ ਕਿ ਕੇਜਰੀਵਾਲ ਨੇ ਪੰਜਾਬ ਵਿਚ ਦਲਿਤ ਉਪ ਮੁੱਖ ਮੰਤਰੀ ਬਣਾਉਣ ਦੀ ਗੱਲ ਕਹੀ ਹੈ, ਪਰ ਉਹ ਇਸ ਗੱਲ ਦਾ ਜਵਾਬ ਦੇਣ ਕਿ ਉਨ੍ਹਾਂ ਨੇ ਦਿੱਲੀ ਵਿਚ ਦਲਿਤ ਨੂੰ ਉਪ ਮੁੱਖ ਮੰਤਰੀ ਕਿਉਂ ਨਹੀਂ ਬਣਾਇਆ। ਉਨ੍ਹਾਂ ਇਹ ਵੀ ਸਵਾਲ ਚੁੱਕਿਆ ਕਿ ਦਲਿਤ ਮੁੱਖ ਮੰਤਰੀ ਕਿਉਂ ਨਹੀਂ ਬਣ ਸਕਦਾ। ਸ. ਕਰੀਮਪੁਰੀ ਨੇ ਕਿਹਾ ਕਿ ਇਨ੍ਹਾਂ ਗੱਲਾਂ ਤੋਂ ਇਹ ਸਾਬਿਤ ਹੁੰਦਾ ਹੈ ਕਿ ਕੇਜਰੀਵਾਲ ਸਿਰਫ ਝੂਠੇ ਵਾਅਦੇ ਹੀ ਕਰਦੇ ਹਨ। ਕੇਜਰੀਵਾਲ ਤੇ ਆਮ ਆਦਮੀ ਪਾਰਟੀ ਲੋਕਾਂ ਦੇ ਵਿਸ਼ਵਾਸ ਦੇ ਲਾਇਕ ਨਹੀਂ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਇਮਾਨਦਾਰੀ ਦੀ ਗੱਲ ਕਰਦੇ ਹਨ, ਜਦਕਿ ਉਨ੍ਹਾਂ ਦੀ ਪਾਰਟੀ ਦੇ ਹੀ ਨੇਤਾਵਾਂ ਦੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੋਣ ਦੇ ਰੋਜ਼ਾਨਾ ਖੁਲਾਸੇ ਹੋ ਰਹੇ ਹਨ। ਕੇਜਰੀਵਾਲ ਤੇ ਆਮ ਆਦਮੀ ਪਾਰਟੀ ਵਲੋਂ ਦਲਿਤਾਂ, ਪਛੜਿਆਂ ਤੇ ਕਿਸਾਨਾਂ ਦੀ ਬੇਹਤਰੀ ਦੀ ਗੱਲ ਖੋਖਲੀ ਹੈ। ਇਸੇ ਤਰ੍ਹਾਂ ਕਾਂਗਰਸ, ਅਕਾਲੀ ਦਲ, ਭਾਜਪਾ ਦੀਆਂ ਨੀਤੀਆਂ ਵੀ ਦਲਿਤ, ਪਛੜੇ, ਕਿਸਾਨਾਂ, ਮੁਲਾਜ਼ਮਾਂ, ਛੋਟੇ ਵਪਾਰੀਆਂ ਤੇ ਆਮ ਲੋਕਾਂ ਦੀ ਵਿਰੋਧੀ ਹਨ। ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਗੱਲਾਂ ਤਾਂ ਗਰੀਬਾਂ, ਆਮ ਲੋਕਾਂ ਦੀਆਂ ਕਰਦੀਆਂ ਹਨ, ਪਰ ਕੰਮ ਪੂੰਜੀਪਤੀਆਂ ਲਈ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸੱਤਾ ਪ੍ਰੀਵਰਤਨ ਦੀ ਜਗ੍ਹਾ ਵਿਵਸਥਾ ਪ੍ਰੀਵਰਤਨ ਲਈ ਬਸਪਾ ਨੂੰ ਵੋਟ ਪਾਉਣ। ਮੌਜੂਦਾ ਗੈਰਬਰਾਬਰੀ ਵਾਲੀ ਵਿਵਸਥਾ ਸਾਰੇ ਵਰਗਾਂ ਦਾ ਸ਼ੋਸ਼ਣ ਕਰਨ ਵਾਲੀ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦੀ ਆਮ ਆਦਮੀ ਪਾਰਟੀ, ਅਕਾਲੀ, ਭਾਜਪਾ ਤੇ ਕਾਂਗਰਸ ਦਲਿਤਾਂ, ਪਛੜਿਆਂ ਤੇ ਕਿਸਾਨਾਂ ਦਾ ਭਲਾ ਨਹੀਂ ਕਰ ਸਕਦੀਆਂ। ਜਿਵੇਂ ਕੇਜਰੀਵਾਲ ਨੇ ਮੈਨੀਫੈਸਟੋ ਜਾਰੀ ਕੀਤਾ ਹੈ, ਉਸੇ ਤਰ੍ਹਾਂ ਅਕਾਲੀ, ਭਾਜਪਾ, ਕਾਂਗਰਸ ਵਲੋਂ ਵੀ ਮੈਨੀਫੈਸਟੋ ਜਾਰੀ ਕਰਕੇ ਲੋਕਾਂ ਨੂੰ ਲਾਰੇ ਤਾਂ ਬਹੁਤ ਲਗਾਏ ਜਾਂਦੇ ਹਨ, ਪਰ ਇਨ੍ਹਾਂ ਵਰਗਾਂ ਨੂੰ ਫਾਇਦੇ ਦੀ ਜਗ੍ਹਾ ਨੁਕਸਾਨ ਪਹੁੰਚਾਇਆ ਜਾਂਦਾ ਹੈ। ਬਸਪਾ ਸੂਬਾ ਇੰਚਾਰਜ ਸ. ਅਵਤਾਰ ਸਿੰਘ ਕਰੀਮਪੁਰੀ ਨੇ ਸ਼ੁੱਕਰਵਾਰ ਨੂੰ ਬਠਿੰਡਾ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਦੌਰਾਨ ਅਕਾਲੀ-ਭਾਜਪਾ ਸਰਕਾਰ ਦੇ ਮੰਤਰੀ ਸਿਕੰਦਰ ਸਿੰਘ ਮਲੂਕਾ ਵਲੋਂ ਪੁਲਸ ਮੁਲਾਜ਼ਮ ਨਾਲ ਬਦਸਲੂਕੀ ਕੀਤੇ ਜਾਣ ਦੀ ਵੀ ਸਖਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੌਰਾਨ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਪੁਲਸ ਨੂੰ ਜੱਥੇਦਾਰਾਂ ਦੇ ਅਧੀਨ ਲਿਆ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਗਿਆ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਵੀ ਇਕ ਅਕਾਲੀ ਆਗੂ ਤੋਂ ਪੁਲਸ ਅਫਸਰ ਨੇ ਜਦੋਂ ਆਪਣੀ ਧੀ ਦੀ ਰੱਖਿਆ ਕੀਤੀ ਸੀ ਤਾਂ ਉਸਨੇ ਪੁਲਸ ਅਫਸਰ ਨੂੰ ਗੋਲੀ ਮਾਰ ਦਿੱਤੀ ਸੀ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਥਾ ਦੀਵਾਨ ਸਜਾਏ



**ਘੱਲ ਕਲਾਂ-** ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਘੱਲ ਕਲਾਂ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਥਾ ਦੀਵਾਨ ਸਜਾਏ ਗਏ।

ਸਵੇਰ ਵੇਲੇ ਭਾਈ ਮੇਜਰ ਸਿੰਘ ਬਿੱਟੂ ਵੱਲੋਂ ਨਿੱਤਨੇਮ ਕੀਤਾ ਗਿਆ। ਉਪਰੰਤ ਕਥਾ ਦੀਵਾਨ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਥਾਵਾਚਕ ਭਾਈ ਸੇਵਕ ਸਿੰਘ ਸੋਢੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੋਈ ਧਰਮ ਨਹੀਂ ਦੇਖਿਆ, ਉਹਨਾਂ ਨੇ ਧਰਮ ਤੋਂ ਉਪਰ ਉਠ ਕੇ ਹਿੰਦੂ ਧਰਮ ਨੂੰ ਬਚਾਇਆ। ਉਹਨਾਂ ਨੇ ਮਨੁੱਖ ਦੇ ਆਜ਼ਾਦ ਰਹਿਣ ਨੂੰ ਪਹਿਲ ਦਿੱਤੀ। ਉਹਨਾਂ ਨੇ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਪਹਿਲਾਂ ਵਕਾਲਤ ਕੀਤੀ। ਮਨੁੱਖੀ ਅਧਿਕਾਰਾਂ ਦੇ ਉਹ ਪਹਿਲੇ ਵਾਰਸ ਬਣੇ।

ਚਾਂਦਨੀ ਚੌਂਕ ਵਿਚ ਪਹਿਲਾਂ ਮਤੀ ਦਾਸ ਅਤੇ ਸਤੀ ਦਾ ਸਿਦਕ ਪਰਖਿਆ ਤੇ ਉਹਨਾਂ ਨੂੰ ਸ਼ਹੀਦ ਕੀਤਾ ਗਿਆ। ਬਾਅਦ ਵਿਚ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਧਰਮ ਦੀ ਪੱਤ ਬਚਾਉਣ ਕਰਕੇ ਸ਼ਹੀਦ ਕਰ ਦਿੱਤਾ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵਿੰਦਰ ਸਿੰਘ, ਖਜਾਨਚੀ ਹਜ਼ੂਰਾ ਸਿੰਘ, ਲਖਵੀਰ ਸਿੰਘ, ਮਨਜੀਤ ਸਿੰਘ, ਗੁਰਤੇਜ ਸਿੰਘ, ਕਰਨੈਲ ਸਿੰਘ, ਕੁਲਦੀਪ ਸਿੰਘ, ਸੇਵਾ ਸਿੰਘ ਅਤੇ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

**ਰਿਪੋਰਟ- ਡਾ ਬਲਕਾਰ (ਘੱਲ ਕਲਾਂ)**

# ਆਪ ਦਲਿਤਾਂ ਨੂੰ ਗੁੰਮਰਾਹ ਕਰ ਰਹੀ ਹੈ

## ਦਿੱਲੀ ਵਿੱਚ ਕਿਸੇ ਦਲਿਤ ਨੂੰ ਡਿਪਟੀ ਮੁੱਖ ਮੰਤਰੀ ਕਿਉਂ ਨਹੀਂ ਬਣਾਇਆ- ਡਾ: ਮੇਘਰਾਜ ਸਿੰਘ

**ਬਰਨਾਲਾ ਤੋਂ ਕੁਲਵੰਤ ਸਿੰਘ ਟਿੱਬਾ ਦੀ ਵਿਸ਼ੇਸ਼ ਰਿਪੋਰਟ**

ਬਹੁਜਨ ਸਮਾਜ ਪਾਰਟੀ ਵੱਲੋਂ ਮਿਸ਼ਨ 2017 ਲਈ ਬਸਪਾ ਲਿਆਓ ਪੰਜਾਬ ਬਚਾਓ ਮੁਹਿੰਮ ਤਹਿਤ ਦਾਣਾ ਮੰਡੀ ਮਹਿਲ ਕਲਾਂ ਵਿਖੇ ਪਾਰਟੀ ਦੇ ਉਮੀਦਵਾਰ ਡਾ: ਮੱਖਣ ਸਿੰਘ ਦੇ ਹੱਕ ਵਿੱਚ ਅੱਜ ਸੱਤਾ ਪ੍ਰਾਪਤ ਕਰੋ ਰੈਲੀ ਕੀਤੀ ਗਈ। ਇਸ ਦੀ ਪ੍ਰਧਾਨਗੀ ਹਲਕਾ ਮਹਿਲ ਕਲਾਂ ਦੇ ਪ੍ਰਧਾਨ ਜਥੇਦਾਰ ਮੁਕੰਦ ਸਿੰਘ ਬਧੇਸਾ ਨੇ ਕੀਤੀ। ਸਮਾਗਮ ਵਿੱਚ ਬਸਪਾ ਦੇ ਸੂਬਾ ਇੰਚਾਰਜ ਡਾ: ਮੇਘਰਾਜ ਸਿੰਘ, ਸ੍ਰੀ ਰਛਪਾਲ ਸਿੰਘ ਰਾਜੂ ਪ੍ਰਧਾਨ ਬਸਪਾ ਪੰਜਾਬ,ਅਵਤਾਰ ਸਿੰਘ ਕਰੀਮਪੁਰੀ ਸਾਬਕਾ ਰਾਜ ਸਭਾ ਮੈਂਬਰ, ਸ੍ਰੀ ਪ੍ਰਕਾਸ਼ ਭਾਰਤੀ ਕੋਆਰਡੀਨੇਟਰ ਬਸਪਾ ਪੰਜਾਬ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ।ਸਮਾਗਮ ਵਿੱਚ ਹਾਜ਼ਰ ਭਾਰੀ ਜਨ-ਸਮੂਹ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸ਼੍ਰੀ ਰਛਪਾਲ ਸਿੰਘ ਰਾਜੂ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਦਲਿਤਾਂ ਤੇ ਹੋਣ ਵਾਲੇ ਅੱਤਿਆਚਾਰਾਂ ਨੂੰ ਰੋਕਣ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਇੱਥੋਂ ਤੱਕ ਕਿ ਦਲਿਤਾਂ ਦੀਆਂ ਲੱਤਾਂ ਬਾਹਾਂ ਵੱਢੀਆਂ ਗਈਆਂ ਅਤੇ ਅੱਖਾਂ ਕੱਢ ਦਿੱਤੀਆਂ ਗਈਆਂ। ਅਜਿਹਾ ਕਰਨ ਵਾਲੇ





ਗੁੰਡੇ ਅਨਸਰਾਂ ਨੂੰ ਸਰਕਾਰ ਦੀ ਸਰਪ੍ਰਸਤੀ ਹਾਸਲ ਹੈ। ਇਸ ਲਈ ਜ਼ੁਲਮ ਰੁਕ ਨਹੀਂ ਰਹੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਅਨੇਕਾਂ ਵਾਰ ਬੇਅਦਬੀ ਹੋਈ ਅਤੇ ਪੰਥ ਦੇ ਨਾਂਅ 'ਤੇ ਵੋਟਾਂ ਲੈ ਕੇ ਰਾਜ ਹਾਸਲ ਕਰਨ ਵਾਲੀ ਸਰਕਾਰ ਅਜੇ ਤੱਕ ਬੇਅਦਬੀ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਨਹੀਂ ਕਰਵਾ ਸਕੀ। ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ। ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਨਾਲ ਬਰਬਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਸਿਰਫ਼ ਬਹੁਜਨ ਸਮਾਜ ਪਾਰਟੀ ਹੀ ਬਚਾ ਸਕਦੀ ਹੈ। ਸੂਬਾ ਇੰਚਾਰਜ ਡਾ: ਮੇਘਰਾਜ ਸਿੰਘ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਪੰਜਾਬ ਸੂਬਾ ਬਹੁਤ ਖ਼ੁਸ਼ਹਾਲ ਹੈ ਪਰ ਅਕਾਲੀ ਦਲ ਦੀ ਸਰਕਾਰ ਵਿੱਚ ਸ਼ਾਮਲ ਲੋਕਾਂ ਨੇ ਪੰਜਾਬੀਆਂ ਨੂੰ ਨਸ਼ਈ ਬਣਾ ਕੇ ਭਿਖਾਰੀ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਇਸ ਲਈ ਇਸ ਵਾਰ ਪੰਜਾਬ ਦੀ ਜਨਤਾ ਦਾ ਮੂਡ ਹੈ ਕਿ ਅਕਾਲੀ ਦਲ ਦੀ ਸਰਕਾਰ ਇਸ ਵਾਰ ਨਹੀਂ ਬਣੇਗੀ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਆਗੂ ਦੁਬਿਧਾ ਵਿੱਚ ਹਨ। ਸਾਬਕਾ ਪ੍ਰਧਾਨ ਮੰਤਰੀ ਅਤੇ ਕਾਂਗਰਸ ਦੀ ਮਜ਼ਬੂਤ ਆਗੂ ਰਹੀ ਸ਼੍ਰੀਮਤੀ ਇੰਦਰਾ ਗਾਂਧੀ ਦੀ ਫ਼ੋਟੋ ਤੱਕ ਇਸ਼ਤਿਹਾਰਾਂ ਤੋਂ ਗ਼ਾਇਬ ਹੈ।ਉਨ੍ਹਾਂ ਕਿਹਾ ਕਿ ਜਿਹੜੇ ਲੋਕ ਬਹੁਜਨ ਸਮਾਜ ਪਾਰਟੀ ਨੂੰ ਕਮਜ਼ੋਰ ਮੰਨਿਆ ਕਰਦੇ ਸਨ ਉਹ ਹੀ ਅੱਜ ਬਸਪਾ ਨਾਲ ਸਮਝੌਤਾ ਕਰਨਾ ਚਾਹੁੰਦੇ ਹਨ। ਆਮ ਆਦਮੀ ਪਾਰਟੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਆਪ ਪਾਰਟੀ ਭਾਜਪਾ ਦਾ ਦੂਸਰਾ ਚਿਹਰਾ ਹੈ। ਇਹਨਾਂ ਦਾ ਦਲਿਤਾਂ ਲਈ ਵੱਖਰਾ ਏਜੰਡਾ ਹੈ ਜਦਕਿ ਸਾਡਾ ਸਰਵਜਨ ਸਮਾਜ ਲਈ ਇੱਕ ਹੀ ਏਜੰਡਾ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਕਿਸੇ ਦਲਿਤ ਨੂੰ ਪੰਜਾਬ ਵਿੱਚ ਡਿਪਟੀ ਮੁੱਖ ਮੰਤਰੀ ਬਣਾਉਣ ਦਾ ਦਾਅਵਾ ਕਰਦਾ ਹੈ ਪਰ ਅਸੀਂ ਉਸਨੂੰ ਸਵਾਲ ਪੁੱਛਣਾ ਚਾਹੁੰਦੇ ਹਾਂ ਕਿ ਕੀ ਪੰਜਾਬ ਵਿੱਚ ਕੋਈ ਵੀ ਦਲਿਤ ਨੇਤਾ ਮੁੱਖ ਮੰਤਰੀ ਬਣਨ ਦੇ ਕਾਬਲ ਨਹੀਂ ਹੈ? ਮੋਦੀ ਦੇ ਭ੍ਰਿਸ਼ਟਾਚਾਰ 'ਤੇ ਚੋਟ ਕਰਦਿਆਂ ਉਨ੍ਹਾਂ ਕਿਹਾ ਕਿ ਨੋਟਬੰਦੀ ਦੇ ਐਲਾਨ ਤੋਂ ਪਹਿਲਾਂ ਹੀ ਭਾਜਪਾ ਨੇ ਜ਼ਮੀਨਾਂ ਵਗੈਰਾ ਖ਼ਰੀਦ ਕੇ ਆਪਣੇ ਪੈਸੇ ਨੂੰ ਸਫ਼ੈਦ ਕਰ ਲਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਰਕਾਰ ਬਣਨ 'ਤੇ ਉੱਤਰ ਪ੍ਰਦੇਸ਼ ਵਾਂਗ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਜਾਵੇਗੀ ਅਤੇ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਦਅਬੀ ਕਰਨ ਵਾਲਿਆਂ ਨੂੰ ਅਕਾਲੀ ਸਰਕਾਰ ਗ੍ਰਿਫ਼ਤਾਰ ਨਹੀਂ ਕਰ ਸਕੀ। ਸਾਡੀ ਸਰਕਾਰ ਬਣਾ ਦਿਓ ਤਾਂ ਅਸੀਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਸਜਾ ਦਿਵਾਵਾਂਗੇ। ਉਨ੍ਹਾਂ ਕਿਹਾ ਕਿ ਬੇਕਸੂਰ ਲੋਕਾਂ 'ਤੇ ਦਰਜ ਕੀਤੇ ਗਏ ਝੂਠੇ ਮੁਕੱਦਮਿਆਂ ਨੂੰ ਚੌਵੀ ਘੰਟਿਆਂ ਅੰਦਰ ਵਾਪਸ ਲਿਆ ਜਾਵੇਗਾ।ਨੰਬਰਦਾਰ ਅਤੇ ਚੌਕੀਦਾਰਾਂ ਦੇ ਮਾਣ ਭੱਤੇ ਨੂੰ ਵਧਾਇਆ ਜਾਵੇਗਾ। ਬੁਢਾਪਾ ਪੈਨਸ਼ਨ ਵਧਾ ਕੇ ਪੱਚੀ ਸੌ ਰੁਪਏ ਮਹੀਨਾ ਕੀਤਾ ਜਾਵੇਗਾ। ਜਨਤਾ ਦੇ ਜੋਸ਼ ਨੂੰ ਦੇਖਦਿਆਂ ਉਹਨਾਂ ਉਤਸ਼ਾਹ ਵਿੱਚ ਕਿਹਾ ਕਿ ਡਾ: ਮੱਖਣ ਸਿੰਘ ਭਾਰੀ ਬਹੁਮਤ ਨਾਲ ਜਿੱਤ ਕੇ ਵਿਧਾਨ ਸਭਾ ਵਿੱਚ ਜਾਣਗੇ।

# ਦੇਸ਼ ਅੰਦਰ ਚਲਦੇ ਰਾਜਾ ਸ਼ਾਹੀ ਸਿਸਟਮ ਨੂੰ ਬਦਲਣ ਦੀ ਲੋੜ : ਕਰੀਮਪੁਰੀ

**ਗੁਰਾਇਆ (ਨਿਰਮਲ ਗੁੜਾ)-**ਵਿਧਾਨ ਸਭਾ ਦੀਆਂ ਚੋਣਾ ਵਿੱਚ ਬਹੁਜਨ ਸਮਾਜ ਪਾਰਟੀ ਦੀ ਜਿਤ ਨੂੰ ਯਕੀਨੀ ਬਨਾਉਣ ਦੇ ਮਕਸਦ ਨਾਲ਼ ਹਲਕਾ ਫਿਲੌਰ ਦੇ ਉਮੀਦਵਾਰ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਵਲੋਂ ਸਾਥੀਆਂ ਸਮੇਤ ਹਲਕੇ ਅੰਦਰ ਪਹਿਲੇ ਗੇੜ ਦਾ ਪ੍ਰਚਾਰ ਜੋਰਾਂ ਸ਼ੋਰਾਂ ਨਾਲ਼ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਅੱਜ ਹਲਕਾ ਫਿਲੌਰ ਦੇ ਪਿੰਡ ਕਟਾਣਾ, ਤੂਰਾਂ ਅਤੇ ਵੱਖ ਵੱਖ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾਂ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਪਿੰਡਾਂ ਦੇ ਲੋਕ ਅੱਜ ਸਮੱਸਿਆਵਾਂ ਨਾਲ਼ ਜੂੰਝ ਰਹੇ ਹਨ। ਪੰਜਾਬ ਅੰਦਰ 10 ਸਾਲ ਤੋਂ ਰਾਜ ਕਰਦੀ ਅਕਾਲੀ ਭਾਜਪਾ ਦੀ ਸਰਕਾਰ ਨੇ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਉਲਟਾ ਸਗੋਂ ਲੋਕਾਂ ਨੂੰ ਬੇਰੁਜਗਾਰੀ, ਭ੍ਰਿਸ਼ਟਾਚਾਰ ਅਤੇ ਕੰਗਾਲੀ ਦੇ ਭੱਠ ਵਿੱਚ ਝੋਕ ਕੇ ਬਰਬਾਦੀ ਦੇ ਰਾਹ ਤੇ ਲਿਆ ਕੇ ਖੜਾ ਕਰ ਦਿਤਾ ਹੈ। ਉਹਨਾਂ ਅੱਗੇ ਕਿਹਾ ਕਿ ਇਸ ਸਰਕਾਰ ਦੀ ਸਰਪ੍ਰਤੀ ਹੇਠ ਵਿਕ ਰਹੇ ਨਸ਼ਿਆਂ ਨੇ ਪੰਜਾਬ ਦੇ ਲੱਖਾਂ ਪੁੱਤ ਮੌਤ ਦੇ ਮੂੰਹ ਵਿੱਚ ਝੋਕ ਦਿਤੇ ਤੇ ਲੱਖਾਂ ਨੌਜਵਾਨ ਜੇਲਾਂ ਅੰਦਰ ਨਰਕ ਭਰੀ ਜਿੰਦਗੀ ਜਿਊਣ ਲਈ ਮਜਬੂਰ ਕਰ ਦਿਤੇ ਹਨ। ਆਗੂਆਂ ਕਿਹਾ ਕਿ ਬਸਪਾ ਦੀ ਸਰਕਾਰ ਬਣਨ ਤੇ ਇੱਕ ਮਹੀਨੇ ਅੰਦਰ ਨਸ਼ੇ ਦੇ ਸੌਦਾਗਰਾਂ ਨੂੰ ਜੇਲਾਂ ਅੰਦਰ ਡੱਕਿਆ ਜਾਵੇਗਾ ਤੇ ਜੇਲਾਂ ਅੰਦਰ ਬੇਗੁਨਾਹ ਬੈਠੇ ਨੌਜਵਾਨਾਂ ਦਾ ਇਲਾਜ ਕਰਵਾ ਕੇ ਪਰਿਵਾਰ ਵਿੱਚ ਜਿਊਣ ਦਾ ਮੌਕਾ ਦਿਤਾ ਜਾਵੇਗਾ। ਇਸ ਮੌਕੇ ਬਸਪਾ ਆਗੂ ਲਾਲ ਚੰਦ ਔਜਲਾ, ਹਰਮੇਸ਼ ਗੜਾ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।



# 'ਰਗਬੀ' ਵਿਚ ਨਾਂਅ ਚਮਕਾਏਗਾ 19 ਸਾਲਾ ਪੰਜਾਬੀ ਨੌਜਵਾਨ ਸੁਨੀਲ ਸਿੰਘ

**ਆਕਲੈਂਡ- (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਵਸਦੇ ਸਮੁੱਚੇ ਭਾਰਤੀ ਭਾਈਚਾਰੇ ਖਾਸ ਕਰ ਪੰਜਾਬੀ ਭਾਈਚਾਰੇ ਲਈ ਇਹ ਬੜੀ ਖੁਸ਼ੀ ਅਤੇ ਫ਼ਖਰ ਵਾਲੀ ਗੱਲ ਹੋਏਗੀ ਕਿ ਇਕ 19 ਸਾਲਾ ਪੰਜਾਬੀ ਪਰਿਵਾਰ ਦਾ ਮੁੰਡਾ ਸੁਨੀਲ ਸਿੰਘ ਨਿਊਜ਼ੀਲੈਂਡ ਦੀ ਰਾਸ਼ਟਰੀ ਖੇਡ 'ਰਗਬੀ' ਦੀ ਅੰਡਰ 20 ਰਾਸ਼ਟਰੀ ਟੀਮ ਦੇ ਲਈ ਸੰਭਾਵੀ ਖਿਡਾਰੀ ਵਜੋਂ ਉਭਰ ਰਿਹਾ ਹੈ। ਪਿਤਾ ਬਲਰਾਜ ਸਿੰਘ ਅਤੇ ਮਾਤਾ ਹਰਦੀਪ ਕੌਰ (ਜੱਦੀ ਪਿੰਡ ਰਾਹੋਂ-ਸ਼ਹੀਦ ਭਗਤ ਸਿੰਘ ਨਗਰ) ਦਾ ਇਹ ਜੇਠਾ ਪੁੱਤ ਸਰੀਰਕ ਪੱਖੋਂ ਬੜੀ ਮਜ਼ਬੂਤੀ ਅਤੇ ਫੁਰਤੀਲੀ ਰਖਦਾ ਹੈ। 6.5 ਫੁੱਟ ਦੇ ਕਰੀਬ ਉਚਾ ਲੰਮਾ ਕੱਦ, 110 ਕਿਲੋਗ੍ਰਾਮ ਭਾਰ, ਲੋਹਰੇ ਵਰਗਾ ਗਠਿਆ ਸਰੀਰ ਅਤੇ ਬਾਜ਼ ਜਿੰਨੀ ਤਿੱਖੀ ਨਿਗ੍ਹਾ ਵਾਲਾ ਇਹ ਗਭਰੂ ਜਦੋਂ ਦੂਜਿਆਂ ਖਿਡਾਰੀਆਂ ਨੂੰ ਪਿੱਛੇ ਛੱਡਦਾ ਰਗਬੀ ਗੇਂਦ ਫੜ ਕੇ ਅੱਗੇ ਨਿਕਲਦਾ ਹੈ ਤਾਂ ਦਰਸ਼ਕਾਂ ਨੂੰ ਇੰਝ ਲਗਦਾ ਹੈ ਕਿ ਇਹ ਮੁੰਡਾ ਤਾਂ ਟ੍ਰਾਈ ਲਾ ਕੇ ਹੀ ਮੁੜੇਗਾ।

ਸੁਨੀਲ ਸਿੰਘ 5 ਸਾਲਾਂ ਦੀ ਉਮਰ ਤੋਂ ਸਕੂਲ ਸਮੇਂ ਤੋਂ ਲਗਾਤਾਰ ਰਗਬੀ ਖੇਡ ਰਿਹਾ ਹੈ ਅਤੇ ਆਪਣੇ ਕੋਚਾਂ ਦਾ ਧਿਆਨ ਹਮੇਸ਼ਾਂ ਆਪਣੇ ਵੱਲ ਖਿਚਦਾ ਰਿਹਾ ਹੈ। 200 ਤੋਂ ਵੱਧ ਗਾਵਾਂ ਵਾਲੇ ਫਾਰਮ ਵਿਚ ਸ਼ੌਕ ਨਾਲ ਸਮਾਂ ਬਿਤਾਉਣ ਵਾਲਾ ਇਹ ਦੁੱਧ-ਮੱਖਣਾਂ ਦਾ ਪਲਿਆ ਨੌਜਵਾਨ ਦੇਸ਼ ਭਰ ਦੇ ਉਨ੍ਹਾਂ 49 ਖਿਡਾਰੀਆਂ ਵਿਚੋਂ ਇਕ ਹੈ ਜਿਨ੍ਹਾਂ ਵਿਚੋਂ ਦੇਸ਼ ਦੀ ਅੰਡਰ-20 ਟੀਮ ਲਈ ਖਿਡਾਰੀ ਚੁਣੇ ਜਾਣੇ ਹਨ। ਇਹ ਚੋਣ 1 ਤੋਂ 7



ਦਸੰਬਰ ਤੱਕ ਪਾਮਰਸਟਨ ਨਾਰਥ ਵਿਖੇ ਹੋਵੇਗੀ। ਨਿਊਜ਼ੀਲੈਂਡ ਜਨਮੇ ਸੁਨੀਲ ਦੇ ਪਿਤਾ ਦਾ ਜਨਮ ਵੀ ਨਿ-ਊਜ਼ੀਲੈਂਡ ਦਾ ਹੈ ਪਰ ਇਸਦੇ ਦਾਦਾ ਸ. ਸੁਖਦੇਵ ਸਿੰਘ ਲਗਪਗ 50 ਸਾਲ ਪਹਿਲਾਂ ਆਪਣੇ ਨਾਨਾ ਸ. ਬਲਵੰਤ ਸਿੰਘ (ਜੱਦੀ ਪਿੰਡ ਜੱਬੋਵਾਲ ਸ਼ਹੀਦ ਭਗਤ ਸਿੰਘ ਨਗਰ) ਕੋਲ ਨਿਊਜ਼ੀਲੈਂਡ ਰਹਿਣ ਆ ਗਏ ਸਨ। ਆਕਲੈਂਡ ਤੋਂ 125 ਕਿਲੋਮੀਟਰ ਦੂਰ ਸ਼ਹਿਰ ਹਮਿਲਟਨ ਜਿੱਥੇ ਦੇਸ਼ ਦਾ ਸਭ ਤੋਂ ਪਹਿਲਾ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ ਗਿਆ ਸੀ, ਉਸਦੇ ਲਾਗੇ ਇਕ ਕਸਬੇ ਉਰੀਨੀ ਵਿਖੇ ਇਹ ਪਰਿਵਾਰ ਡੇਅਰੀ ਫਾਰਮਿੰਗ ਦਾ ਬਿਜ਼ਨਸ ਕਰਦਾ ਹੈ। ਸੁਨੀਲ ਸਿੰਘ ਮੌਰਨਿਜ਼ਵਿਲ ਵਿਖੇ ਵਾਇਕਾਟੋ ਪ੍ਰੀਮੀਅਰ ਕਲੱਬ ਰਗਬੀ ਵਿਖੇ ਖੇਡਦਾ ਹੈ। ਇਸਦੇ ਦੋ ਛੋਟੇ ਭਰਾ (ਜੀਵਨ ਸਿੰਘ ਅਤੇ ਜਾਹਾਨ ਸਿੰਘ) ਅਤੇ ਇਕ ਚਚੇਰਾ ਭਰਾ ਅਰਜਨ ਸਿੰਘ ਵੀ ਰਗਬੀ ਖੇਡਦੇ ਹਨ। ਜੇਕਰ ਇਹ ਨੌਜਵਾਨ ਦੇਸ਼ ਦੀ ਜੂਨੀਅਰ ਰਗਬੀ ਟੀਮ (ਅੰਡਰ 20) ਦੇ ਵਿਚ ਚੁਣਿਆ ਜਾਂਦਾ ਹੈ ਤਾਂ ਇਹ ਪਹਿਲਾ ਭਾਰਤੀ ਮੂਲ ਦਾ ਮੁੰਡਾ ਹੋਏਗਾ ਜਿਹੜਾ ਇਸ ਟੀਮ ਦੇ ਵਿਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੈਚ ਖੇਡੇਗਾ।

ਇਸ ਮੁੰਡੇ ਦੀਆਂ ਪ੍ਰਾਪਤੀਆਂ ਦਾ ਗ੍ਰਾਫ ਜੇਕਰ ਲਗਾਤਾਰ ਉਪਰ ਚੜ੍ਹਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਸ ਨੂੰ ਦੇਸ਼ ਦੀ ਰਾਸ਼ਟਰੀ ਟੀਮ ਦੇ ਵਿਚ ਵੀ ਲਿਆ ਜਾ ਸਕੇਗਾ।

ਉਂਜ ਇਸ ਤੋਂ ਪਹਿਲਾਂ ਤਿੰਨ ਗੋਰੇ (ਸਰ ਹੇਨਰੀ ਬ੍ਰੈਡਨ, ਮਾਓਰੀਸ ਹਰਰੋਲਡ ਅਤੇ ਬਾਰਨੇ ਓਡੋਵਡਾ) ਜੋ ਕਿ ਇੰਡੀਆ ਜਨਮੇ ਸਨ, ਦੇਸ਼ ਦੀਆਂ ਰਾਸ਼ਟਰੀ ਟੀਮਾਂ ਦੇ ਵਿਚ ਖੇਡ ਚੁੱਕੇ ਹਨ। ਭਾਰਤੀ ਭਾਈਚਾਰੇ ਅਤੇ ਪੰਜਾਬੀ ਮੀਡੀਆ ਵੱਲੋਂ ਇਸ ਪੰਜਾਬੀ ਪੁੱਤਰ ਨੂੰ 'ਆਲ ਦਾ ਬੈਸਟ' ਅਤੇ ਉਚੀਆਂ ਬੁਲੰਦੀਆਂ ਲਈ ਸ਼ੁੱਭ ਕਾਮਨਾਵਾਂ!

# ਚੋਣ ਖਰਚੇ, ਰਾਜਨੀਤਕ ਪਾਰਟੀਆਂ ਅਤੇ ਆਮ ਲੋਕ

**ਪੰਜਾਬ ’ਚ ਵਿਧਾਨ ਸਭਾ ਚੋਣਾਂ ਫਰਵਰੀ 2017 ਜਾਂ ਮਾਰਚ 2017 ’ਚ ਹੋਣੀਆਂ ਕਿਆਸ ਕੀਤੀਆਂ ਜਾ ਰਹੀਆਂ ਹਨ। ਚੋਣ ਜਾਬਤਾ ਦਸੰਬਰ ਦੇ ਅੱਧ ’ਚ ਲਾਗੂ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ। ਰਾਜਨੀਤਕ ਪਾਰਟੀਆਂ ਵੱਲੋਂ ਛੇ ਮਹੀਨੇ ਪਹਿਲਾਂ ਤੋਂ ਹੀ ਪੰਜਾਬ ’ਚ ਚੋਣ ਦੰਗਲ ਆਰੰਭਿਆ ਹੋਇਆ ਹੈ। ਹਾਕਮ ਪਾਰਟੀ, ਵਿਰੋਧੀ ਪਾਰਟੀਆਂ, ਅਸੰਬਲੀ ਚੋਣਾਂ ਲਈ ਸੰਭਾਵਿਤ ਉਮੀਦਵਾਰ ਲੱਖਾਂ, ਕਰੋੜਾਂ ਰੁਪਈਏ ਰੈਲੀਆਂ, ਮੀਟਿੰਗਾਂ, ਵੱਡੇ ਇਕੱਠਾਂ ਆਦਿ ਉੱਤੇ ਖਰਚ ਰਹੇ ਹਨ। ਰਾਜਨੀਤਕ ਪਾਰਟੀਆਂ ਤੋਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰੀ 'ਟਿਕਟ' ਪ੍ਰਾਪਤ ਕਰਨ ਲਈ ਕਰੋੜਾਂ ਦਾ ਲੈਣ-ਦੇਣ ਹੋਣ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਮੁੱਖ ਸੁਰਖੀਆਂ ਬਣ ਰਹੀਆਂ ਹਨ। ਆਖ਼ਰ ਇਹ ਪੈਸਾ ਕਿਥੋਂ ਆ ਰਿਹਾ ਹੈ?**



ਗੁਰਮੀਤ ਸਿੰਘ ਪਲਾਹੀ
91-98158-02070

2017 ਵਿਧਾਨ ਸਭਾ ਚੋਣਾਂ ’ਚ ਕੋਈ ਵੀ ਉਮੀਦਵਾਰ 28 ਲੱਖ ਰੁਪਏ ਤੋਂ ਵਾਧੂ ਦਾ ਖਰਚਾ ਆਪਣੇ ਚੋਣ ਪ੍ਰਚਾਰ ਲਈ ਨਹੀਂ ਕਰ ਸਕਦਾ। ਇਸ ਰਕਮ ਦੀ ਵਰਤੋਂ ਉਸ ਵੱਲੋਂ ਨਗਦ ਰਾਸ਼ੀ, ਸ਼ਰਾਬ ਜਾਂ ਹੋਰ ਨਸ਼ੀਲੇ ਪਦਾਰਥਾਂ ਦੇ ਉਪਯੋਗ ਕਰਕੇ ਵੋਟਰਾਂ ਨੂੰ ਲੁਭਾਉਣ ਲਈ ਨਹੀਂ ਕੀਤੀ ਜਾ ਸਕਦੀ। ਰਾਜਨੀਤਕ ਪਾਰਟੀਆਂ ਜਾਂ ਉਮੀਦਵਾਰ ਚੋਣਾਂ ’ਚ ਵਰਤੋਂ ਲਈ ਧੰਨ ਵੱਡੇ ਕਾਰਪੋਰੇਟ ਘਰਾਣਿਆਂ, ਉਦਯੋਗਪਤੀਆਂ, ਵਪਾਰੀਆਂ, ਧਨਾਢਾਂ ਤੋਂ ਚੰਦੇ ਦੇ ਰੂਪ ਵਿਚ ਪ੍ਰਾਪਤ ਕਰਦੀਆਂ ਹਨ। ਰਾਜਨੀਤਕ ਪਾਰਟੀਆਂ ਨੂੰ ਮਿਲੇ ਚੰਦੇ ਦਾ ਉਨ੍ਹਾਂ ਨੂੰ ਹਿਸਾਬ-ਕਿਤਾਬ ਰੱਖਣਾ ਪੈਂਦਾ ਹੈ। ਰਾਜਨੀਤਕ ਦਲਾਂ ਨੂੰ ਮਿਲਣ ਵਾਲਾ 20,000 ਰੁਪਏ ਤੋਂ ਛੋਟੀ ਰਕਮ ਦੇ ਚੰਦੇ ਦਾ ਹਿਸਾਬ ਨਾ ਰੱਖਣ ਦੀ ਛੋਟ ਇਨਕਮ ਟੈਕਸ ਐਕਟ ਦੇ ਸੈਕਸ਼ਨ 13-ਏ ਅਧੀਨ ਮਿਲੀ ਹੋਈ ਹੈ। ਇਸ ਧਾਰਾ ਅਨੁਸਾਰ ਰਾਜਨੀਤਕ ਪਾਰਟੀਆਂ ਕਿਸੇ ਕੋਲੋਂ ਵੀ 20,000 ਰੁਪਏ ਤੱਕ ਦਾ ਚੰਦਾ ਲੈ ਸਕਦੀਆਂ ਹਨ ਅਤੇ ਇਉਂ ਦਾਨ ਦੇਣ ਵਾਲਿਆਂ ਦੀ ਸੂਚੀ ਬਨਾਉਣਾ ਰਾਜਨੀਤਕ ਪਾਰਟੀਆਂ ਲਈ ਜ਼ਰੂਰੀ ਨਹੀਂ ਹੈ। ਰਾਜਨੀਤਕ ਪਾਰਟੀਆਂ ਇਸ ਦਾ ਗਲਤ ਪ੍ਰਯੋਗ ਕਰਦੀਆਂ ਹਨ ਅਤੇ ਵੱਡੇ ਧਨਾਢਾਂ ਤੋਂ ਮਿਲਣ ਵਾਲੇ ਚੰਦੇ ਦੇ ਵੱਡੇ ਹਿੱਸੇ ਨੂੰ 20000 ਤੋਂ ਘੱਟ ਦੀਆਂ ਕਿਸ਼ਤਾਂ ਵਿਚ ਦਿਖਾ ਦਿੰਦੀਆਂ ਹਨ। ਸਾਲ 2014-15 ਦੀ ਏ.ਡੀ.ਆਰ. (ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰੀਫਾਰਮਜ਼)ਰਿਪੋਰਟ ਵਿਚ ਜਾਰੀ ਅੰਕੜਿਆਂ ਅਨੁਸਾਰ ਪਾਰਟੀਆਂ ਨੇ ਆਪਣੇ ਕੁਲ ਚੰਦੇ ਦਾ 51% ਇਸੇ ਤਰ੍ਹਾਂ ਹੀ 20,000 ਰੁਪਏ ਤੋਂ ਹੇਠਲੇ ਚੰਦੇ ਦੇ ਰੂਪ ’ਚ ਹਾਸਲ ਕੀਤਾ ਹੈ।

ਪੰਜਾਬ ’ਚ ਵਿਧਾਨ ਸਭਾ ਚੋਣਾਂ ਫਰਵਰੀ 2017 ਜਾਂ ਮਾਰਚ 2017 ’ਚ ਹੋਣੀਆਂ ਕਿਆਸ ਕੀਤੀਆਂ ਜਾ ਰਹੀਆਂ ਹਨ। ਚੋਣ ਜਾਬਤਾ ਦਸੰਬਰ ਦੇ ਅੱਧ ’ਚ ਲਾਗੂ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ। ਰਾਜਨੀਤਕ ਪਾਰਟੀਆਂ ਵੱਲੋਂ ਛੇ ਮਹੀਨੇ ਪਹਿਲਾਂ ਤੋਂ ਹੀ ਪੰਜਾਬ ’ਚ ਚੋਣ ਦੰਗਲ ਆਰੰਭਿਆ ਹੋਇਆ ਹੈ। ਹਾਕਮ ਪਾਰਟੀ, ਵਿਰੋਧੀ ਪਾਰਟੀਆਂ, ਅਸੰਬਲੀ ਚੋਣਾਂ ਲਈ ਸੰਭਾਵਿਤ ਉਮੀਦਵਾਰ ਲੱਖਾਂ, ਕਰੋੜਾਂ ਰੁਪਈਏ ਰੈਲੀਆਂ, ਮੀਟਿੰਗਾਂ, ਵੱਡੇ ਇਕੱਠਾਂ ਆਦਿ ਉੱਤੇ ਖਰਚ ਰਹੇ ਹਨ। ਰਾਜਨੀਤਕ ਪਾਰਟੀਆਂ ਤੋਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰੀ 'ਟਿਕਟ' ਪ੍ਰਾਪਤ ਕਰਨ ਲਈ ਕਰੋੜਾਂ ਦਾ ਲੈਣ-ਦੇਣ ਹੋਣ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਮੁੱਖ ਸੁਰਖੀਆਂ ਬਣ ਰਹੀਆਂ ਹਨ। ਆਖ਼ਰ ਇਹ ਪੈਸਾ ਕਿਥੋਂ ਆ ਰਿਹਾ ਹੈ? ਭ੍ਰਿਸ਼ਟਾਚਾਰ ਹਟਾਉਣ ਦਾ ਨਾਹਰਾ ਦੇਣ ਵਾਲੀਆਂ ਰਾਜਨੀਤਕ ਪਾਰਟੀਆਂ ਦੇ ਪੰਡਾਲ ਦਰਸ਼ਕਾਂ, ਹਿਮਾਇਤੀਆਂ ਨਾਲ ਭਰੇ ਦਿਖਾਈ ਦਿੰਦੇ ਹਨ, ਉਨ੍ਹਾਂ ਵੱਲੋਂ ਲਗਾਈਆਂ ਹੋਰਡਿੰਗਜ਼, ਅਖ਼ਬਾਰਾਂ ਦੇ ਇਸ਼ਤਿਹਾਰਾਂ ਲਈ ਮਾਇਆ ਦੇ ਗੱਫੇ ਕਿਹਨਾਂ ਚੋਰ-ਮੋਰੀਆਂ ਰਾਹੀਂ ਖਰਚੇ ਜਾ ਰਹੇ ਹਨ ਜਾਂ ਪਾਰਟੀ ਚੰਦਿਆਂ ਦੇ ਰੂਪ ’ਚ ਆ ਰਹੇ ਹਨ? ਕੀ ਉਨ੍ਹਾਂ ਦਾ ਕੋਈ ਹਿਸਾਬ-ਕਿਤਾਬ ਰੱਖਿਆ ਜਾ ਰਿਹਾ ਹੈ ਜਾਂ ਰੱਖਿਆ ਜਾ ਸਕਦਾ ਹੈ? ਸੰਭਾਵੀ ਉਮੀਦਵਾਰਾਂ ਦੇ ਨਾਲ ਚੱਲ ਰਹੇ ਸੈਂਕੜਿਆਂ ਦੀ ਤਦਾਦ ਵਿਚ ਕਾਰਾਂ, ਹੋਰ ਵਾਹਨਾਂ ਦੇ ਕਾਫਲੇ, 'ਮਿੱਤਰਾਂ ਦੀਆਂ ਗੱਡੀਆਂ', ਵਿਦਿਅਕ ਅਦਾਰਿਆਂ ਦੇ ਰੈਲੀਆਂ ਲਈ ਵਰਤੇ ਜਾਣ ਵਾਲੇ ਵਾਹਨ ਅਤੇ ਇਨ੍ਹਾਂ ਵਾਹਨਾਂ ’ਚ ਬੈਠਣ ਵਾਲੇ 'ਦਿਹਾੜੀ' ਦੇ ਲਏ ਮਜ਼ਦੂਰ ਕਾਮਿਆਂ ਨੂੰ ਮਿਲਣ ਵਾਲਾ ਭੱਤਾ ਤੇ ਰਾਸ਼ਨ ਦਾ ਖਰਚ ਕੀ ਕਿਧਰੇ ਦਰਜ ਹੋ ਰਿਹਾ ਹੈ ਜਾਂ ਹੋ ਸਕਦਾ ਹੈ?

ਪੰਜਾਬ ਦੀ ਹਾਕਮ ਪਾਰਟੀ ਵੱਲੋਂ ਆਪਣੇ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੇ ਅਖ਼ਬਾਰਾਂ ’ਚ ਵੱਡੇ ਇਸ਼ਤਿਹਾਰ, ਟੀ.ਵੀ., ਰੇਡੀਓ, ਸੋਸ਼ਲ ਮੀਡੀਆ, ਈ-ਪੇਪਰਾਂ ’ਚ ਪ੍ਰਚਾਰ, ਆਉਣ ਵਾਲੀਆਂ ਚੋਣਾਂ ਲਈ ਵੋਟਾਂ ਬਟੋਰਨ ਦਾ ਸਾਧਨ ਨਹੀਂ? ਇਹ ਚੋਣ ਖਰਚੇ ਦੇ ਕਿਸ ਖਾਤੇ ਵਿਚ ਦਰਜ ਹੋਏਗਾ? ਪੰਜਾਬ ਦੀ ਸਰਕਾਰ ਵੱਲੋਂ ਨਿੱਤ ਨਵੇਂ ਪ੍ਰਾਜੈਕਟਾਂ ਦੀ ਸ਼ੁਰੂਆਤ ਕੇਂਦਰ ਸਰਕਾਰ ਵੱਲੋਂ ਆਪਣੇ ਪਾਰਟੀ ਹਿੱਤਾਂ ਦੀ ਪੂਰਤੀ ਲਈ ਚੋਣਾਂ ਤੋਂ ਪਹਿਲਾਂ ਦਿਨੋ-ਦਿਨ ਰੱਖੇ ਜਾ ਰਹੇ ਨੀਂਹ ਪੱਥਰ, ਕੰਮਾਂ ਦੀ ਸ਼ੁਰੂਆਤ ਦੇ ਐਲਾਨ ਅਤੇ ਇਨ੍ਹਾਂ ਸਮਾਗਮਾਂ ਉਤੇ ਕੀਤਾ ਜਾ ਰਿਹਾ ਵੱਡਾ, ਲੰਮਾ ਚੌੜਾ ਖਰਚਾ, ਕੀ ਹਾਕਮ ਧਿਰ ਵੱਲੋਂ ਚੋਣਾਂ ਲਈ ਪ੍ਰਚਾਰ ’ਚ ਕੀਤਾ ਖਰਚਾ ਨਹੀਂ ਗਿਣਿਆ ਜਾਣਾ ਚਾਹੀਦਾ? ਦਿੱਲੀ ਦੀ ਸਰਕਾਰ ਦੇ ਮੁੱਖੀ ਦਾ ਪੰਜਾਬ ਦੌਰਾਨ, ਉਸ ਵੱਲੋਂ ਨਿੱਤ ਕੀਤੀਆਂ ਜਾ ਰਹੀਆਂ ਰੈਲੀਆਂ, ਦਿੱਲੀ ਸਰਕਾਰ ਦੇ ਕੀਤੇ ਜਾ ਰਹੇ ਪੰਜਾਬ ਦੇ ਲੋਕਾਂ ਨੂੰ ਝਲਕ ਦਿਖਾਉਣ ਦੇ ਨਾਮ ਉਤੇ ਅਖ਼ਬਾਰਾਂ ’ਚ ਪ੍ਰਚਾਰ, ਇਨ੍ਹਾਂ ਰੈਲੀਆਂ ਉਤੇ ਕੀਤਾ ਜਾ ਰਿਹਾ ਖਰਚਾ ਅਤੇ ਵੱਡੇ ਚੋਣ ਵਾਅਦੇ ਸਮੇਤ 25 ਲੱਖ ਨੌਜਵਾਨਾਂ ਨੂੰ ਨੌਕਰੀਆਂ ਦੇ ਝਾਂਸੇ ਦੇ ਕੇ ਕੀਤੇ ਜਾਣ ਵਾਲੇ ਇਕੱਠਾਂ ’ਚ ਨੌਜਵਾਨਾਂ ਦੀ ਸ਼ਮੂਲੀਅਤ ਯਕੀਨੀ ਬਨਾਉਣਾ, ਕੀ ਚੋਣ ਪ੍ਰਚਾਰ ਨਹੀਂ? ਅਤੇ ਕੀ ਇਹ ਖਰਚੇ ਉਨ੍ਹਾਂ ਚੋਣਾਂ ਦੇ ਹਲਕਿਆਂ ਦੇ ਉਮੀਦਵਾਰਾਂ ਦੇ ਖਾਤੇ ’ਚ ਗਿਣੇ ਜਾਣ ਯੋਗ ਨਹੀਂ, ਜਿਥੇ ਇਹ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਭਾਰਤ ਦਾ ਆਮਦਨ ਕਰ ਵਿਭਾਗ ਇਨ੍ਹਾਂ ਕੀਤੇ ਜਾ ਰਹੇ ਖਰਚਿਆਂ ਪ੍ਰਤੀ ਕਿਵੇਂ ਚੁੱਪੀ ਸਾਧੀ ਬੈਠਾ ਹੈ?



ਆਮ ਇਮਾਨਦਾਰ ਟੈਕਸ ਦੇਣ ਵਾਲੇ ਨੂੰ ਆਪਣੀ ਪਾਈ-ਪਾਈ ਦਾ ਹਿਸਾਬ ਰੱਖਣਾ ਪੈਂਦਾ ਹੈ ਅਤੇ ਰਿਫੰਡ ਲੈਣ ਲਈ ਅਤੇ ਹਰ ਤਰ੍ਹਾਂ ਦੀ ਬਚਤ ਦਿਖਾਉਣ ਲਈ ਉਸਦੇ ਪਸੀਨੇ ਛੁੱਟ ਜਾਂਦੇ ਹਨ, ਪਰ ਰਾਜਨੀਤਕ ਲੋਕ, ਧਨਾਢਾਂ ਦੇ ਪੈਸਿਆਂ ’ਤੇ ਐਸ਼ ਕਰਦੇ ਹਨ, ਲੋਕਾਂ ਦੀਆਂ ਜੇਬਾਂ ’ਚੋਂ ਪੈਸੇ ਕੱਢ ਕੇ ਆਪਣੇ ਸੁਖ-ਆਰਾਮ ਲਈ ਵਰਤਦੇ ਹਨ। ਕੀ ਇਹ ਰਾਜਨੀਤਕ ਬੇਈਮਾਨੀ ਨਹੀਂ? ਉਂਜ ਇਸ ਤੋਂ ਵੱਡੀ ਰਾਜਨੀਤਕ ਬੇਈਮਾਨੀ ਦੀ ਮਿਸਾਲ ਹੋਰ ਕਿਹੜੀ ਹੋ ਸਕਦੀ ਹੈ ਕਿ ਕੁਰਸੀ ਪ੍ਰਾਪਤੀ ਲਈ ਕਾਂਗਰਸ ਦਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ, ਉਨ੍ਹਾਂ ਦੀ ਚੰਗੀ ਪੜ੍ਹਾਈ, ਉਨ੍ਹਾਂ ਲਈ ਵੋਕੇਸ਼ਨਲ ਇੰਜੀਨੀਅਰਿੰਗ ਸਿੱਖਿਆ ਦੇਣ ਦੀ ਥਾਂ ਨੌਜਵਾਨਾਂ ਨੂੰ 50 ਲੱਖ ਸਮਾਰਟ ਫ਼ੋਨ ਮੁਫ਼ਤ ਦੇਣ ਦਾ ਵਾਅਦਾ ਕਰੇ। ਖ਼ਬਰ ਹੈ ਕਿ ਇਸ ਕੈਪਟਨ ਸਮਾਰਟ ਕੁਨੈਕਟ ਪ੍ਰੋਗਰਾਮ ਨੂੰ ਜ਼ਬਰਦਸਤ ਰਿਸਪੌਂਸ ਮਿਲਿਆ ਹੈ ਤੇ ਤਿੰਨ ਦਿਨਾਂ ’ਚ 8 ਲੱਖ ਨੌਜਵਾਨਾਂ, ਜਿਨ੍ਹਾਂ ’ਚ 16% ਯੁਵਤੀਆਂ ਵੀ ਸ਼ਾਮਲ ਹਨ ਨੇ ਰਜਿਸਟ੍ਰੇਸ਼ਨ ਕਰਵਾ ਦਿੱਤੀ ਹੈ ਜਾਂ ਦਿੱਲੀ ਦਾ ਮੁੱਖ ਮੰਤਰੀ ਕੇਜਰੀਵਾਲ ਆਪਣੀ ਪਾਰਟੀ ਲਈ ਵੋਟਾਂ ਬਟੋਰਨ ਦੀ ਖਾਤਰ 25 ਲੱਖ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਲਾਰਾ ਲਾਵੇ। ਹਾਕਮ ਸਰਕਾਰ ਨੇ 10 ਲੱਖ ਨੌਜਵਾਨਾਂ ਨੂੰ ਨੌਕਰੀਆਂ ਦੇਣ ਅਤੇ 11ਵੀਂ ਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਲੈਪ-ਟੌਪ ਦੇਣ ਦਾ ਵਾਅਦਾ ਕੀਤਾ ਸੀ, ਪਰ ਉਹ ਵਫ਼ਾ ਨਹੀਂ ਹੋ ਸਕਿਆ। 10 ਲੱਖ ਤਾਂ ਕੀ ਇਕ ਲੱਖ ਨੌਜਵਾਨ ਵੀ ਨੌਕਰੀ ਪ੍ਰਾਪਤ ਨਹੀਂ ਕਰ ਸਕਿਆ, ਸਗੋਂ ਸੜਕਾਂ ਉਤੇ ਹੱਥ ਡਿਗਰੀਆਂ ਫੜ ਵਿਹਲਾ ਫਿਰਦਾ, ਨਸ਼ਿਆਂ ਦੀ ਮਾਰ ਝਲਦਾ, ਜਾਂ ਨੌਕਰੀਆਂ ਲੱਭਣ ਲਈ ਜਦੋ-ਜਹਿਦ ਕਰਦਾ ਪੁਲਿਸ ਦੀਆਂ ਡਾਂਗਾਂ ਖਾਂਦਾ ਦਿਸਦਾ ਹੈ ਜਾਂ ਫਿਰ ਸਰਕਾਰੀ ਲਾਰਿਆਂ-ਲੱਪਿਆਂ ਦਾ ਸ਼ਿਕਾਰ ਹੈ, ਮਾਨਸਿਕ ਸੰਤੁਲਨ ਗੁਆ ਰਿਹਾ ਹੈ ਜਾਂ ਹਰ ਹੀਲਾ ਕਰਕੇ ਦੇਸ਼ ਛੱਡ, ਵਿਦੇਸ਼ ਭੱਜਣ ਉਤੇ ਮਜ਼ਬੂਰ ਹੋ ਰਿਹਾ ਹੈ।

ਚੋਣਾਂ ਤੋਂ ਪਹਿਲਾਂ ਕੀਤੀਆਂ ਰੈਲੀਆਂ, ਇਕੱਠਾਂ, ਸਮਾਗਮਾਂ ’ਚ ਲੋਕਾਂ ਨੂੰ ਭਰਮਾਉਣ ਵਾਲੇ ਕੀਤੇ ਵਾਅਦੇ ਚੋਣ ਜੁਮਲੇ ਬਣ ਕੇ, ਜਦੋਂ ਲੋਕਾਂ ਦੇ ਭਵਿੱਖ ਨਾਲ ਖਿਲਵਾੜ ਕਰਦੇ ਹਨ, ਅਸਲ ਮਾਅਨਿਆਂ ’ਚ ਉਨ੍ਹਾਂ ਦਾ ਮਾਨਸਿਕ ਸੋਸ਼ਨ ਤਾਂ ਕਰਦੇ ਹੀ ਹਨ, ਉਨ੍ਹਾਂ ਨੂੰ ਆਰਥਿਕ ਪੱਖੋਂ ਵੀ ਕਮਜ਼ੋਰ ਕਰਦੇ ਹਨ, ਕਿਉਂਕਿ ਜਦੋਂ ਲੋਕਾਂ ਦੇ ਸੁਪਨੇ ਪੂਰੇ ਨਹੀਂ ਹੁੰਦੇ, ਉਨ੍ਹਾਂ ਨੂੰ ਹੋਰ ਭੈੜੀਆਂ ਆਰਥਿਕ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਉਨ੍ਹਾਂ ਦਾ ਮੌਜੂਦਾ ਪ੍ਰਬੰਧ, ਸਰਕਾਰ, ਰਾਜਨੀਤਕ ਆਗੂਆਂ ਤੋਂ ਮੋਹ ਭੰਗ ਹੁੰਦਾ ਹੈ। ਕੀ ਇਹੋ ਜਿਹੀ ਸਥਿਤੀ ਵਿਚ, ਇਹ ਰਾਜਨੀਤਕ ਨੇਤਾ, ਚੋਣਾਂ ’ਚ ਪੈਸੇ ਦੀ ਦੁਰਵਰਤੋਂ, ਪੈਸੇ ਦੀ ਖਾਤਰ ਲਾਏ ਲਾਰਿਆਂ ਤੇ ਵਾਅਦਿਆਂ ਨੂੰ ਪੂਰਿਆ ਨਾ ਕਰਨ ਲਈ ਲੋਕ-ਕਚਿਹਰੀਆਂ ’ਚ ਮੁਕੱਦਮੇ ਭੁਗਤਣ ਦੇ ਹੱਕਦਾਰ ਨਹੀਂ ਬਣਾਏ ਜਾਣੇ ਚਾਹੀਦੇ।

ਕਿਉਂ ਛੋਟ ਹੈ ਰਾਜਨੀਤਕ ਪਾਰਟੀਆਂ ਨੂੰ ਆਮਦਨ ਕਰ ਕਾਨੂੰਨ ਵਿਚ ਕਿ ਕੋਈ ਵੀ ਵਿਅਕਤੀ ਉਨ੍ਹਾਂ ਨੂੰ 20,000 ਰੁਪਏ ਤੋਂ ਘੱਟ ਦਾ ਚੰਦਾ ਦੇਵੇ। ਕਿਉਂ ਨਹੀਂ ਇਹ ਪੁੱਛਿਆ ਜਾਂਦਾ ਚੰਦਾ ਦੇਣ ਵਾਲੇ ਧਨਾਢਾਂ ਤੋਂ ਕਿ ਇਹ ਰਕਮ ਉਨ੍ਹਾਂ ਨੂੰ ਕਿਥੋਂ ਆਈ? ਕੀ ਇਹ ਕਾਲਾ ਧਨ ਤਾਂ ਨਹੀਂ? ਕਿਉਂ ਨੇਤਾ, ਲੋਕਾਂ ਦੇ ਟੈਕਸ ਦੀ ਰਕਮ ਨੂੰ ਸਬਸਿਡੀਆਂ ਜਾਂ ਫਜ਼ੂਲ ਸਹੂਲਤਾਂ ਦੇਣ ਲਈ ਲੁਟਾਉਣ, ਜਦੋਂ ਉਸ ਸੂਬੇ ਦੇ ਲੋਕ ਰੋਟੀ, ਰੋਜ਼ੀ ਦੀ ਖਾਤਰ ਮਾਰੇ-ਮਾਰੇ ਫਿਰ ਰਹੇ ਹੋਣ! ਕਿਉਂ ਚੋਣਾਂ ਉਤੇ ਵੱਡਾ ਧਨ ਖਰਚਿਆਂ ਜਾਵੇ ਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾਵੇ ਜਦ ਕਿ ਲੋਕ ਹੋਰ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਅਤੇ ਕਿਉਂ ਨਾ ਪਾਰਟੀਆਂ, ਉਮੀਦਵਾਰਾਂ ਨੂੰ ਇਸ ਗੱਲ ਲਈ ਵਾਧਤ ਕੀਤਾ ਜਾਵੇ ਕਿ ਉਹ ਦੱਸੇ ਕਿ ਉਹ ਰਕਮ (28 ਲੱਖ) ਜਿਹੜੀ ਉਸ ਲੋਕ ਨੁਮਾਇੰਦਾ ਚੁਣੇ ਜਾਣ ਲਈ ਖਰਚਣੀ ਹੈ, ਕਿਥੋਂ ਆਈ, ਜਦ ਕਿ ਹੁਣ ਦੇ ਕਾਨੂੰਨ ਅਨੁਸਾਰ ਇਹ ਦੱਸਣਾ ਲਾਜ਼ਮੀ ਨਹੀਂ ਹੈ।

ਪ੍ਰੇਸ਼ਾਨ ਪ੍ਰਦੇਸ਼ ਪੰਜਾਬ ਦੇ, ਪ੍ਰੇਸ਼ਾਨ ਲੋਕਾਂ ਦਾ ਰਾਜਨੀਤਕ ਲੋਕਾਂ ਨੂੰ ਪੁੱਛਣਾ ਇਹ ਹੱਕ ਬਣਦਾ ਹੈ, ਇਸ ਮੌਜੂਦਾ ਸਥਿਤੀ ਵਿਚ ਕਿ ਆਰਥਿਕ, ਸਮਾਜਕ ਤੌਰ ’ਤੇ ਉਨ੍ਹਾਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ? ਕੀ ਰਾਜ ਦੇ ਲੋਕਾਂ ਲਈ ਰਾਜਨੀਤਕ ਲੋਕਾਂ ਵਲੋਂ ਉਨ੍ਹਾਂ ਲਈ ਤਿਆਰ ਕੀਤੇ ਚੋਣ-ਮਨੋਰਥ ਪੱਤਰ ਕਾਨੂੰਨਣ ਬਣਨਗ? ਕੀ ਉਨ੍ਹਾਂ ਨਾਲ ਕੀਤੇ ਵਾਇਦੇ ਵਫ਼ਾ ਹੋਣਗੇ? ਕੀ ਚੋਣਾਂ ਉਨ੍ਹਾਂ ਉੱਤੇ ਹੋਰ ਵੱਡਾ ਆਰਥਿਕ ਬੋਝ ਤਾਂ ਨਹੀਂ ਪਾ ਜਾਣਗੀਆਂ? ਅਤੇ ਕੀ ਚੋਣਾਂ ਉਪਰੰਤ ਉਨ੍ਹਾਂ ਨੂੰ ਨੌਕਰੀਆਂ ਤੇ ਸੁਖਾਵੀਂ ਜ਼ਿੰਦਗੀ ਜੀਊਣ ਲਈ ਸਿਹਤ ਸਿੱਖਿਆ ਸਹੂਲਤਾਂ ਦੀ ਥਾਂ ਹੋਰ ਆਰਥਿਕ ਬੋਝ ਢੋਣ ਲਈ ਮਜ਼ਬੂਰ ਤਾਂ ਨਹੀਂ ਕਰ ਦਿੱਤਾ ਜਾਏਗਾ?

## ਅੱਪਰਾ ਵਾਸੀਆਂ ਦੇ ਘਰਾਂ ’ਚ ਮਹਿਕਮੇ ਵਲੋਂ ਪੁੱਟੇ ਹੋਏ ਨੇ ਮੌਤ ਦੇ ਖੂਹ

**ਗੁਰਾਇਆ (ਨਿਰਮਲ ਗੁੜਾ)-** ਪੰਜਾਬ ਸਰਕਾਰ ਵਲੋਂ ਸਮੇ ਸਮੇ ਤੇ ਸੂਬਾ ਵਾਸੀਆਂ ਨੂੰ ਚੰਗਾ ਵਾਤਾਵਰਣ ਅਤੇ ਤੰਦਰੁਸਤੀ ਵਾਲ਼ਾ ਜੀਵਨ ਪ੍ਰਦਾਨ ਕਰਨ ਲਈ ਮਿਸ਼ਨ ਵਿਢਿਆ ਜਾਂਦਾ ਹੈ ਤਾਂ ਕਿ ਸੂਬੇ ਦੇ ਲੋਕ ਨਿਰੋਗ





ਰਹਿਣ। ਸਰਕਾਰ ਨੇ ਕੁੱਝ ਸਮੇ ਤੋਂ ਤਹੱਈਆ ਕੀਤਾ ਹੈ ਕਿ ਪੰਜਾਬ ਦੇ ਹਰ ਘਰ ਟਾਇਲਿਟ ਜਰੂਰੀ ਹੈ ਤਾਂ ਜੋ ਲੋਕਾਂ ਨੂੰ ਘਰਾਂ ਤੋਂ ਬਾਹਰ ਜੰਗਲ ਪਾਣੀ ਜਾਣ ਨਾ਼ਲ ਜਿਥੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਥੇ ਗੰਦਗੀ ਨਾ਼ਲ ਭਿਆਨਕ ਬਿਮਾਰੀਆਂ ਵੀ ਫੈਲਦੀਆਂ ਹਨ। ਪੰਜਾਬ ਸਰਕਾਰ ਦੀ 2012 ਦੀ ਸਰਵੇ ਰਿਪੋਰਟ ਮੁਤਾਬਕ ਜਿਲਾ ਜਲੰਧਰ ਵਿੱਚ 26 ਹਜਾਰ ਘਰ ਹਨ ਜੋ ਟਾਇਟਸ ਤੋਂ ਬਗੈਰ ਹਨ। ਸਵੱਸ਼ ਭਾਰਤ ਦੇ ਤਹਿਤ ਸਰਕਾਰ ਦਾ ਟੀਚਾ ਹੈ ਕਿ ਦਸੰਬਰ ਤੱਕ ਹਰ ਘਰ ਟਾਇਲਿਟਸ ਬਣਨੀ ਜਰੂਰੀ ਹੈ। ਸਰਕਾਰ ਵਲੋਂ ਇੱਕ ਘਰ ਨੂੰ ਟਾਇਲਟ ਬਣਾਉਣ ਲਈ 15,000 ਰਪਏ ਦਿਤੇ ਜਾ ਰਹੇ ਹਨ ਤਾਂ ਕਿ ਇਹ ਟੀਚਾ ਪੂਰਾ ਕੀਤਾ ਜਾ ਸਕੇ। ਪਰ ਲੋਕਲ ਪ੍ਰਸ਼ਾਸ਼ਨ ਅਤੇ ਠੇਕੇਦਾਰਾਂ ਦੀ ਲਾਪ੍ਰਵਾਹੀ ਦੇ ਕਾਰਣ ਸਕੀਮ ਲੋਕਾਂ ਤੱਕ ਨਹੀਂ ਪਹੁੰਚ ਰਹੀ, ਜਿਸ ਕਾਰਣ ਜਿਥੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਥੇ ਹੀ ਸਰਕਾਰਾਂ ਦੀ ਬਦਨਾਮੀ ਵੀ ਹੁੰਦੀ ਹੈ। ਹਲਕਾ ਫਿਲੌਰ ਦੇ ਕਸਬਾ ਅੱਪਰਾ ਵਿਖੇ ਬਹੁਤ ਸਾਰੇ ਘਰਾਂ ਵਿੱਚ ਪ੍ਰਸ਼ਾਸ਼ਨ ਵਲੋਂ ਲੋਕਾਂ ਦੇ ਘਰਾਂ ਵਿੱਚ ਟਾਇਲਟਾਂ ਦਾ ਕੰਮ ਸ਼ੁਰੂ ਤਾਂ ਕਰਵਾ ਦਿਤਾ ਪਰ ਮੁੜ ਕਿਸੇ ਨੇ ਸਾਰ ਤੱਕ ਨਹੀਂ ਲਈ। ਅੱਪਰਾ ਵਾਸੀਆਂ ਨੇ ਦੱਸਿਆ ਕਿ ਢਾਈ ਮਹੀਨੇ ਤੋਂ ਘਰਾਂ ’ਚ ਟਾਇਲਟਸ ਲਈ ਗਟਰ ਬਨਾਉਣ ਲਈ ਟੋਏ ਪੁੱਟੇ ਗਏ ਹਨ, ਮੁੜ ਕੋਈ ਨਹੀਂ ਆਇਆ ਜਦਕਿ ਲੋਕਾਂ ਲਈ ਲਘਣ ਤੋਂ ਵੀ ਔਖਾ ਹੋਇਆ ਪਿਆ ਹੈ। ਲੋਕਾਂ ਨੇ ਕਿਹਾ ਕਿ ਇਹਨਾਂ ਟੋਇਆਂ ਵਿੱਚ ਕਈ ਪਰਿਵਾਰ ਮੈਂਬਰ ਡਿਗ ਡਿਗ ਕੇ ਸੱਟਾਂ ਲਗਵਾ ਚੁਕੇ ਹਨ ਤੇ ਇਲਾਕੇ ਵਿੱਚ ਕਈਆਂ ਦੀ ਮੌਤ ਵੀ ਹੋ ਚੁੱਕੀ ਹੈ। ਦੂਜਾ ਪ੍ਰਸ਼ਾਸਨ ਵਲੋਂ ਬਹੁਤ ਸਾਰੇ ਘਰਾਂ ਵਿੱਚ ਟਾਇਲਿਟਸ ਨਾ ਹੋਣ ਦੇ ਬਾਵਯੂਦ ਵੀ ਪਾਸ ਨਹੀਂ ਕੀਤੀਆਂ। ਦੂਜੇ ਪਾਸੇ ਜਦੋਂ ਇਸ ਸੰਬੰਧੀ ਜਦੋਂ ਬਾਲਾਕ ਸਮਤੀ ਫਿਲੌਰ ਦੇ ਚੇਅਰਮੈਨ ਜਸਵੀਰ ਕੁਮਾਰ ਵਿਰਕ ਅਤੇ ਵਿਲੇਜ਼ ਵਾਟਰ ਐਂਡ ਸੈਨੀਟੇਸ਼ਨ ਦੇ ਐਸ ਡੀ ਓ ਪੁਨੀਤ ਨੂੰ ਪੁਛਿਆ ਤਾਂ ਉਹਨਾਂ ਕਿਹਾ ਕਿ ਇਸ ਸਮੱਸਿਆ ਵੱਲ ਉਚੇਚਾ ਧਿਆਨ ਦੇ ਕੇ ਹੱਲ ਕੀਤਾ ਜਾਵੇਗਾ।

## ਫਿਲੌਰ ਪੁਲਿਸ ਵਧੀਕੀਆਂ ਵਿਰੁੱਧ ਬਸਪਾ ਵਿਰੋਧ

**ਗੁਰਾਇਆ (ਨਿਰਮਲ ਗੁੜਾ)-** ਪੁਲਿਸ ਦੇ ਕੰਮਕਾਜ ਵਿੱਚ ਰਾਜਨੀਤਿਕ ਦਖਲਅੰਦਾਜੀ ਦਾ ਖਾਮਿਆਜਾ ਆਮ ਲੋਕਾਂ ਨੂੰ ਅੰਨਿਆਂ, ਬੇਇਨਸਾਫੀ ਅਤੇ ਖੱਜਲ ਕੁਆਰ ਹੋ ਕੇ ਭੁਗਤਣਾ ਪੈ ਰਿਹਾ ਹੈ, ਜਿਸ ਕਾਰਣ ਸ਼ਰੇਆਮ ਭ੍ਰਿਸ਼ਟਾਚਾਰ ਸਿਖਰਾਂ ਤੇ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਕਾਂਤੀ ਮੋਹਣ ਨੇ ਪੁਲਿਸ ਦੀਆਂ ਵਧੀਕੀਆਂ ਦੇ ਵਿਰੁਧ ਬਹੁਜਨ ਸਮਾਜ ਪਾਰਟੀ ਵਲੋਂ ਫਿਲੌਰ ਵਿਖੇ ਡੀ ਐਸ ਪੀ ਦੇ ਦਫਤਰ ਅੱਗੇ ਲਗਾਏ ਗਏ ਧਰਨੇ ਵਿੱਚ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਹੇ। 8 ਦਿਨ ਤੋਂ ਬੈਠੇ ਇਸ ਧਰਨੇ ਵਿੱਚ ਭਾਰੀ



ਇਕੱਠ ਨੂੰ ਸੰਬੋਧਨ ਕਰਦਿਆਂ ਸੁਖਵਿੰਦਰ ਬਿੱਟੂ ਹਲਕਾ ਪ੍ਰਧਾਨ, ਹਰਮੇਸ਼ ਗੜ੍ਹਾ, ਬਾਬੂ ਸੁੰਦਰ ਲਾਲ, ਡਾ. ਲਖਵੀਰ, ਬਲਵਿੰਦਰ ਸ਼ੀਹਰਾ ਨੇ ਕਿਹਾ ਕਿ ਬੀਤੇ ਦਿਨੀ ਪਿੰਡ ਮੋਰੋਂ ਦੀ ਸਾਬਕਾ ਸਰਪੰਚ ਬੀਬੀ ਕਮਲੇਸ਼ ਰਾਣੀ ਦੀ ਬੇਟੀ ਦਾ ਸਹੁਰਾ ਪਰਿਵਾਰ ਵਲੋਂ ਕਤਲ ਕਰ ਦਿਤਾ ਗਿਆ, ਰਾਜਨੀਤਿਕ ਲੋਕਾਂ ਦੀ ਸ਼ੈਹ ਤੇ ਪੁਲਿਸ ਵਲੋਂ ਕਾਤਲਾਂ ਦੀ ਸ਼ਰੇਆਮ ਮੱਦਦ ਕੀਤੀ ਜਾ ਰਹੀ ਹੈ। ਪਿੰਡ ਮੁਠੱਡਾ ਕਲਾਂ ਦੇ ਸਰਪੰਚ ਕਾਂਤੀ ਮੋਹਣ ਤੇ ਘਰ ਗੋ਼ਲੀ ਚਲਾਉਣ ਵਾ਼ਲੇ ਦੋਸ਼ੀਆਂ ਤੇ ਪਰਚਾ ਹੋਣ ਦੇ ਬਾਵਯੂਦ ਦੋਸ਼ੀ ਪੁਲਿਸ ਦੀ ਸ਼ਹਿ ਤੇ ਸ਼ਰੇਆਮ ਘੁੰਮ ਰਹੇ ਹਨ। ਦਲਿਤ ਸਮਾਜ ਤੇ ਦਿਨ ਦਿਹਾੜੇ ਅਤਿਆਚਾਰ ਹੋ ਰਿਹਾ ਹੈ ਤੇ ਪੁਲਿਸ ਮੂੱਕ ਦਰਸ਼ਕ ਬਣਕੇ ਤਮਾਸ਼ਾ ਦੇਖ ਰਹੀ ਹੈ। ਖਾਸ ਕਰਕੇ ਹਲਕਾ ਫਿਲੌਰ ਦੀ ਪੁਲਿਸ ਵਲੋਂ ਗਰੀਬ ਅਤੇ ਦਲਿਤ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਿਖੇ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਸੈਲਮਾ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ (ਕੈਲੇਫੋਰਨੀਆ) ਅਤੇ ਸਮੂਹ ਸਾਧ ਸੰਗਤ ਨੇ ਬੀਤੀ 27 ਨਵੰਬਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਿਖੇ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ। ਪ੍ਰੋਗਰਾਮ ਦੀ ਆਰੰਭਤਾ ਸਵੇਰੇ 9 ਵਜੇ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ ਅਤੇ ਦੁਪਹਿਰ 2 ਵਜੇ ਤੱਕ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਅਵਤਾਰ ਸਿੰਘ ਸਤਨੌਰ, ਭਾਈ ਪ੍ਰੇਮ ਪਾਲ ਸਿੰਘ ਜੀ, ਉਘੇ ਸਮਾਜ ਸੇਵੀ ਰਾਜਿੰਦਰ ਸਿੰਘ ਗਾਂਧੀ, ਗਿਆਨੀ ਹਰਬਲਾਸ ਸਿੰਘ ਨੇ ਇਲਾਹੀ ਬਾਣੀ ਦਾ ਗੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਘੇ ਮਿਸਨਰੀ ਅਜੈ ਕੁਮਾਰ (ਪੀਟਾ) ਨੇ ਧਾਰਮਿਕ ਕਵਿਤਾਵਾਂ ਪੜ੍ਹੀਆਂ। ਪ੍ਰੋਗਰਾਮ ਦੀ ਸੇਵਾ ਗੁਰੂ ਘਰ ਦੇ ਅਨਿਨ ਸੇਵਕ ਸਵਰਗਵਾਸੀ ਸ੍ਰੀ ਸੰਤ ਰਾਮ ਨਰ ਜੀ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ, ਜੋ ਪਹਿਲਾਂ ਵੀ ਕਈ ਸਾਲਾਂ ਤੋਂ ਸੇਵਾ ਨਿਭਾਉਂਦੇ ਆ ਰਹੇ ਹਨ।















ਪ੍ਰੋਗਰਾਮ ਦੀ ਸੇਵਾ
ਸਵਰਗੀ ਸ੍ਰੀ ਸੰਤ ਰਾਮ ਨਰ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ

Salinder Narr
S. N. TRANSPORT
1326. SARAH. ST SELMA, CA 93663




# ਸਿੱਖਿਆ ਸ਼ਾਸਤਰੀਆਂ ਅਤੇ ਉਘੀਆਂ ਸ਼ਖਸੀਅਤਾਂ ਵੱਲੋਂ ਡਾ. ਰੌਣਕੀ ਰਾਮ ਜੀ ਦੀ ਮਾਤਾ ਜੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

















**ਡਾ. ਜਸਵੰਤ ਰਾਏ ਸਾਹਰੀ–**

ਮਾਤਾ ਸ਼ਾਂਤੀ ਦੇਵੀ ਨੇ 12 ਨਵੰਬਰ ਦੇ ਤੜਕਸਾਰ ਆਪਣੇ ਆਖਰੀ ਸਾਹ ਲਏ। ਅੱਜ ਆਪਾਂ ਸਾਰੇ ਉਨ੍ਹਾਂ ਨੂੰ ਭੋਗ ਤੇ ਅੰਤਿਮ ਸ਼ਰਧਾਂਜਲੀ ਦੇਣ ਵਾਸਤੇ ਆਏ ਹਾਂ। ਜਦੋਂ ਅਸੀਂ ਡਾ. ਰੌਣਕੀ ਰਾਮ ਤੇ ਉਹਨਾਂ ਦੇ ਪਰਿਵਾਰ ਦੀਆਂ ਪ੍ਰਾਪਤੀਆਂ ਤੇ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਉਹਨਾਂ ਨੂੰ ਇਕ ਸਮਰੱਥ ਅਧਿਆਪਕਾ ਦਾ ਆਸ਼ੀਰਵਾਦ ਮਿਲਿਆ ਹੈ। ਸਾਡੀ ਸਾਰਿਆਂ ਦੀ ਪਹਿਲੀ ਅਧਿਆਪਕਾ ਸਾਡੀ ਮਾਂ ਹੈ। ਜੇਕਰ ਮਾਂ ਪੜ੍ਹੀ-ਲਿਖੀ ਹੋਵੇ ਤਾਂ ਸੋਨੇ ਤੇ ਸੁਹਾਗੇ ਵਾਲਾ ਕੰਮ ਹੋ ਜਾਂਦਾ ਹੈ।

ਮਾਤਾ ਸ਼ਾਂਤੀ ਦੇਵੀ ਦਾ ਜਨਮ ਵੀਹਵੀਂ ਸਦੀ ਦੇ ਤੀਜੇ ਦਹਾਕੇ ਪਾਕਿਸਤਾਨ ਦੇ ਸ਼ਹਿਰ ਲਾਇਲਪੁਰ ਉਸ ਸਮੇਂ ਹੋਇਆ ਜਦੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਤੇ ਉਹਨਾਂ ਦੇ ਸਾਥੀ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਲਈ ਜੱਦੋ ਜਹਿਦ ਕਰ ਰਹੇ ਸਨ। ਮਾਤਾ ਜੀ ਨੇ 1947 ਈ. ਵਿਚ ਲਾਇਲਪੁਰ ਤੋਂ ਮੈਟ੍ਰਿਕ ਕੀਤੀ। ਸੰਤਾਲੀ ਦੇ ਸੰਤਾਪ ਦਾ ਦਰਦ ਹੰਡੀਂ ਹੰਢਾਇਆ ਤੇ ਵੰਡ ਵਡਾਈਏ ਸਮੇਂ ਪਾਕਿਸਤਾਨ ਤੋਂ ਉੱਠ ਕੇ ਮਾਹਿਲਪੁਰ ਨਜ਼ਦੀਕ ਪਿੰਡ ਕਾਲੇਵਾਲ ਭਗਤਾਂ ਪੇਕੇ ਪਿੰਡ ਆ ਗਏ। ਸੰਤਾਲੀ ਵਿਚ ਹੀ ਉਹਨਾਂ ਦੀ ਸ਼ਾਦੀ ਸ੍ਰੀ ਹਰਮੇਸ਼ ਲਾਲ ਨਾਲ ਹੋ ਗਈ। ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮਾਤਾ ਸ਼ਾਂਤੀ ਦੇਵੀ ਸੰਤਾਲੀ ਵਿਚ ਮੈਟ੍ਰਿਕ ਕਰਨ ਵਾਲੀ ਸਾਡੇ ਪਿੰਡ ਦੀ ਪਹਿਲੀ ਬਹੂ ਹੋਵੇਗੀ। ਦੋ ਸਪੁੱਤਰੀਆਂ ਜਿਹਨਾਂ ਵਿਚੋਂ ਇਕ ਅਠਾਹਟ ਵਰ੍ਹੇ ਦੀ ਉਮਰ ਵਿਚ ਪਹਿਲਾਂ ਹੀ ਰੁਖਸਤ ਹੋ ਚੁੱਕੇ ਹਨ ਅਤੇ ਚਾਰ ਸਪੁੱਤਰਾਂ ਡਾ. ਰੌਣਕੀ ਰਾਮ, ਅਸ਼ਵਨੀ ਕੁਮਾਰ, ਭਾਰਤ ਲਾਲ ਤੇ ਸ਼ਾਹ ਬਾਦਸ਼ਾਹ ਵਿਚੋਂ ਛੋਟੇ ਸਪੁੱਤਰ ਸ਼ਾਹ ਬਾਦਸ਼ਾਹ 2008 ਵਿਚ ਹੀ ਪ੍ਰਮਾਤਮਾ ਦੀ ਗੋਦ 'ਚ ਜਾ ਬਿਰਾਜੇ ਹਨ। ਪਤੀ ਸਵਰਗੀ ਹਰਮੇਸ਼ ਲਾਲ ਹੁਰਾਂ ਨੂੰ ਵੀ ਗਿਆਂ ਦੋ ਦਹਾਕੇ ਤੋਂ ਵਧੇਰੇ ਦਾ ਸਮਾਂ ਹੋ ਚੁੱਕਾ ਹੈ। ਇੰਨੇ ਦੁਖਾਂਤ ਵਿਚੋਂ ਲੰਘਦਿਆਂ ਵੀ ਮਾਤਾ ਜੀ ਨੇ ਸਾਰੇ ਘਰ ਬਾਰ ਨੂੰ ਪਿਆਰ ਨਾਲ ਆਪਣੀ ਬੁੱਕਲ ਵਿਚ ਸਮੇਟੀ ਰੱਖਿਆ।

ਅੱਜ ਇਸ ਸ਼ਰਧਾਂਜਲੀ ਸਮਾਗਮ ਉਤੇ ਮੇਰੇ ਕੋਲ ਪਰਿਵਾਰ ਦੀ ਇਸ ਦੁੱਖ ਦੀ ਘੜੀ ਵਿਚ ਬਹੁਤ ਸਾਰੀਆਂ ਭਰਾਤਰੀ ਜਥੇਬੰਦੀਆਂ ਸਿੱਖਿਆ ਸੰਸਥਾਵਾਂ ਤੇ ਦੇਸ਼ਾਂ-ਵਿਦੇਸ਼ਾਂ ਤੋਂ ਸ਼ੋਕ ਸੰਦੇਸ਼ ਆਏ ਹਨ। ਜੇਕਰ ਮੈਂ ਇਹਨਾਂ ਨੂੰ ਪੜ੍ਹਨ ਲੱਗਾ ਤਾਂ ਸਮਾਂ ਵਧੇਰੇ ਲੱਗੇਗਾ। ਮੈਂ ਸਿਰਫ ਇਹਨਾਂ ਸੰਸਥਾਵਾਂ ਦੇ ਨਾਂ ਹੀ ਬੋਲਾਂਗਾ।

ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਸਭਾ ਰਜਿ. ਹੁਸ਼ਿਆਰਪੁਰ, ਸਾਹਿਤ ਸਭਾ ਮਾਹਿਲਪੁਰ, ਸਾਹਿਤ ਸਭਾ ਗੜ੍ਹਦੀਵਾਲਾ, ਦੁਆਬਾ ਲਿਖਾਰੀ ਸਭਾ ਗੜ੍ਹਸ਼ੰਕਰ, ਸਾਹਿਤ ਆਸ਼ਰਮ ਟਾਂਡਾ, ਪੰਜਾਬੀ ਸਾਹਿਤ ਸਭਾ ਤਲਵਾੜਾ, ਸੱਚ ਫਾਊਂਡੇਸ਼ਨ ਹੁਸ਼ਿਆਰਪੁਰ, ਗਜ਼ਟਿਡ ਅਤੇ ਨਾਨ ਗਜ਼ਟਿਡ ਐਸ. ਸੀ., ਬੀ. ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ, ਡੀ. ਏ. ਵੀ. ਕਾਲਜ ਆਫ ਐਜੂਕੇਸ਼ਨ ਅਬੋਹਰ, ਡੀ. ਏ. ਵੀ. ਕਾਲਜ ਆਫ ਐਜੂਕੇਸ਼ਨ ਕੈਂਪਸ ਅਬੋਹਰ, ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ, ਖਾਲਸਾ ਕਾਲਜ ਫਾਰ ਵੋਮੈਨ ਲੁਧਿਆਣਾ, ਪੰਜਾਬ ਯੂਨੀਵਰਸਿਟੀ ਕਾਲਜ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ। ਮੈਂ ਡਾ. ਕਰਮਜੀਤ ਸਿੰਘ ਸਾਬਕਾ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ, ਸਾਬਕਾ ਚੇਅਰਮੈਨ ਪੰਜਾਬੀ ਵਿਭਾਗ ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ਹੋਰਾਂ ਨੂੰ ਬੇਨਤੀ ਹੈ ਕਿ ਉਹ ਸ਼ਰਧਾਂਜਲੀ ਸ਼ਬਦ ਆਖਣ।







**ਡਾ. ਕਰਮਜੀਤ ਸਿੰਘ:–**

ਡਾ. ਰੌਣਕੀ ਰਾਮ ਦੇ ਮਾਤਾ ਜੀ ਭਾਵੇਂ ਨੱਬੇ ਸਾਲ ਦੀ ਉਮਰ ਭੋਗ ਕੇ ਰੁਖਸਤ ਹੋਏ ਹਨ ਪਰ ਫਿਰ ਵੀ ਮਾਤਾ ਦਾ ਵਿਛੋੜਾ ਸਾਰੇ ਵਿਛੋੜਿਆਂ ਤੋਂ ਵੱਡਾ ਹੁੰਦਾ ਹੈ। ਮਾਤਾ ਸ਼ਾਂਤੀ ਦੇਵੀ ਪੜ੍ਹੇ-ਲਿਖੇ ਹੋਣ ਕਰਕੇ ਹੀ ਸਿੱਖਿਆ ਦੀ ਬਰਕਤ ਡਾ. ਸਾਹਿਬ ਪਰਿਵਾਰ 'ਚ ਹੈ। ਉਸ ਤੋਂ ਵੀ ਵੱਡੀ ਗੱਲ ਕਿ ਉਹ ਅੱਜ ਚੰਡੀਗੜ੍ਹ ਦੇ ਨਾਲ ਨਾਲ ਦੂਜੇ ਦੇਸ਼ਾਂ ਵਿਚ ਵੀ ਪੜ੍ਹਨ-ਪੜ੍ਹਾਉਣ ਦੀਆਂ ਗੱਲਾਂ ਨਾਲ ਜੁੜੇ ਹੋਏ ਹਨ। ਪਰ ਇਸਦੇ ਨਾਲ-ਨਾਲ ਉਹਨਾਂ ਨੇ ਪਿੰਡ ਤੇ ਪਿੰਡ ਦੇ ਲੋਕਾਂ ਨਾਲ ਵੀ ਆਪਣਾ ਮੋਹ ਬਰਕਰਾਰ ਰੱਖਿਆ ਹੈ। ਅੱਜ ਅਸੀਂ ਮਾਤਾ ਸ਼ਾਂਤੀ ਦੇਵੀ ਦੇ ਨਾਲ-ਨਾਲ ਆਪਣੀਆਂ ਮਾਵਾਂ ਨੂੰ ਵੀ ਯਾਦ ਕਰ ਰਹੇ ਹਾਂ। ਮੇਰੇ ਆਪਣੇ ਮਾਤਾ ਨੱਬੇ ਸਾਲ ਦੇ ਹਨ। ਬਿਲਕੁਲ ਨਹੀਂ ਪੜ੍ਹੇ ਲਿਖੇ। ਨਾਂ ਲਿਖਣਾ ਅਸੀਂ ਆਪ ਸਿਖਾਇਆ ਇਕ ਵਾਰ ਉਹਨਾਂ ਨੂੰ ਕੋਈ ਪੁੱਛਣ ਲੱਗਾ ਕਿ ਮਾਤਾ ਜੀ ਕਿੰਨਾ ਪੜ੍ਹੇ ਹੋ?

"ਪੂਰੀਆਂ ਪੰਜਾਹ ਜਮਾਤਾਂ।" ਉਹ ਕਹਿਣ ਲੱਗੇ

"ਪੰਜਾਹ ਜਮਾਤਾਂ ਕਿਵੇਂ?" ਪੁੱਛਣ ਵਾਲੇ ਨੇ ਹੈਰਾਨ ਹੁੰਦਿਆਂ ਅਗਾਂਹ ਫੇਰ ਸਵਾਲ ਕੀਤਾ। ਮਾਤਾ ਜੀ ਕਹਿਣ ਲੱਗੇ, ਮੇਰਾ ਵੱਡਾ ਮੁੰਡਾ ਸੋਲਾਂ ਜਮਾਤਾਂ ਪਾਸ, ਛੋਟੀ ਬਹੂ ਵੀ ਸੋਲਾਂ, ਛੋਟਾ ਮੁੰਡਾ ਚੌਦਾਂ, ਉਹਦੀ ਬਹੂ ਵੀ ਚੌਦਾਂ। ਹੁਣ ਕਰ ਲਓ ਜੋੜ ਸਾਰੀਆਂ ਜਮਾਤਾਂ ਦਾ, ਪੰਜਾਹ ਤੋਂ ਇਕ-ਦੋ ਵੱਧ ਹੋਣੀਆਂ। ਸੋ ਮਾਵਾਂ ਕਰਕੇ ਹੀ ਅਸੀਂ ਪੜ੍ਹ-ਲਿਖ ਸਕੇ ਆਂ। ਪ੍ਰੋ. ਮੋਹਨ ਸਿੰਘ ਇਸ ਲਈ ਤਾਂ ਕਹਿੰਦਾ ਹੈ:-

ਮਾਂ ਵਰਗਾ ਘਣਸ਼ਾਵਾਂ ਬੂਟਾ ਮੈਨੂੰ ਨਜ਼ਰ ਨਾ ਆਏ
ਜਿਸਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸਵਰਗ ਬਣਾਏ।
ਹੋਰ ਕੁੱਲ ਦੁਨੀਆਂ ਦੇ ਬੂਟੇ ਜੜ੍ਹ ਸੁਕਿਆਂ ਸੁੱਕ ਜਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ ਇਹ ਬੂਟਾ ਬੁੱਕ ਜਾਏ।

ਅਗਰ ਬੱਚਿਆਂ ਨੂੰ ਕੁਝ ਹੁੰਦਾ ਹੈ ਤਾਂ ਮਾਂ ਨੂੰ ਸਭ ਤੋਂ ਵੱਡਾ ਸਦਮਾ ਪਹੁੰਚਦਾ ਹੈ। ਅੱਜ ਮਾਤਾ ਸ਼ਾਂਤੀ ਦੇਵੀ ਜੀ ਨੂੰ ਸ਼ਰਧਾਂਜਲੀ ਦਿੰਦਿਆਂ ਮੈਂ ਆਸ ਕਰਦਾ ਹਾਂ ਕਿ ਇਹ ਪਰਿਵਾਰ ਉਹਨਾਂ ਵੱਲੋਂ ਲਾਏ ਸਿੱਖਿਆ ਦੇ ਬੂਟੇ ਨੂੰ ਪਾਲ ਪੋਸ ਕੇ ਵੱਡਾ ਰੁੱਖ ਬਣਾਵੇ। ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ।

**ਸ਼ਾਇਰ ਮਦਨ ਵੀਰਾ:–**

ਬਾਰਾਂ ਨਵੰਬਰ ਤੋਂ ਪਹਿਲਾਂ ਘਰ ਦੇ ਬਨੇਰੇ ਬੈਠੇ ਕਾਵਾਂ ਦੀ ਆਵਾਜ਼ ਨੂੰ ਸੁਣ ਕੇ ਮਾਤਾ ਨੂੰ ਪਤਾ ਲੱਗ ਜਾਂਦੈ ਹੋਣੈ ਕਿ ਅੱਜ ਰੌਣਕੀ ਨੇ ਚੰਡੀਗੜ੍ਹੋਂ ਪਿੰਡ ਆਉਣੈ। ਪਰ ਅੱਜ ਇਹਨਾਂ ਸੋਚਾਂ ਦੇ ਅਧਿਆਇ ਦਾ ਇਕ ਅੰਤ ਹੋ ਗਿਆ। ਅੱਗੇ ਅਸੀਂ ਵੀ ਪਿੰਡ ਨੂੰ ਦੌੜੇ ਆਉਣੈ ਜਦੋਂ ਪਤਾ ਲੱਗਣਾ ਕਿ ਡਾ. ਸਾਹਿਬ ਚੰਡੀਗੜ੍ਹ ਤੋਂ ਪਿੰਡ ਆਏ ਹੋਏ ਨੇ। ਸੋਚਣਾ ਨਾਲੇ ਡਾ. ਸਾਹਿਬ ਨੂੰ ਮਿਲ ਆਉਨੇ ਆਂ ਤੇ ਨਾਲੇ ਬੇਬੇ ਦੇ ਹੱਥਾਂ ਦੀ ਪੱਕੀ ਰੋਟੀ ਮਿਲ ਜਾਵੇਗੀ। ਮਾਤਾ ਜੀ ਨੇ ਆਪਣੇ ਧੀਆਂ ਪੁੱਤਾਂ ਦੀ ਬਹੁਤ ਵਧੀਆ ਪਰਵਰਿਸ਼ ਕੀਤੀ। ਵਿੱਦਿਆ ਦਾ ਦਾਨ ਦਿੱਤਾ। ਅੱਜ ਉਹਨਾਂ ਵੱਲੋਂ ਦਿੱਤੀ ਵਿੱਦਿਆ ਕਰਕੇ ਹੀ ਇਹ ਸਿੱਖਿਆ ਦਾ ਬੂਟਾ ਮੌਲ ਰਿਹਾ। ਉਹਨਾਂ ਦੀ ਨੈਤਿਕ ਸਿੱਖਿਆ ਨੇ ਪਿੰਡ ਦਾ ਮੂੰਹ ਮੱਥਾ ਸੁਆਰਨ 'ਚ ਮੁੱਖ ਭੂਮਿਕਾ ਨਿਭਾਈ। ਸਾਨੂੰ ਇਹ ਪਿੰਡ ਚੰਡੀਗੜ੍ਹ ਕੋਈ ਓਪਰਾ ਨਹੀਂ ਲੱਗਦਾ। ਮੈਂ ਅੱਜ ਇਸ ਦੁੱਖ ਦੀ ਘੜੀ 'ਚ ਡਾ. ਸਾਹਿਬ ਦੇ ਪਰਿਵਾਰ ਆਪਣੀ ਸੰਵੇਦਨਾ ਪ੍ਰਗਟ ਕਰਦਾ ਹਾਂ।

**ਸ੍ਰੀ ਤਰਸੇਮ ਜਲੰਧਰੀ:–**

ਮਾਤਾ ਸ੍ਰੀਮਤੀ ਸ਼ਾਂਤੀ ਦੇਵੀ ਜੀ ਦਾ ਚਲੇ ਜਾਣਾ ਡਾ. ਸਾਹਿਬ ਦੇ ਪਰਿਵਾਰ ਦੇ ਨਾਲ ਨਾਲ ਸਾਡੇ ਸਾਰੇ ਦੋਸਤਾਂ-ਮਿੱਤਰਾਂ ਲਈ ਵੀ ਬਹੁਤ ਵੱਡਾ ਘਾਟਾ ਹੈ। ਡਾ. ਸਾਹਿਬ ਦਾ ਭਾਵੇਂ ਬਾਕੀ ਸਾਰਾ ਪਰਿਵਾਰ ਪਿੰਡ ਵੱਸ ਰਿਹਾ ਹੈ ਪਰ ਮਾਂ ਦੀ ਯਾਦ ਉਹਨਾਂ ਦੇ ਹਿਰਦੇ ਨੂੰ ਹਮੇਸ਼ਾ ਧੂਹ ਪਾਉਂਦੀ ਰਹੇਗੀ। ਮੇਰੇ ਵੱਡੇ ਭਰਾਤਾ ਜੋ ਪਿਛਲੇ ਵਰ੍ਹੇ ਸਦੀਵੀ ਵਿਛੋੜਾ ਦੇ ਗਏ ਹਨ, ਉਹਨਾਂ ਦੇ ਡਾ. ਸਾਹਿਬ ਦੇ ਪਰਿਵਾਰ ਨਾਲ ਅੱਛੇ ਤਾਲੋਕਾਤ ਸਨ। ਦੂਜੇ ਭਰਾਤਾ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਅਮਰੀਕਾ ਦੀ ਧਰਤੀ ਤੋਂ 'ਦੇਸ਼ ਦੁਆਬਾ', 'ਅੰਬੇਡਕਰ ਟਾਈਮਜ਼' ਅਖਬਾਰਾਂ ਕੱਢ ਰਹੇ, ਹੁਰਾਂ ਨੇ ਵੀ ਡਾ. ਸਾਹਿਬ ਦੇ ਪਰਿਵਾਰ ਲਈ ਸ਼ੋਕ ਸੰਦੇਸ਼ ਭੇਜਿਆ ਹੈ। ਅਮਰੀਕਾ ਵਿਚ ਕੱਢੀਆਂ ਜਾ ਰਹੀਆਂ ਅਖਬਾਰਾਂ ਵਿਚ ਡਾ. ਸਾਹਿਬ ਦੇ ਆਰਟੀਕਲ ਚਰਚਾ ਦਾ ਵਿਸ਼ਾ ਬਣਦੇ ਹਨ। ਧੰਨ ਹੈ ਉਹ ਮਾਂ ਜਿਸਨੇ ਇੱਡੇ ਵੱਡੇ ਵਿਦਵਾਨ ਨੂੰ ਜਨਮ ਦਿੱਤਾ ਜੋ ਅੱਜ ਆਪਣੇ ਗਿਆਨ ਦੀ ਜੋਤ ਰਾਹੀਂ ਪੂਰੀ ਦੁਨੀਆਂ ਨੂੰ ਰੁਸ਼ਨਾ ਰਹੇ ਹਨ। ਮੈਂ ਅੱਜ ਇਸ ਦੁੱਖ ਦੀ ਘੜੀ ਵਿਚ ਆਪਣੇ ਤਰਫੋਂ ਅਤੇ ਅਦਾਰਾ 'ਦੇਸ਼ ਦੁਆਬਾ' ਵੱਲੋਂ ਡਾ. ਰੌਣਕੀ ਰਾਮ ਜੀ ਦੇ ਪਰਿਵਾਰ ਨਾਲ ਗਹਿਰੀ ਸੰਵੇਦਨਾ ਪ੍ਰਗਟ ਕਰਦਾ ਹਾਂ।

**ਰਾਮ ਦਿਆਲ**
**ਚੰਡੀਗੜ੍ਹ ਪੁਲਿਸ ਇੰਸਪੈਕਟਰ–**

ਮੈਂ ਅੱਜ ਇਹ ਸ਼ਰਧਾਂਜਲੀ ਸਮਾਰੋਹ 'ਤੇ ਉਸ ਮਾਂ ਨੂੰ ਨਮਨ ਕਰਦਾ ਜਿਹੜੀ ਆਪ ਤਾਂ ਸਿੱਖਿਆ ਸੀ ਹੀ, ਸਗੋਂ ਉਸਨੇ ਆਪਣੇ ਧੀਆਂ-ਪੁੱਤਾਂ ਨੂੰ ਵੀ ਰੱਜ ਕੇ ਤਾਲੀਮ ਦੁਆਈ।

ਇਹ ਤਾਲੀਮ ਹੀ ਡਾ. ਰੌਣਕੀ ਰਾਮ ਦੇ ਰੂਪ ਵਿਚ ਅੱਗੋਂ ਹੋਰ ਦੀਵਿਆਂ ਨੂੰ ਰੋਸ਼ਨ ਕਰਨ ਦਾ ਉਪਰਾਲਾ ਕਰ ਰਹੀ ਹੈ। ਮੈਂ ਵੀ ਇਹਨਾਂ ਪਿੰਡਾਂ ਦਾ ਹੀ ਜੰਮਿਆ ਪਲਿਆ ਹਾਂ। ਹੁਕੜਾਂ ਮੇਰਾ ਪਿੰਡ ਹੈ ਤੇ ਚੰਡੀਗੜ੍ਹ ਪੁਲਿਸ 'ਚ ਮੈਂ ਜਾਬ ਕਰਦਾ। ਮੈਂ ਅਕਸਰ ਇਹਨਾਂ ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਵਿੱਦਿਅਕ ਟੂਰ, ਸੱਭਿਆਚਾਰਕ ਮੁਕਾਬਲੇ ਤੇ ਕਿਸੇ ਨਾ ਕਿਸੇ ਤਰ੍ਹਾਂ ਮਦਦ ਕਰਨ ਦੇ ਯਤਨ ਕਰਦਾ ਰਹਿੰਦਾ ਹਾਂ। ਮੇਰੇ ਇਸ ਮਿਸ਼ਨ ਵਿਚ ਡਾ. ਰੌਣਕੀ ਰਾਮ ਅਕਸਰ ਮੇਰੀ ਮਦਦ ਲਈ ਬਾਂਹ ਫੜਦੇ ਹਨ। ਆਓ ਆਪਾਂ ਅੱਜ ਸਾਰੇ ਮਿਲ ਕੇ ਪਿੰਡਾਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਦੇ ਵਧੀਆ ਮੌਕੇ ਮੁਹੱਈਆ ਕਰਵਾਈਏ, ਕਿਉਂਕਿ ਪੜ੍ਹਾਈ ਨੇ ਹੀ ਇਹਨਾਂ ਨੂੰ ਅੱਗੇ ਲੈ ਕੇ ਜਾਣਾ ਹੈ। ਮੈਂ ਇਕ ਵਾਰ ਫਿਰ ਇਸ ਦੁੱਖ ਦੀ ਘੜੀ 'ਚ ਪ੍ਰੋ. ਸਾਹਿਬ ਦੇ ਪਰਿਵਾਰ ਨਾਲ ਸ਼ਰੀਕ ਹੁੰਦਾ ਹਾਂ।

**ਪ੍ਰੋ. ਯੋਗ ਰਾਜ ਪੀ. ਯੂ. ਚੰਡੀਗੜ੍ਹ –**

ਮੈਂ ਆਪਣੇ ਪੰਜਾਬੀ ਵਿਭਾਗ ਚੰਡੀਗੜ੍ਹ ਵੱਲੋਂ ਮਾਤਾ ਸ਼ਾਂਤੀ ਦੇਵੀ ਦੇ ਵਿਛੋੜੇ ਤੇ ਪਰਿਵਾਰ ਨਾਲ ਆਪਣੀ ਸੰਵੇਦਨਾ ਪ੍ਰਗਟ ਕਰਦਾ ਹਾਂ। ਇਹ ਇਕ ਮਾਂ-ਪਿਓ ਦਾ ਹੀ ਯੋਗ ਉਪਰਾਲਾ ਕਿਹਾ ਜਾ ਸਕਦਾ ਹੈ ਕਿ ਇਕ ਛੋਟੇ ਜਿਹੇ ਪਿੰਡ ਦਾ ਚਿਰਾਗ ਰੌਣਕੀ ਦੁਨੀਆਂ ਦੀਆਂ ਨਾਮੀ ਯੂਨੀਵਰਸਿਟੀਆਂ ਵਿਚ ਗਿਆਨ ਦੀ ਜੋਤ ਜਗਾ ਰਿਹਾ ਹੈ। ਜਦੋਂ ਮਾਤਾ ਜੀ ਚੰਡੀਗੜ੍ਹ ਸਨ ਤੇ ਮੈਂ ਕਈ ਵਾਰ ਉਨ੍ਹਾਂ ਨੂੰ ਮਿਲਿਆ।

ਉਹ ਆਪਣੇ ਨਾਂ ਵਾਂਗ ਹੀ ਸ਼ਾਂਤ ਚਿੱਤ ਸੁਭਾਅ ਦੇ ਮਾਲਕ ਸਨ। ਸਰੀਰਕ ਤੌਰ 'ਤੇ ਉਹ ਆਪ ਭਾਵੇਂ ਅੱਜ ਸਾਡੇ ਵਿਚ ਨਹੀਂ ਪਰ ਉਹਨਾਂ ਦੀਆਂ ਸਿੱਖਿਆਵਾਂ ਦੀ ਚਮਕ ਦਾ ਪਸਾਰਾ ਅਸੀਂ-ਤੁਸੀਂ ਜ਼ਰੂਰ ਦੇਖ ਸਕਦੇ ਹਾਂ। ਮੈਂ ਇਸ ਦੁੱਖ ਦੀ ਘੜੀ ਵਿਚ ਸਾਰੇ ਪਰਿਵਾਰ ਨਾਲ ਆਪਣੀ ਹਮਦਰਦੀ ਪ੍ਰਗਟ ਕਰਦਾ ਹਾਂ। ਧੰਨਵਾਦ।

**(ਬਾਕੀ ਅਗਲੇ ਸਫੇ ਤੇ)**

# ਸਿੱਖਿਆ ਸ਼ਾਸਤਰੀਆਂ ਅਤੇ ਉਘੀਆਂ ਸ਼ਖਸੀਅਤਾਂ ਵੱਲੋਂ ਡਾ. ਰੌਣਕੀ ਰਾਮ ਜੀ ਦੀ ਮਾਤਾ ਜੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

**ਪ੍ਰੋ. ਸਤੀਸ਼ ਸ਼ਰਮਾ–**

ਡਾ. ਰੌਣਕੀ ਰਾਮ ਜੀ ਦੇ ਮਾਤਾ ਜੀ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਨਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਕ ਦਿਨ ਜਾਣਾ ਤਾਂ ਆਪਾਂ ਸਾਰਿਆਂ ਨੇ ਹੀ ਹੈ ਪਰ ਫਿਰ ਵੀ ਮਾਂ ਦਾ ਦੁੱਖ ਵੱਡਾ ਹੈ। ਮੈਂ ਆਪਣੇ ਅਤੇ ਡੀ. ਏ. ਵੀ ਸੰਸਥਾਵਾਂ ਦੀ ਤਰਫੋਂ ਮਾਤਾ ਜੀ ਨੂੰ ਸ਼ਰਧਾ ਸੁੰਮਨ ਅਰਪਣ ਕਰਦਾ ਹਾਂ। ਪ੍ਰਮਾਤਮਾ ਉਹਨਾਂ ਦੀ ਆਤਮਾ ਨੂੰ ਆਪਣੀ ਗੋਦ ਵਿਚ ਬਿਰਾਜੇ।

**ਡਾ. ਅਰੁਣ ਗਰੋਵਰ ਵਾਈਸ ਚਾਂਸਲਰ ਪੀ. ਯੂ. ਚੰਡੀਗੜ੍ਹ:–**

ਚਾਰ ਸਾਲ ਪਹਿਲਾਂ ਮੈਂ ਡਾ. ਰੌਣਕੀ ਰਾਮ ਨੂੰ ਨਹੀਂ ਸਾਂ ਜਾਣਦਾ। ਹਾਲਾਂਕਿ ਅਸੀਂ ਇਕੋ ਯੂਨੀਵਰਸਿਟੀ ਵਿਚ ਪੜ੍ਹਾ ਰਹੇ ਹਾਂ। ਜਦੋਂ ਮੈਂ ਵੀ. ਸੀ. ਬਣਿਆ ਤਾਂ ਮੇਰੇ ਘਰ ਦੇ ਕੋਲ ਬਿਲਕੁਲ ਸਾਹਮਣੇ ਡਾ. ਰੌਣਕੀ ਰਾਮ ਦਾ ਘਰ ਸੀ। ਇਕ ਦੂਜੇ ਨਾਲ ਮੇਲ-ਮਿਲਾਪ ਸ਼ੁਰੂ ਹੋਇਆ।ਇਹਨਾਂ ਵੱਲੋਂ ਕੀਤੇ ਜਾਂਦੇ ਕੰਮਾਂ ਨੂੰ ਦੇਖ ਕੇ ਚੰਗਾ ਲੱਗਾ। ਮਾਤਾ ਜੀ ਦੇ ਅਚਾਨਕ ਜਾਣ ਦੀ ਖਬਰ ਸੁਣੀ। ਅੱਜ ਸ਼ਰਧਾਂਜਲੀ ਮੌਕੇ ਮੈਂ ਆਪਣੀ ਸੰਸਥਾ ਪਾਸੋਂ ਦੁੱਖ ਦੀ ਘੜੀ 'ਚ ਪਰਿਵਾਰ ਨਾਲ ਖੜ੍ਹਾ ਹਾਂ।

ਜਦੋਂ ਮੈਂ ਅੱਜ ਪਿੰਡ ਸਾਹਰੀ ਆਇਆ ਤਾਂ ਡਾ. ਰੌਣਕੀ ਰਾਮ ਕਹਿੰਦੇ ਮੇਰਾ ਪਿੰਡ ਦੇਖ ਕੇ ਆਓ, ਇਹਦੀਆਂ ਗਲੀਆਂ, ਇੱਥੋਂ ਦਾ ਸਕੂਲ ਜ਼ਰੂਰ ਜਾ ਕੇ ਦੇਖੋ। ਅਸੀਂ ਗਏ। ਬੜਾ ਵਧੀਆ ਲੱਗਾ ਸਾਰਾ ਪਿੰਡ ਸਾਫ ਸੁਥਰਾ। ਗਲੀਆਂ ਕੰਕਰੀਟ ਦੀਆਂ ਪੱਕੀਆਂ। ਸੀਵਰੇਜ ਪਿਆ ਹੋਇਆ। ਇਸ ਕੰਮ ਦੀ ਸਾਰੀ ਸ਼ੋਭਾ ਡਾ. ਰੌਣਕੀ ਰਾਮ, ਪਿੰਡ ਵਾਸੀ ਤੇ ਪੰਚਾਇਤ ਨੂੰ ਜਾਂਦੀ ਹੈ। ਪਿੰਡ ਦੇ ਲੋਕਾਂ ਦੀ ਲਾਇਕੀ ਨਜ਼ਰ ਆਉਂਦੀ ਹੈ। ਅਸਲ ਵਿਚ ਹੁਸ਼ਿਆਰਪੁਰ ਜ਼ਿਲ੍ਹਾ ਹੈ ਹੀ ਹੁਸ਼ਿਆਰਾਂ ਦਾ। ਇੱਥੋਂ ਦੇ ਬੱਚੇ ਵੱਧ ਪੜ੍ਹਦੇ ਹਨ। ਇਸ ਜ਼ਿਲ੍ਹੇ ਨਾਲ ਮੇਰਾ ਵਾਹ-ਵਾਸਤਾ ਪੁਰਾਣਾ ਹੈ। ਮੇਰੇ ਮਿਸਿਜ਼ ਦੇ ਪਿਤਾ ਜੀ ਇਸੇ ਜ਼ਿਲ੍ਹੇ ਵਿਚ ਪ੍ਰਿੰਸੀਪਲ ਰਹੇ। ਮੇਰੇ ਨਾਨਾ ਜੀ ਦਾ ਵੀ ਇਸ ਸ਼ਹਿਰ ਨਾਲ ਨਾਤਾ ਰਿਹਾ। ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਗਦਰੀ ਬਾਬੇ ਅਤੇ ਦੇਸ਼ ਭਗਤਾਂ ਦਾ ਵੀ ਇਹ ਜ਼ਿਲ੍ਹਾ ਰਿਹਾ ਹੈ। ਸੋ ਅੱਜ ਮਾਤਾ ਜੀ ਦੀ ਸ਼ਖ਼ਸੀਅਤ ਅਤੇ ਇਸ ਪਰਿਵਾਰ ਦੇ ਸਿੱਖਿਆ ਸਾਧਨਾਂ ਵਾਲੀ ਪ੍ਰਵਿਰਤੀ ਨੂੰ ਸੁਣ ਕੇ ਚੰਗਾ ਲੱਗਾ। ਮੈਂ ਮਾਤਾ ਜੀ ਨੂੰ ਸ਼ਰਧਾਂਜਲੀ ਵਜੋਂ ਸ਼ਰਧਾ ਸੁਮਨ ਅਰਪਣ ਕਰਦਾ ਹਾਂ। ਧੰਨਵਾਦ।

**ਸ੍ਰੀਮਤੀ ਅਨੁ ਚਤਰਥ ਫਾਰਮਰ ਮੇਅਰ ਚੰਡੀਗੜ੍ਹ:–**

ਮੈਂ ਆਪਣੇ ਵੱਲੋਂ ਮਾਤਾ ਜੀ ਨੂੰ ਸ਼ਰਧਾ ਸੁੰਮਨ ਭੇਂਟ ਕਰਦੀ ਹਾਂ। ਜਦੋਂ ਮਾਤਾ ਜੀ ਡਾ. ਸਾਹਿਬ ਕੋਲ ਚੰਡੀਗੜ੍ਹ ਰਹਿੰਦੇ ਸਨ ਤਾਂ ਇਕ ਦੋ ਵਾਰ ਮਿਲਣ ਦਾ ਮੌਕਾ ਮਿਲਿਆ। ਉਹ ਬਹੁਤ ਨੇਕ ਦਿਲ ਸਨ। ਧਾਰਮਿਕ ਪ੍ਰਵਿਰਤੀ ਵਾਲੇ ਸਨ। ਇਸੇ ਕਰਕੇ ਉਹਨਾਂ ਦੇ ਸਾਰੇ ਪਰਿਵਾਰ ਤੇ ਇਹ ਛਾਪ ਦਿਸਦੀ ਹੈ। ਮੈਂ ਦੁੱਖ ਦੀ ਘੜੀ ਵਿਚ ਸਾਰੇ ਪਰਿਵਾਰ ਦੇ ਨਾਲ ਹਾਂ। ਪ੍ਰਮਾਤਮਾ ਮਾਤਾ ਜੀ ਦੀ ਆਤਮਾ ਨੂੰ ਸ਼ਾਂਤੀ ਦੇਵੇ।

ਇਸੇ ਪਿੰਡ ਦੇ ਜੰਮਪਲ ਤੇ ਸਟੇਜ ਦੀ ਕਾਰਵਾਈ ਚਲਾ ਰਹੇ ਡਾ. ਜਸਵੰਤ ਰਾਏ ਨੇ ਦੱਸਿਆ ਕਿ ਮਾਤਾ ਸ਼ਾਂਤੀ ਦੇਵੀ ਦਾ ਸਾਰਾ ਆਰ-ਪਰਿਵਾਰ ਬਹੁਤ ਸੇਵਾ ਭਾਵਨਾ ਵਾਲਾ ਹੈ। ਮਾਤਾ ਜੀ ਦੀ ਸੋਚ ਸੀ ਕਿ ਜਿਵੇਂ ਮੇਰਾ ਵੱਡਾ ਪੁੱਤਰ ਰੌਣਕੀ ਪੜ੍ਹਿਆ ਹੈ, ਨਗਰ ਦੇ ਬਾਕੀ ਬੱਚੇ ਵੀ ਇਵੇਂ ਪੜ੍ਹਨ। ਇਸ ਨਾਲ ਨਗਰ ਦਾ ਨਾਂ ਉੱਚਾ ਹੋਵੇਗਾ। ਇਸ ਲਈ ਉਹ ਆਪਣੇ ਪੁੱਤਰਾਂ ਨੂੰ ਸਿੱਖਿਆ ਸਬੰਧੀ ਉਪਰਾਲੇ ਕਰਨ ਲਈ ਆਖਦੇ ਰਹਿੰਦੇ। ਮਾਤਾ ਜੀ ਦੇ ਬੋਲਾਂ ਨੂੰ ਪ੍ਰਗਟਾਉਂਦਿਆਂ ਡਾ. ਰੌਣਕੀ ਰਾਮ ਨੇ ਪਿੰਡ ਤੋਂ ਵਿਦੇਸ਼ ਗਈ, ਐਨ. ਆਰ. ਆਈ. ਵੀਰਾਂ ਦੀ ਮਦਦ ਨਾਲ ਪਿੰਡ ਦੇ ਸਰਕਾਰੀ ਹਾਈ ਸਕੂਲ ਦੀ ਇਮਾਰਤ ਲੱਗਭੱਗ ਚਾਲੀ ਲੱਖ ਰੁਪਏ ਖਰਚ ਕਰਕੇ ਨਵੀਂ ਬਣਾਈ। ਸਾਰੇ ਪਿੰਡ ਵਿਚ ਸੀਵਰੇਜ ਅਤੇ ਵਾਟਰ ਸਪਲਾਈ ਦਾ ਪ੍ਰਬੰਧ ਕੀਤਾ ਗਿਆ। ਪਿੰਡ ਦੀ ਪੰਚਾਇਤ ਅਤੇ ਹੋਰ ਉਦਮੀਆਂ ਨਾਲ ਮਿਲ ਕੇ ਪਿੰਡ ਦੀ ਦਿੱਖ ਸ਼ਹਿਰ ਵਰਗੀ ਬਣਾਈ ਗਈ ਹੈ।

ਮਹਾਤਮਾ ਬੁੱਧ ਜੀ ਨੇ ਇਕ ਗੱਲ ਬੜੀ ਵਧੀਆ ਕਰੀ ਹੈ ਕਿ ਇਕ ਚੰਦਨ ਰੁੱਖ ਦੀ ਮਹਿਕ ਸਦਾ ਹਵਾ ਦੀ ਦਿਸ਼ਾ ਵੱਲ ਹੀ ਰਹੇਗੀ ਪਰ ਇਕ ਸਿੱਖਿਅਕ ਵਿਅਕਤੀ ਦੇ ਗਿਆਨ ਦਾ ਪਾਸਾਰ ਚਾਰੋਂ ਦਿਸ਼ਾਵਾਂ ਵੱਲ ਹੁੰਦਾ ਹੈ। ਮਾਤਾ ਸ਼ਾਂਤੀ ਦੇਵੀ ਜਿਸਨੂੰ ਡਾ. ਰੌਣਕੀ ਰਾਮ ਆਪਣੇ ਗਾਈਡ ਮੰਨਦੇ ਹਨ, ਦੀਆਂ ਸਿੱਖਿਆਵਾਂ ਨੇ ਮਹਾਤਮਾ ਬੁੱਧ ਦੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਇਆ ਹੈ। ਪਿੰਡ ਸਾਹਰੀ ਸੰਤਾਂ ਮਹਾਂਪੁਰਸ਼ਾਂ ਦੀ ਧਰਤੀ ਹੈ। ਇਸੇ ਮਿੱਟੀ ਦੇ ਜਾਏ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਨੇ ਬਰਮਾ ਕਾਂਸੀਪੀਰੇਸੀ ਕੇਸ ਰਾਹੀਂ ਫਾਂਸੀ ਦਾ ਫੰਦਾ ਚੁੰਮ ਕੇ ਸ਼ਹੀਦੀ ਪ੍ਰਾਪਤ ਕੀਤੀ। ਜਦੋਂ ਵੀ ਸਾਨੂੰ ਕਿਤੇ ਦੂਰ-ਪਾਰ ਸਿੱਖਿਅਕ ਸੰਸਥਾਵਾਂ ਵਿਚ ਵਿਚਾਰ ਵਿਅਕਤ ਕਰਨ ਦਾ ਮੌਕਾ ਮਿਲਦਾ ਹੈ ਤਾਂ ਲੋਕ ਅਕਸਰ ਸਾਡੇ ਪਿੰਡ ਦਾ ਨਾਂ ਸੁਣ ਕੇ ਨਤਮਸਤਕ ਹੁੰਦੇ ਹਨ ਕਿ ਇਹ ਗਦਰੀ ਬਾਬਿਆਂ ਦੇ ਪਿੰਡੋਂ ਨੇ। ਉਹਨਾਂ ਦਾ ਦੂਜਾ ਸਵਾਲ ਹੁੰਦਾ ਹੈ ਕਿ ਇਸੇ ਪਿੰਡ ਦੇ ਹੀ ਡਾ. ਰੌਣਕੀ ਰਾਮ ਵੀ ਨੇ। ਇਹ ਸੁਣ ਕੇ ਸਾਡਾ ਸੀਨਾ ਚੌੜਾ ਹੋ ਜਾਂਦਾ ਹੈ ਤੇ ਸਰੀਰ ਵਿਚ ਖ਼ੂਨ ਦਾ ਦੌਰ ਵੱਧ ਜਾਂਦਾ ਹੈ। ਸੱਚੀ ਮੁੱਚੀ ਮਾਣ ਮਹਿਸੂਸ ਹੁੰਦਾ ਹੈ ਕਿ ਅਸੀਂ ਪਿੰਡ ਸਾਹਰੀ ਦੇ ਵਾਸੀ ਹਾਂ। ਹੁਣ ਮੈਂ ਬੇਨਤੀ ਕਰਦਾ ਹਾਂ ਕਿ ਆਏ ਹੋਏ ਸਾਰੇ ਸਿੱਖਿਆ ਸ਼ਾਸਤਰੀਆਂ, ਵਿਦਵਾਨਾਂ ਅਤੇ ਦੋਸਤਾਂ ਲਈ ਧੰਨਵਾਦੀ ਸ਼ਬਦ ਆਖਣ।



ਸਵਰਗੀ ਮਾਤਾ ਸ਼ਾਂਤੀ ਦੇਵੀ ਜੀ

**ਡਾ. ਰੌਣਕੀ ਰਾਮ:–**

ਮੈਂ ਆਪਣੀ ਮਾਤਾ ਨੂੰ ਬੀਬੀ ਕਹਿੰਦਾ ਹੁੰਦਾ ਸੀ। ਮੁੱਕਣ ਤੋਂ ਕੁਝ ਦਿਨ ਪਹਿਲਾਂ ਮੈਂ ਜਪਾਨ ਤੋਂ ਬੀਬੀ ਨਾਲ ਫੋਨ 'ਤੇ ਗੱਲਬਾਤ ਕੀਤੀ। ਮੈਂ ਗੱਲਾਂ ਗੱਲਾਂ 'ਚ ਮਜ਼ਾਕ ਕਰਦਾ ਉਹਨਾਂ ਨੂੰ ਹਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਨੂੰ ਕਹਿਣ ਲੱਗੇ- ਪੁੱਤ ਹੁਣ ਵੇਲਾ ਆ ਗਿਆ। ਚਲੇ ਜਾਣਾ ਮੈਂ ਹੁਣ। ਮੈਂ ਕਿਹਾ ਬੀਬੀ ਇੱਦਾਂ ਦੀਆਂ ਗੱਲਾਂ ਕਿਉਂ ਕਰਦੇ ਹੋ। ਨਿਆਣੇ ਚਿੰਤਾ ਕਰਨਗੇ। ਕੁਝ ਨੀ ਹੁੰਦਾ। ਗੱਲਾਂ-ਗੱਲਾਂ ਵਿਚ ਮੈਂ ਉਹਨਾਂ ਨੂੰ ਹਸਾਉਂਦਾ ਰਿਹਾ। ਮੈਨੂੰ ਕਹਿਣ ਲੱਗੀ ਮੈਂ ਭਾਰਤੀ ਨੂੰ ਕਹਿਨੀ ਆਂ ਕਿ ਤੇਰੇ ਕੋਠੜੇ ਜਿਹੇ ਦੀ ਸਫਾਈ ਕਰ ਛੱਡੇ, ਉਥੇ ਮਦੋੜੀਆਂ ਲੱਗੀਆਂ ਆਂ। ਭਾਰਤੀ ਮੇਰਾ ਛੋਟਾ ਭਰਾ ਆ। ਅਖੇ ਜਦੋਂ ਤੇਰਾ ਮੁੰਡਾ ਚੰਡੀਗੜ੍ਹੋਂ ਆਉਂਦਾ ਉਹਦੇ ਕਿਤੇ ਲੜ ਨਾ ਜਾਣ। ਉਹ ਆ ਕੇ ਕਹਿੰਦਾ ਮਾਂ ਸਾਡਾ ਘਰ ਕਿਹੜਾ? ਮੈਂ ਕਿਹਾ ਪੁੱਤ ਸਾਰਾ ਪਿੰਡ ਤੇਰਾ ਘਰ ਆ। ਜਿੱਥੇ ਮਰਜ਼ੀ ਰਹਿ। ਮੇਰੇ ਕੋਲ ਕੁਝ ਪੈਸੇ ਪਏ ਆ ਕੋਠੜੀ ਦੇ ਸਫਾਈ ਹੋਜੂ। ਮੈਂ ਹਾਸੇ 'ਚ ਗੱਲ ਪਾਈ। ਕਿਹਾ ਬੀਬੀ ਮਦੋੜੀਆਂ ਦਾ ਰੰਗਾ ਕਿਹੜਾ? ਕਹਿੰਦੀ ਪੀਲਾ। ਮੈਂ ਕਿਹਾ ਫਿਰ ਸੂਰਜ ਦਾ ਰੰਗ ਕਿਹੜਾ? ਕਹਿੰਦੀ ਪੀਲਾ। ਮੈਂ ਸੂਰਜ ਫੇਰ ਕੀ ਕਰਦਾ ਆਂ? ਕਹਿੰਦੀ ਗਰਮੀ ਦਿੰਦਾ ਸਾਰਿਆਂ ਨੂੰ। ਮੈਂ ਕਿਹਾ ਬੱਸ ਫਿਰ ਤੇਰੀ ਉਡੱਨਵੇਂ ਸਾਲ ਦੀ ਉਮਰ ਵਿਚ ਸ਼ਕਤੀ ਵੀ ਮਦੋੜੀਆਂ ਕਰਕੇ ਆ। ਮੈਂ ਹਸਾਇਆ ਉਹਨੂੰ ਏਦਾਂ ਦੀਆਂ ਛੇੜਖਾਨੀਆਂ ਕਰਕੇ। ਅਗਲੇ ਦਿਨ ਜਦੋਂ ਮੈਨੂੰ ਬੀਬੀ ਬਾਰੇ ਖਬਰ ਮਿਲੀ ਕਿ ਉਹ ਨਹੀਂ ਰਹੇ ਤਾਂ ਮੈਂ ਉਸ ਸਮੇਂ ਮੋਦੀ ਸਾਹਿਬ ਨੂੰ ਮਿਲਣ ਜਾ ਰਿਹਾ ਸੀ। ਰਸਤੇ ਵਿਚ ਹੀ ਸੀ। ਉਹ ਜਾਪਾਨ ਆਏ ਸਨ। ਮੈਨੂੰ ਪਤਾ ਨੀ ਸੀ ਲੱਗ ਰਿਹਾ ਕਿ ਮੈਂ ਅੱਗੇ ਜਾਵਾਂ ਜਾਂ ਵਾਪਸ ਆ ਜਾਵਾਂ।


ਸਮਾਜ ਸੇਵਾ ਦੇ ਕੰਮ ਕਰਨੋਂ ਉਹਨਾ ਮੈਨੂੰ ਕਦੇ ਨਹੀਂ ਸੀ ਰੋਕਿਆ। ਕਹਿੰਦੀ ਪੁੱਤ ਇਹੀ ਕੰਮ ਸਾਨੂੰ ਕਰਨੇ ਪੈਣੇ ਆਂ। ਜਦੋਂ ਮੈਂ ਪਿੰਡ ਬਾਰੇ ਗੱਲ ਕੀਤੀ ਕਿ ਬੀਬੀ ਮੈਂ ਚਾਹੁੰਨੈ ਮੇਰੇ ਪਿੰਡ ਦੇ ਲੋਕ ਵੀ ਟੂਟੀਆਂ 'ਚੋਂ ਪਾਣੀ ਪੀਣ ਤਾਂ ਉਹ ਬਹੁਤ ਖੁਸ਼ ਹੋਏ। ਕਹਿੰਦੀ ਪੁੱਤ ਮੈਂ ਵੀ ਲਾਇਲਪੁਰ ਪੜ੍ਹਦਿਆਂ ਇਹ ਗੱਲ ਸੋਚੀ ਸੀ। ਮੈਂ ਕਿਹਾ ਬੀਬੀ ਮੈਂ ਜਾ ਕੇ ਆਵਾਂ ਤੇਰੇ ਪਿੰਡ ਪਾਕਿਸਤਾਨ। ਕਹਿੰਦੀ ਨਾ ਪੁੱਤ ਅੱਗੇ ਦੋ ਵਾਰ ਗਏ ਸੀ, ਤੇਰੇ ਮਾਮੇ ਬੜੀ ਮੁਸ਼ਕਿਲ ਨਾਲ ਬਚ ਕੇ ਆਏ ਆ। ਅੱਛਾ ਜੇ ਤੂੰ ਜਾਣਾ ਈ ਏ ਤਾਂ ਨਨਕਾਣਾ ਸਾਹਿਬ ਗੁਰਦੁਆਰੇ ਜ਼ਰੂਰ ਜਾ ਕੇ ਆਈਂ। ਉਥੋਂ ਮੇਰੇ ਲਈ ਮਿੱਟੀ ਲੈ ਕੇ ਆਈਂ। ਇੱਦਾਂ ਦੀਆਂ ਗੱਲਾਂ ਕਰਦੀ ਹੁੰਦੀ ਸੀ ਬੀਬੀ। ਅੱਜ ਉਹਦੀਆਂ ਬਹੁਤ ਸਾਰੀਆਂ ਗੱਲਾਂ ਮੈਨੂੰ ਚੇਤੇ ਆ ਰਹੀਆਂ। ਨਿੱਕੇ ਹੁੰਦੇ ਨੇ ਜਦੋਂ ਮੈਂ ਪੜ੍ਹਨਾ ਤਾਂ ਬੀਬੀ ਨੇ ਕਹਿਣਾ ਪੁੱਤ ਰੋਟੀ ਪਕਾਉਣੀ ਸਿੱਖ ਲੈ, ਕੱਪੜੇ ਧੋਣੇ ਸਿੱਖ ਲੈ। ਮੈਂ ਕਈ ਵਾਰ ਖਿਝਣਾ ਬਈ ਬੀਬੀ ਮੈਨੂੰ ਕਿਹੜੇ ਕੰਮ ਕਰਨ ਨੂੰ ਕਹੀ ਜਾਂਦੀ ਆ। ਹੁਣ ਜਦੋਂ ਮੈਂ ਵਿਦੇਸ਼ਾਂ ਵਿਚ ਜਾਂਦਾ, ਖਾਸ ਕਰਕੇ ਜਾਪਾਨ ਵਰਗੇ। ਜਿੱਕੇ ਭਾਰਤੀ ਤਾਂ ਕੀ ਕੋਈ ਪਾਕਿਸਤਾਨੀ ਜਾਂ ਬੰਗਲਾਦੇਸ਼ ਦਾ ਬੰਦਾ ਵੀ ਨੇੜੇ ਦਿਖਾਈ ਨਹੀਂ ਦਿੰਦਾ ਤਾਂ ਮੈਨੂੰ ਬੀਬੀ ਦੀਆਂ ਗੱਲਾਂ ਯਾਦ ਆਉਂਦੀਆਂ।

ਫਿਰ ਮੈਨੂੰ ਸਮਝ ਆਉਂਦੀ ਕਿ ਉਹ ਮੈਨੂੰ ਕਿਉਂ ਨਿੱਕੇ ਹੁੰਦੇ ਕੰਮ ਸਿਖਾਉਣਾ ਚਾਹੁੰਦੀ ਸੀ। ਉਸਨੂੰ ਪਤਾ ਸੀ ਕਿ ਜੇ ਮੈਨੂੰ ਇਹ ਸਾਰੇ ਕੰਮ ਆਉਂਦੇ ਹੋਣਗੇ ਤਾਂ ਮੈਂ ਕਿਤੇ ਵੀ ਜਾ ਕੇ ਆਜ਼ਾਦੀ ਨਾਲ ਰਹਿ ਸਕਦਾ ਹਾਂ। ਮੈਨੂੰ ਕਿਸੇ ਵੱਲ ਤੱਕਣ ਦੀ ਜ਼ਰੂਰਤ ਨਹੀਂ ਪਵੇਗੀ। ਇਸ ਤਰ੍ਹਾਂ ਦੀਆਂ ਅਨੇਕਾਂ ਯਾਦਾਂ ਨੇ ਬੀਬੀ ਬਾਰੇ ਜੋ ਮੇਰੇ ਮਨ ਮਸਤਕ 'ਚ ਘਰ ਕਰੀ ਬੈਠੀਆਂ। ਤੁਸੀਂ ਸਾਰੇ ਚੱਲ ਕੇ ਆਏ। ਮੈਂ ਤੁਹਾਡੇ ਸਾਰਿਆਂ ਦਾ ਆਪਣੇ ਵੱਲੋਂ ਤੇ ਪਿੰਡ ਦੀ ਪੰਚਾਇਤ ਵੱਲੋਂ ਧੰਨਵਾਦ ਕਰਦਾ ਹਾਂ।

**ਡਾ. ਜਸਵੰਤ ਰਾਏ–**

ਗੱਲਾਂ ਮੇਰੇ ਮਨ ਵਿਚ ਕਈ ਹੋਰ ਨੇ ਮਾਤਾ ਸ਼ਾਂਤੀ ਦੇਵੀ ਜੀ ਬਾਰੇ ਕਰਨ ਵਾਲੀਆਂ ਪਰ ਸਮਾਂ ਕਾਫੀ ਹੋ ਚੁੱਕਿਆ ਹੈ। ਹੁਣ ਪਰਿਵਾਰ ਨਾਲ ਸਬੰਧਤ ਇਕ ਪੱਗੜੀ ਦੀ ਰਸਮ ਹੋਵੇਗੀ। ਉਪਰੰਤ ਲੰਗਰ ਤਿਆਰ ਹੈ। ਸਾਰੇ ਮਾਈ-ਭਾਈ ਲੰਗਰ ਜ਼ਰੂਰ ਛਕ ਕੇ ਜਾਣਾ ਜੀ। ਤੁਹਾਡਾ ਬਹੁਤ ਬਹੁਤ ਧੰਨਵਾਦ।

ਸ਼ਰਧਾਂਜਲੀ ਸਮਾਗਮ ਵਿਚ ਪ੍ਰਿੰਸੀਪਲ ਗੁਰਦੀਪ ਸਿੰਘ, ਪ੍ਰੋ. ਬਲਵੀਰ ਸਿੰਘ, ਪ੍ਰੋ. ਵਰਿੰਦਰ ਨੇਗੀ, ਪ੍ਰੋ. ਕੁਲਦੀਪ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਮੇਸ਼ ਕੁਮਾਰ ਪੀ. ਪੀ., ਵਿਨੇ ਕੁਮਾਰ ਐਡਵੋਕੇਟ, ਬਲਦੇਵ ਸਿੰਘ ਧੁੰਨੇ ਹਾਲੈਂਡ, ਥਾਂਦੀ ਸਾਹਿਬ ਹਾਲੈਂਡ, ਅਸ਼ਵਨੀ ਕੁਮਾਰ ਹਾਂਡਾ ਦਿੱਲੀ, ਪ੍ਰਮਿੰਦਰਜੀਤ ਸਿੰਘ ਚੀਮਾ, ਜਸਕਰਨ ਸਿੰਘ ਵੜੈਚ, ਪ੍ਰੋ. ਜਤਿੰਦਰ ਗਰੋਵਰ, ਪ੍ਰੋ. ਵਿਸ਼ਾਲ ਸ਼ਰਮਾ, ਪ੍ਰੋ. ਸੰਜੀਵ ਗੌਤਮ, ਨਵਦੀਪ ਗੋਇਲ, ਸ੍ਰੀ ਸੰਜੀਵ ਗੁਪਤਾ ਡੀ. ਜੀ. ਪੀ. ਪੰਜਾਬ, ਪ੍ਰੋ. ਕਰਮਜੀਤ ਸਿੰਘ ਸਿੰਡੀਕੇਟ ਮੈਂਬਰ, ਪ੍ਰੋ. ਗੁਰਦੀਪ ਸ਼ਰਮਾ, ਪ੍ਰਿੰਸੀਪਲ ਕੁਲਦੀਪ ਸਿੰਘ ਕਲਸੀ, ਪ੍ਰਿੰਸੀਪਲ ਇੰਦਰਜੀਤ ਸਿੰਘ ਕਲਸੀ, ਪ੍ਰਿੰਸੀ. ਸੁਨੀਲ ਖੋਸਲਾ, ਡਾਇਰੈਕਟਰ ਸਰਵਾਨੰਦ ਗਿਰੀ ਰਿਜਨਲ ਸੈਂਟਰ ਹੁਸ਼ਿਆਰਪੁਰ, ਸੋਹਣ ਲਾਲ ਕੋਜੀ ਐਡਵੋਕੇਟ, ਪੀਊਸ਼ ਖੰਨਾ ਐਡਵੋਕੇਟ, ਇੰਦਰਪਾਲ ਸਿੰਘ ਸੈਨੇਟਰ, ਜਗਦੀਪ ਸਿੰਘ ਸੈਨੇਟਰ, ਪ੍ਰੋ. ਸੁਨੀਲ ਕੌਸ਼ਲ, ਪ੍ਰੋ. ਦਲਵਿੰਦਰ ਸਿੰਘ ਡਾਇਰੈਕਟਰ ਸਪੋਰਟਸ, ਰਜਿਸਟਰਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਸ੍ਰੀ ਜੀ. ਐਸ. ਚੱਡਾ, ਬੀ. ਕੇ. ਹਾਂਡਾ ਮੈਨੇਜਰ ਸ਼ਿਵਾਲਿਕ ਖੇਤਰੀ ਬੈਂਕ, ਸ੍ਰੀ ਅਜੈ ਮਹਾਜਨ ਐਡਵਾਇਜ਼ਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਰਾਜੇਸ਼ ਸ਼ਰਮਾ ਬੰਬੇ, ਹਰਬੰਸ ਸਿੰਘ ਇੰਗਲੈਂਡ, ਚਤਰਭੁਜ ਸਿੰਘ ਗੋਇਲ, ਜੋਗਿੰਦਰ ਸਿੰਘ ਮੈਨੇਜਰ, ਜਤਿੰਦਰ ਗਰੋਵਰ ਚੀਫ ਸਕਿਉਰਿਟੀ ਅਫਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਵਿਦਿਆ ਸਾਗਰ (ਇੰਸਪੈਕਟਰ ਪੰਜਾਬ ਪੁਲਿਸ) ਬਟਾਲਾ, ਭਾਰਤ ਲਾਲ ਲੰਬੜਦਾਰ, ਅਸ਼ਵਨੀ ਕੁਮਾਰ, ਰਜਿੰਦਰ ਕੁਮਾਰ, ਬਗੀਚਾ ਸਿੰਘ ਸਾਬਕਾ ਸਰਪੰਚ, ਸੋਹਣ ਸਿੰਘ ਸਰਪੰਚ, ਡਾ. ਪਰਵੀਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਨਰਿੰਦਰ ਕੁਮਾਰ ਸਾਬਕਾ ਸਰਪੰਚ, ਸ੍ਰੀ ਤਰਸੇਮ ਜਲੰਧਰੀ ਸੰਪਾਦਕ "ਦੇਸ਼ ਦੁਆਬਾ" ਅਮਰੀਕਾ, ਸਵਰਗੀ ਸ੍ਰੀ ਸੀ. ਐਲ. ਚੁੰਬਰ ਜੀ ਦੇ ਸਪੁੱਤਰ ਜਨਸੰਗਰਾਮ ਚੁੰਬਰ, ਪੰਚਾਇਤ ਮੈਂਬਰ, ਇਲਾਕਾ ਨਿਵਾਸੀ ਅਤੇ ਰਿਸ਼ਤੇਦਾਰਾਂ ਨੇ ਪਰਿਵਾਰ ਨਾਲ ਗਹਿਰੀ ਸੰਵੇਦਨਾ ਪ੍ਰਗਟਾਈ।




KHALSA COLLEGE FOR WOMEN
AFFILIATED TO PUNJAB UNIVERSITY, CHANDIGARH
Civil Lines, Ludhiana-141001.
Ph. : 0161-2420987
Email: kcwldh@outlook.com

Ref. No. 8805/kcw/2016 Dated 24-11-2016

CONDOLENCE MESSAGE

The Principal and Staff of Khalsa College for Women, Civil Lines, Ludhiana place on record their profound sense of grief over the sad demise of the mother of Dr. Ronki Ram Prof. Shaheed Bhagat Singh Chair in department of Political Science, Panjab University, and Chandigarh.

May God bestow peace on the departed soul and grant his family the strength to bear the loss.




PANJAB UNIVERSITY CONSTITUENT COLLEGE PATTO HIRA SINGH
(Nihal Singh Wala),Dist. Moga.
Dr. Kuldip Singh (M.A., M.Phil., Ph.D.LLB)
Principal ( Ex-Fellow Panjab University)
204, Mahavir Nagar, Opp. MBD Mall,
Fzr. Road, Ludhiana-141012
Ph. Resi. 0161-2551560Cell.985559648 e-mail: drkuldipgspcctu@yahoo

Ludhiana 24/11/2016

CONDOLENCE

The teaching and non-teaching staff of PUCC Patto Hira Singh express deep anguish and sorrow on the sudden demise of revered Mata Shanti Devi ji mother of Prof Ronki Ram- who left for heavenly abode on November 12, 2016. It is really an irreparable loses to the family as well as to the society. We pray to the Almighty to grant peace and solace to the departed soul and courage to the family to bear the agony.

Dr. Kuldip Singh (Principal)




DAV COLLEGE OF EDUCATION , ABOHAR
Mobile : 99885-92233
Email: reemapahuja_22@gmail.com
Reema Pahuja
Assistant Professor
DAV College of Edu
Abohar

Prof. Ronki Ram
Panjab University
Chandigarh

I am so saddened to hear about the sudden demise of your mother who is a real jewel in our life and there is nothing comparable to her.May God grant you the strength to bear this personal and irreparable loss and bless the soul with heavenly abode.

I really appreciate your care and sense of loving responsibility bestowed on your mother.

(Reema Pahuja) 22/11/16
Asstt.Prof.



D.A.V. COLLEGE OF EDUCATION
D.A.V. CAMPUS, ABOHAR - 152116 (Pb
(Under DAV College Managing Committee, New Delh
(Affiliated To Panjab University, Chandigarh
Estd. 19

Ref. No. 2920 Dated 22/11/16

Condolence Resolution


Principal & Staff of D.A.V College of Education, Abohar place on record deep sense of grief and sorrow over the sad demise of your Revered Mother.

We join to express our deep sympathies with the members of the bereaved family and pray to the almighty to bless the departed soul with eternal peace and provide enough courage and strength to all the members of family to bear this irreparable loss.

Ms. Reema & Mrs. Raj
Incharges Education Society

Dr.(Mrs.) Urmil Sethi
Principal

Prof. Ronki Ram
Panjab University
Chandigarh



Ramgarhia Girls College
Miller Ganj, Ludhiana
(Affiliated to Panjab University, Chandigarh.)
Phone : 0161-2543516 Fax : 0161-2546228
E-mail : ldh_rgc@yahoo.com, Website : www.ramgarhiacollege.com

Ref No. 3588 Dated 24/11/16

ਸ਼ੋਕ ਮਤਾ

ਮੈ. ਰਾਮਗੜ੍ਹੀਆ ਗਰਲਜ਼ ਕਾਲਜ, ਮਿਲਰ ਗੰਜ, ਲੁਧਿਆਣਾ ਦੀ ਪ੍ਰਬੰਧਕੀ ਕਮੇਟੀ, ਸਮੂਹ ਸਟਾਫ ਅਤੇ ਵਿਦਿਆਰਥੀਆਂ ਵਲੋ ਡਾ: ਰੌਣਕੀ ਰਾਮ ਜੀ ਦੇ ਮਾਤਾ ਸ੍ਰੀਮਤੀ ਸ਼ਾਂਤੀ ਦੇਵੀ ਦੇ ਬੇਵਕਤੀ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹਾਂ। ਇਸ ਨਾਸ਼ਵਾਨ ਸੰਸਾਰ ਤੋਂ ਸ੍ਰੀਮਤੀ ਸ਼ਾਂਤੀ ਦੇਵੀ ਦਾ ਅਚਾਨਕ ਵਿਛੋੜਾ ਪਰਿਵਾਰ ਅਤੇ ਸਾਡੇ ਸਾਰਿਆਂ ਲਈ ਵੱਡੀ ਮੰਦਭਾਗੀ ਘਟਨਾ ਹੈ। ਅਸੀ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਂਦੇ ਹੋਏ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਦੁਖੀ ਹਿਰਦੇ ਸਹਿਤ,

ਪ੍ਰਿੰਸੀਪਲ
Principal
Ramgarhia Girls College
M.G. LUDHIANA-1

# ਭਗਵਾਨ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹਫਤਾਵਾਰੀ ਰੌਣਕਾਂ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ (ਯੂਬਾ ਸਿਟੀ) ਯੂ. ਐਸ. ਏ. ਕੈਲੇਫੋਰਨੀਆ ਵੱਲੋਂ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵੇਨਿਊ ਵਿਖੇ ਕਰਵਾਏ ਜਾਂਦੇ ਹਫਤਾਵਾਰੀ ਪ੍ਰੋਗਰਾਮ ਵਿਚ ਪਿਛਲੇ 2 ਹਫਤਿਆਂ ਤੋਂ ਵਿਸ਼ੇਸ਼ ਰੌਣਕਾਂ ਲੱਗ ਰਹੀਆਂ ਹਨ। ਸੰਗਤਾਂ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਨਾਲ ਮੰਦਰ ਵਿਚ ਪਹੁੰਚ ਰਹੀਆਂ ਹਨ।

ਇਹਨਾਂ ਵਿਸ਼ੇਸ਼ ਰੌਣਕਾਂ ਦਾ ਕਾਰਨ ਇਹ ਹੈ ਕਿ ਮਹਾਂਰਿਸ਼ੀ ਵਾਲਮੀਕ ਟੈਂਪਲ ਸਾਊਥਹਾਲ (ਯੂ ਕੇ) ਦੇ ਪੁਜਾਰੀ ਸ੍ਰੀ ਨਿਰਮਲ ਰਾਮ ਸੋਬਾ ਤੇ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਸ਼ਾਰਧਾ ਸੋਬਾ ਵਿਸ਼ੇਸ਼ ਤੌਰ ’ਤੇ ਯੂਬਾ ਸਿਟੀ ਕੈਲੇਫੋਰਨੀਆ ਵਿਖੇ ਪਹੁੰਚੇ ਹੋਏ ਹਨ, ਜੋ ਕਿ ਮੰਦਰ ਵਿਚ ਹਫਤਾਵਾਰੀ ਪ੍ਰੋਗਰਾਮ ਵਿਚ ਸਤਿਗੁਰੂ ਵਾਲਮੀਕ ਜੀ ਦੇ ਲਿਖੇ ਗ੍ਰੰਥਾਂ ਸ੍ਰੀ ਵਾਲਮੀਕ ਰਮਾਇਣ ਅਤੇ ਯੋਗ ਵਸ਼ਿਸ਼ਟ ਵਿਚੋਂ ਸਤਿਗੁਰੂ ਵੱਲੋਂ ਲਿਖੇ ਬਚਨਾਂ ਦੀ ਵਿਆਖਿਆ ਬਹੁਤ ਹੀ ਵਿਸਥਾਰ ਪੂਰਵਕ ਤੇ ਸਰਲ ਭਾਸ਼ਾ ਵਿਚ ਕਰਦੇ ਹਨ। ਉਹਨਾਂ ਵੱਲੋਂ ਯੋਗ ਵਸ਼ਿਸ਼ਟ ਵਿਚ ਅਲੱਗ ਅਲੱਗ ਕਾਂਡਾਂ ਵਿਚ ਗੁਰੂ ਜੀ ਨੇ ਕੀ-ਕੀ ਸਿੱਖਿਆ ਦਿੱਤੀ, ਬਾਰੇ ਬਹੁਤ ਹੀ ਵਿਸਥਾਰ ਪੂਰਵਕ ਸੰਗਤਾਂ ਵਿਚ ਰੱਖੇ ਗਏ, ਜਿਸਨੂੰ ਸੁਣਨ ਲਈ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਪਿਛਲੇ ਹਫਤੇ (ਐਤਵਾਰ) ਦੇ ਪ੍ਰੋਗਰਾਮ ਵਿਚ ‘ਦੇਸ਼ ਦੁਆਬਾ’ ਹਫਤਾਵਾਰੀ ਅਖਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਚੁੰਬਰ ਵੀ ਵਿਸ਼ੇਸ਼ ਤੌਰ ’ਤੇ ਹਾਜਰ ਹੋਏ।

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਸ੍ਰੀ ਨਿਰਮਲ ਰਾਮ ਸੋਬਾ ਤੇ ਉਨ੍ਹਾਂ ਦੀ ਧਰਤ ਪਤਨੀ ਸ੍ਰੀਮਤੀ ਸ਼ਾਰਧਾ ਸੋਬਾ ਦਾ ਵਿਸ਼ੇਸ਼ ਤੌਰ ਤੇ ਸਿਰੋਪਾ ਤੇ ਸਤਿਗੁਰੂ ਵਾਲਮੀਕ ਜੀ ਦੇ ਸਰੂਪ ਦੇ ਕੇ ਸਨਮਾਨ ਕੀਤਾ ਗਿਆ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਵੱਲੋਂ ਦਿੱਤੀ ਗਈ।

**ਰਿਪੋਰਟ– ਸੰਤੋਖ ਸਿੰਘ ਗਿੱਲ 530–740–3056**


















**L.A. MERCHANDISE**

**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

## ਜਨਮ ਦਿਨ 'ਤੇ ਵਿਸ਼ੇਸ਼

# 'ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਵਰਡਜ਼ਵਰਥ' - ਭਾਈ ਵੀਰ ਸਿੰਘ



ਪ੍ਰੋ: ਐਚ.ਐਲ.ਕਪੂਰ
001- 916- 587-4002

ਭਾਈ ਵੀਰ ਸਿੰਘ ਜੀ ਪੰਜਾਬੀ ਸਾਹਿਤ ਦੇ ਇਤਿਹਾਸ ਦੇ 'ਆਧੁਨਿਕ ਕਾਲ' ਦੇ ਵੱਡੇ ਕਵੀ, ਮਹਾਨ ਵਿਦਵਾਨ ਤੇ ਸਿੱਖ ਧਰਮ ਨੂੰ ਪੁਨਰ-ਸੁਰਜੀਤ ਕਰਨ ਵਾਲੇ ਮਹਾਨ ਬ੍ਰਹਮ ਗਿਆਨੀ ਸਨ। ਜਿਹਨਾਂ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਪੁਰਾਣੀ ਰੂੜ੍ਹੀਵਾਦੀ ਪਿਰਤ ਨੂੰ ਤੋੜ ਕੇ ਨਵੀਂ ਰਵਾਇਤ ਪਾਉਣ 'ਚ ਆਪਣਾ ਮਹਾਨ ਯੋਗਦਾਨ ਪਾਇਆ। ਉਨ੍ਹਾਂ ਦੀ ਇਸ ਮਹਾਨ ਦੇਣ ਸਦਕਾ ਹੀ ਉਨ੍ਹਾਂ ਨੂੰ ਪੰਜਾਬੀ ਸਾਹਿਤ ਜਗਤ 'ਚ 'ਭਾਈ' ਸਾਹਿਬ ਦੀ ਉਪਾਧੀ ਨਾਲ ਨਿਵਾਜਿਆ ਗਿਆ ਹੈ। ਇਸ ਤਰ੍ਹਾਂ ਦੀ ਉਪਾਧੀ ਜਾਂ ਸਨਮਾਨ-ਸੂਚਕ ਸ਼ਬਦ ਸਿੱਖ ਧਰਮ 'ਚ ਉਸ ਮਹਾਨ ਪੁਰਸ਼ ਨੂੰ ਹੀ ਦਿੱਤਾ ਜਾਂਦਾ ਹੈ ਜਿਸ ਨੂੰ ਇਕ ਸੰਤ ਵਜੋਂ ਮਾਨਤਾ ਦਿੱਤੀ ਜਾਂਦੀ ਹੈ।

ਉਹਨਾਂ ਦਾ ਜਨਮ ਸੰਨ 1872 ਨੂੰ ਪਿਤਾ ਡਾ. ਚਰਨ ਸਿੰਘ ਦੇ ਘਰ ਹੋਇਆ ਤੇ ਭਾਈ ਵੀਰ ਸਿੰਘ ਜੀ, ਉਨ੍ਹਾਂ ਦੇ ਤਿੰਨ ਪੁੱਤਰਾਂ 'ਚੋਂ ਸਭ ਤੋਂ ਵੱਡੇ ਪੁੱਤਰ ਸਨ। ਭਾਈ ਵੀਰ ਸਿੰਘ ਜੀ ਦੇ ਖਾਨਦਾਨ ਦਾ ਪਿਛੋਕੜ ਦਿਵਾਨ ਕੌੜਾ ਮੱਲ ਜਿਹੜੇ ਕਿ ਉਪ-ਗਵਰਨਰ (ਮਹਾਰਾਜਾ ਬਹਾਦਰ) ਮੁਲਤਾਨ ਸ਼ਹਿਰ ਦੇ ਸਨ, ਨਾਲ ਜਾ ਮਿਲਦਾ ਹੈ। ਉਹਨਾਂ ਦੇ ਦਾਦਾ ਕਾਨ੍ਹ ਸਿੰਘ (1788-1878) ਜਿਨ੍ਹਾਂ ਨੇ ਆਪਣੀ ਜਵਾਨੀ ਦਾ ਕਾਫੀ ਸਮਾਂ ਸਿੱਖ ਮਿਸ਼ਨਰੀਆਂ 'ਚ ਸਿੱਖ ਪਰੰਪਰਾਵਾਂ ਤੇ ਸਿੱਖਿਆਵਾਂ ਲੈਣ ਲਈ ਗੁਜ਼ਾਰਿਆ, ਉਹ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਚੰਗੇ ਗਿਆਤਾ ਸਨ ਤੇ ਆਯੁਰਵੈਦਿਕ , ਸਿੱਧਾ ਤੇ ਯੂਨਾਨੀ ਹਿਕਮਤ 'ਚ ਬਹੁਤ ਮੁਹਾਰਤ ਰੱਖਦੇ ਸਨ। ਉਨ੍ਹਾਂ ਨੇ ਇਹੀ ਪ੍ਰਭਾਵ ਤੇ ਸਿੱਖਿਆ ਆਪਣੇ ਪੁੱਤਰ ਡਾ. ਚਰਨ ਸਿੰਘ ਨੂੰ ਦਿੱਤੀ ਤੇ ਬਾਅਦ ਵਿਚ ਇਹ ਪ੍ਰਭਾਵ ਤੇ ਸਿੱਖਿਆਵਾਂ ਭਾਈ ਵੀਰ ਸਿੰਘ ਜੀ ਨੇ ਆਪਣੇ ਪਿਤਾ ਜੀ ਤੋਂ ਲਈਆਂ ਤੇ ਉਹ ਸਿੱਖ ਧਰਮ ਦੇ ਇਕ ਬਹੁਤ ਹੀ ਸਰਗਰਮ ਮੈਂਬਰ ਬਣ ਗਏ। ਆਪਣੇ ਖਾਨਦਾਨੀ ਪ੍ਰਭਾਵ ਕਾਰਨ ਹੀ ਉਨ੍ਹਾਂ ਨੇ ਪੰਜਾਬੀ ਕਵਿਤਾ, ਸੰਗੀਤ ਤੇ ਸਾਹਿਤ ਦੇ ਦੂਸਰੇ ਰੂਪਾਂ ਦੀ ਰੂੜ੍ਹੀਵਾਦੀ ਸੋਚ ਤੋਂ ਪਰੇ ਹਟ ਕੇ ਸਿੱਖ ਸਮਾਜ 'ਚ ਨਵੀਆਂ ਪਿਰਤਾਂ ਪਾਈਆਂ। ਸਤਾਰਾਂ ਸਾਲ ਦੀ ਉਮਰ 'ਚ ਭਾਈ ਵੀਰ ਸਿੰਘ ਜੀ ਦਾ ਵਿਆਹ ਸ੍ਰੀਮਤੀ ਚਤਰ ਕੌਰ ਨਾਲ ਹੋ ਗਿਆ ਤੇ ਉਨ੍ਹਾਂ ਦੇ ਘਰ ਦੋ ਧੀਆਂ ਨੇ ਜਨਮ ਲਿਆ। ਭਾਈ ਵੀਰ ਸਿੰਘ ਜੀ 10 ਜੂਨ 1957 ਨੂੰ ਅੰਮ੍ਰਿਤਸਰ ਵਿਖੇ ਹੀ ਅਕਾਲ ਚਲਾਣਾ ਕਰ ਗਏ।

ਭਾਈ ਵੀਰ ਸਿੰਘ ਜੀ ਨੇ ਭਾਰਤ ਦੀਆਂ ਦੇਸੀ ਭਾਸ਼ਾਵਾਂ ਤੇ ਯੂਰਪ ਦੀ ਆਧੁਨਿਕ ਅੰਗਰੇਜ਼ੀ ਭਾਸ਼ਾ ਦੋਹਾਂ 'ਚ ਵਿੱਦਿਆ ਪ੍ਰਾਪਤ ਕੀਤੀ। ਜਿੱਥੇ ਉਹਨਾਂ ਨੇ ਪੰਜਾਬੀ ਬੋਲੀ 'ਚ ਸਿੱਖਿਆ ਪ੍ਰਾਪਤ ਕੀਤੀ, ਉਸ ਦੇ ਨਾਲ-ਨਾਲ ਉਹਨਾਂ ਨੇ ਫਾਰਸੀ, ਉਰਦੂ ਤੇ ਸੰਸਕ੍ਰਿਤ ਭਾਸ਼ਾ ਦੀ ਸਿੱਖਿਆ 'ਚ ਵੀ ਮੁਹਾਰਤ ਹਾਸਲ ਕੀਤੀ। ਉਹਨਾਂ ਨੇ ਅੰਮ੍ਰਿਤਸਰ ਦੇ ਚਰਚ ਮਿਸ਼ਨ ਸਕੂਲ 'ਚ ਦਾਖਲਾ ਲੈਣ ਉਪਰੰਤ 1891 ਈਸਵੀ 'ਚ ਉਥੋਂ ਦਸਵੀਂ ਜਮਾਤ ਪਾਸ ਕੀਤੀ ਤੇ ਉਹ ਜ਼ਿਲ੍ਹੇ ਭਰ 'ਚੋਂ ਪਹਿਲੇ ਸਥਾਨ 'ਤੇ ਰਹੇ। ਜਦੋਂ ਭਾਈ ਵੀਰ ਸਿੰਘ ਜੀ ਚਰਚ ਮਿਸ਼ਨ ਸਕੂਲ 'ਚ ਪੜ੍ਹਦੇ ਸਨ ਤਾਂ ਉਹਨਾਂ ਦੇ ਕਈ ਸਿੱਖ ਸਾਥੀਆਂ ਨੇ ਇਸਾਈ ਧਰਮ ਗ੍ਰਹਿਣ ਕਰ ਲਿਆ ਪਰ ਉਨ੍ਹਾਂ ਨੇ ਆਪਣਾ ਮਨ ਬਹੁਤ ਮਜ਼ਬੂਤ ਰੱਖਿਆ ਤੇ ਉਹਨਾਂ ਨੇ ਆਪਣੇ ਸਿੱਖ ਧਰਮ 'ਚ ਵਿਸ਼ਵਾਸ ਨੂੰ ਦ੍ਰਿੜ੍ਹ ਬਣਾਈ ਰੱਖਿਆ ਤੇ ਉਹਨਾਂ ਦੇ ਸਾਥੀਆਂ ਦੇ ਧਰਮ ਪਰਿਵਰਤਨ ਕਰ ਜਾਣ ਦਾ ਉਨ੍ਹਾਂ 'ਤੇ ਕੋਈ ਅਸਰ ਨਾ ਹੋਇਆ। ਇਸਾਈ ਮਿਸ਼ਨਰੀਆਂ ਤੇ ਇਸਾਈ ਸਾਹਿਤ ਦੁਆਰਾ ਉਨ੍ਹਾਂ 'ਤੇ ਧਰਮ ਪਰਿਵਰਤਨ ਦਾ ਬੜਾ ਪ੍ਰਭਾਵ ਪਾਉਣ ਦਾ ਯਤਨ ਕੀਤਾ ਗਿਆ ਪਰ ਉਹ ਸਫਲ ਨਾ ਹੋਏ ਸਗੋਂ ਭਾਈ ਵੀਰ ਸਿੰਘ ਜੀ ਨੇ ਆਪਣੀਆਂ ਸਾਹਿਤਕ ਰਚਨਾਵਾਂ ਰਾਹੀਂ ਸਿੱਖ ਸਿਧਾਂਤਾਂ ਦਾ ਪ੍ਰਚਾਰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਤੇ ਇਸ 'ਚ ਸਫਲਤਾ ਵੀ ਪ੍ਰਾਪਤ ਕੀਤੀ। ਉਹਨਾਂ ਨੇ ਅੰਗਰੇਜ਼ੀ ਸਾਹਿਤ ਦਾ ਖੂਬ ਅਧਿਐਨ ਕੀਤਾ ਤੇ ਉਸ ਤੋਂ ਬੜਾ ਡੂੰਘਾ ਪ੍ਰਭਾਵ ਗ੍ਰਹਿਣ ਕੀਤਾ ਤੇ ਉਹ ਸਭ ਤੋਂ ਵੱਧ ਅੰਗਰੇਜ਼ੀ ਦੇ ਕੁਦਰਤ ਦੇ ਮਹਾਨ ਕਵੀ ਵਿਲੀਅਮ ਵਰਡਜ਼ਵਰਥ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਭਾਈ ਵੀਰ ਸਿੰਘ ਜੀ ਨੇ ਜਿਹੜੀਆਂ ਪੰਜਾਬੀ ਭਾਸ਼ਾ 'ਚ ਕਵਿਤਾਵਾਂ ਲਿਖੀਆਂ ਹਨ, ਉਹਨਾਂ 'ਤੇ ਵਿਲੀਅਮ ਵਰਡਜ਼ਵਰਥ ਦਾ ਪ੍ਰਭਾਵ ਸਾਫ ਨਜ਼ਰ ਆਉਂਦਾ ਹੈ। ਅੰਗਰੇਜ਼ੀ ਦੇ ਪ੍ਰਭਾਵ ਨਾਲ ਹੀ ਉਹਨਾਂ ਦੀਆਂ ਛੋਟੀਆਂ ਕਵਿਤਾਵਾਂ, ਕਹਾਣੀਆਂ, ਵਾਰਤਕ ਤੇ ਮਹਾਂ-ਕਾਵਿ ਨੇ ਜਨਮ ਲਿਆ ਤੇ ਸਾਹਿਤ ਦੇ ਇਹਨਾਂ ਆਧੁਨਿਕ ਰੂਪਾਂ ਰਾਹੀਂ ਹੀ ਉਸ ਨੇ ਸਿੱਖ ਇਤਿਹਾਸ ਤੇ ਸਿੱਖ ਸਿਧਾਂਤਾਂ ਦਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰ ਕੀਤਾ। ਉਨ੍ਹਾਂ ਨੂੰ ਪੰਜਾਬੀ ਸਾਹਿਤ ਦਾ ਵਿਲੀਅਮ ਵਰਡਜ਼ਵਰਥ ਵੀ ਕਿਹਾ ਜਾਂਦਾ ਹੈ।

ਅੰਗਰੇਜ਼ੀ ਸਾਹਿਤ ਦਾ ਆਧੁਨਿਕ ਪ੍ਰਭਾਵ ਗ੍ਰਹਿਣ ਕਰਨ ਉਪਰੰਤ ਉਨ੍ਹਾਂ ਨੇ ਲਿਖਾਰੀ ਬਣਨ ਦਾ ਆਪਣਾ ਦ੍ਰਿੜ੍ਹ ਇਰਾਦਾ ਬਣਾ ਲਿਆ। ਦਸਵੀਂ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਉਹਨਾਂ ਨੇ ਕੁਝ ਸਮਾਂ ਆਪਣੇ ਪਿਤਾ ਜੀ ਦੇ ਇਕ ਦੋਸਤ ਵਜ਼ੀਰ ਸਿੰਘ ਨਾਲ ਕੰਮ ਕੀਤਾ ਤੇ ਪੱਥਰ ਦੇ ਛਾਪੇਖ਼ਾਨੇ ਵਾਲੀ ਪ੍ਰੈਸ ਲਗਾ ਲਈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਕੁਝ ਸਕੂਲਾਂ ਲਈ ਭੂਗੋਲ ਦੀਆਂ ਕਿਤਾਬਾਂ ਲਿਖੀਆਂ ਤੇ ਛਾਪੀਆਂ।

ਭਾਈ ਵੀਰ ਸਿੰਘ ਜੀ ਦੇ ਮਨ 'ਚ ਸਭ ਤੋਂ ਪਹਿਲਾ ਇਹ ਤਰਕ ਆਈ ਕਿ ਸਿੱਖ ਧਰਮ ਉਨ੍ਹਾਂ ਲਈ ਇਕ ਬਹੁਤ ਹੀ ਵਿਲੱਖਣ ਚੀਜ਼ ਹੈ ਤੇ ਇਸ ਦੀ ਤਰੱਕੀ ਤੇ ਪ੍ਰਫੁੱਲਤਾ ਲਈ ਸਿੱਖਾਂ 'ਚ ਇਸ ਦੀ ਸਿਧਾਂਤਕ ਜਾਗ੍ਰਿਤੀ ਲਿਆਉਣਾ ਤੇ ਇਸਦੀ ਵੱਖਰੀ ਸੱਭਿਆਚਾਰਕ ਪਹਿਚਾਣ ਬਣਾਉਣਾ, ਸਮੇਂ ਦੀ ਵੱਡੀ ਜ਼ਰੂਰਤ ਹੈ। ਸਿੱਖਾਂ ਨੂੰ ਇਸ ਧਰਮ ਬਾਰੇ ਨਵੀਂ ਸੇਧ ਦੇਣਾ, ਇਸ ਦੇ ਸਿਧਾਂਤਾਂ ਨੂੰ ਸਮਝਣਾ ਤੇ ਉਨ੍ਹਾਂ 'ਚ ਵਿਸ਼ਵਾਸ ਰੱਖਣਾ ਤੇ ਇਸ ਦੇ ਇਤਿਹਾਸ ਦੀਆਂ ਇਤਿਹਾਸਕ ਯਾਦਾਂ ਨੂੰ ਅੱਜ ਦੇ ਆਧੁਨਿਕ ਸਮੇਂ 'ਚ ਹੋਰ ਪ੍ਰਭਾਵਸ਼ਾਲੀ ਬਣਾਉਣਾ ਤੇ ਉਸ ਵਿਰਸੇ ਨਾਲ ਜੋੜਨਾ, ਉਨ੍ਹਾਂ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਦਿਨਾਂ 'ਚ ਅਕਸਰ ਅੰਗਰੇਜ਼ ਤੇ ਹਿੰਦੂ ਜਥੇਬੰਦੀਆਂ ਦੀ ਸਿੱਖ ਧਰਮ 'ਚ ਬਹੁਤ ਦਖ਼ਲ-ਅੰਦਾਜ਼ੀ ਸੀ, ਜੋ ਸਿੱਖ ਧਰਮ ਲਈ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਪੈਦਾ ਕਰਦੀ ਸੀ ਤੇ ਇਸ ਤਰ੍ਹਾਂ ਦੇ ਹਾਲਾਤ 'ਚ ਸਿੱਖ ਸਮਾਜ ਨੂੰ ਉਸ ਦੀ ਸੱਭਿਆਚਾਰਕ ਮੁੱਖ ਧਾਰਾ 'ਚ ਰੱਖਣਾ ਬੜਾ ਜਰੂਰੀ ਸੀ। ਉਨ੍ਹਾਂ ਦਿਨਾਂ 'ਚ ਸਿੱਖਾਂ ਦੇ ਕੇਸਧਾਰੀ ਤੇ ਦਾੜ੍ਹੀ ਵਾਲੇ ਸਰੂਪ ਨੂੰ ਬੜੀ ਜਿਲਤ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਤਰ੍ਹਾਂ ਦੇ ਰਾਜਨੀਤਿਕ ਤੇ ਧਾਰਮਿਕ ਅਸੰਤੁਸ਼ਟੀ ਦੇ ਮਾਹੌਲ 'ਚ ਭਾਈ ਵੀਰ ਸਿੰਘ ਜੀ ਨੇ ਸਿੱਖ ਸੱਭਿਆਚਾਰ ਤੇ ਧਰਮ ਨੂੰ ਬੜੇ ਸ਼ਾਂਤਮਈ ਤਰੀਕੇ ਨਾਲ ਆਪਣੇ ਨਾਵਲਾਂ, ਮਹਾਂਕਾਵਿ ਤੇ ਕਵਿਤਾਵਾਂ ਰਾਹੀਂ ਪੁਨਰ ਸੁਰਜੀਤ ਕਰਨ ਦਾ ਬੜਾ ਵੱਡਾ ਯਤਨ ਕੀਤਾ। ਸਿੱਖ ਰਾਜ ਦੀ ਗਿਰਾਵਟ ਤੇ ਇਸਾਈਅਤ ਦੀ ਆਧੁਨਿਕਤਾ, ਮੁਸਲਮਾਨ ਤੇ ਹਿੰਦੂ ਧਰਮ ਦੀਆਂ ਧਰਮ ਪਰਿਵਰਤਨ ਦੀਆਂ ਲਹਿਰਾਂ ਦੇ ਵਾਤਾਵਰਣ 'ਚ, ਸਿੱਖ ਧਰਮ 'ਚ ਦ੍ਰਿੜ੍ਹ ਵਿਸ਼ਵਾਸ ਬਣਾਉਣ ਵਾਲੇ ਵਿਦਵਾਨਾਂ ਤੇ ਬ੍ਰਹਮ-ਗਿਆਨੀਆਂ ਦੀ ਤਕਰੀਬਨ ਅਣਹੋਂਦ ਹੀ ਸੀ, ਠੀਕ ਉਸ ਸਮੇਂ ਭਾਈ ਵੀਰ ਸਿੰਘ ਜੀ ਦੀ ਯੋਗ ਅਗਵਾਈ ਤੇ ਸਾਹਿਤਕ ਰਚਨਾਵਾਂ ਨੇ ਸਿੱਖ ਸੱਭਿਆਚਾਰ ਤੇ ਸਿੱਖ ਸਿਧਾਂਤਾਂ 'ਚ ਆਈ ਗਿਰਾਵਟ 'ਚ ਮੁੜ ਜਾਨ ਪਾਈ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਧਰਮ ਦਾ ਰੱਜ ਕੇ ਤੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰ ਕੀਤਾ ਤੇ ਉਨ੍ਹਾਂ ਨੇ ਸਿੱਖ ਧਰਮ ਨੂੰ ਮੁੜ ਸੁਰਜੀਤ ਕਰਕੇ ਪੱਕੇ ਪੈਰੀਂ ਲੈ ਆਂਦਾ। ਇਹ ਸਿੱਖ ਧਰਮ 'ਚ ਉਨ੍ਹਾਂ ਦੀ ਬੜੀ ਵੱਡੀ ਦੇਣ ਹੈ।



ਭਾਈ ਵੀਰ ਸਿੰਘ ਜੀ ਨੇ ਉਨ੍ਹਾਂ ਦਿਨਾਂ 'ਚ 'ਸਿੰਘ ਸਭਾ ਲਹਿਰ' ਦੀਆਂ ਸਰਗਰਮੀਆਂ 'ਚ ਵੱਧ ਚੜ੍ਹ ਕੇ ਦਿਲਚਸਪੀ ਲੈਣੀ ਆਰੰਭ ਕਰ ਦਿੱਤੀ। ਉਨ੍ਹਾਂ ਨੇ ਆਪਣੇ ਉਦੇਸ਼ ਦੀ ਪੂਰਤੀ ਲਈ ਸੰਨ 1894 'ਚ 'ਖਾਲਸਾ ਟਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ ਤੇ ਇਸ ਸੁਸਾਇਟੀ ਦਾ ਉਦੇਸ਼ 'ਸਿੱਖ ਧਰਮ ਦਾ ਪੰਜਾਬੀ ਸਾਹਿਤ' ਇਕ ਕਿਤਾਬਚੇ (ਰਸਾਲੇ) ਦੇ ਰੂਪ 'ਚ ਸਿੱਖਿਆਵਾਂ ਤੇ ਧਰਮ ਬਾਰੇ ਚਰਚਾ ਕਰਕੇ ਇਸ ਦਾ ਪ੍ਰਸਾਰ ਤੇ ਪ੍ਰਚਾਰ ਕਰਨਾ ਸੀ। 'ਖਾਲਸਾ ਟਰੈਕਟ ਸੁਸਾਇਟੀ' ਨੇ ਧਰਮ ਦੇ ਪ੍ਰਚਾਰ ਲਈ ਪੰਜਾਬੀ ਸਾਹਿਤ 'ਚ ਪਹਿਲੀ ਵਾਰ ਇਹ ਨਵਾਂ ਤਰੀਕਾ ਅਪਣਾਇਆ।

'ਖਾਲਸਾ ਟ੍ਰੈਕਟ ਸੁਸਾਇਟੀ' ਨੇ ਨਿਯਤਕਾਲੀ ਰੂਪ 'ਚ 'ਨਿਰਗੁਣਆਰਾ' ਸਿਰਲੇਖ ਦੇ ਤਹਿਤ ਇਸ ਕਿਤਾਬਚੇ ਨੂੰ ਉਪਲਬੱਧ ਕਰਵਾਇਆ, ਜਿਹੜਾ ਕਿ ਘੱਟ ਕੀਮਤ 'ਤੇ ਸਿੱਖ ਧਰਮ ਦੇ ਸਿਧਾਂਤਾਂ, ਇਤਿਹਾਸ, ਫ਼ਿਲਾਸਫ਼ੀ ਤੇ ਸਮਾਜਿਕ ਤੇ ਧਾਰਮਿਕ ਸੁਧਾਰਾਂ ਦੇ ਵਿਸ਼ਿਆਂ ਬਾਰੇ ਛਪਾਈ ਕਰਦਾ ਸੀ। ਇਸ ਰਸਾਲੇ ਦੁਆਰਾ ਭਾਈ ਵੀਰ ਸਿੰਘ ਜੀ ਨੇ ਆਪਣੇ ਹਜ਼ਾਰਾਂ ਹੀ ਪਾਠਕਾਂ ਨਾਲ ਸੰਪਰਕ ਸਥਾਪਤ ਕਰ ਲਿਆ। 'ਨਿਰਗੁਣਆਰਾ' ਸਿਰਲੇਖ ਨੂੰ ਭਾਈ ਵੀਰ ਸਿੰਘ ਜੀ ਨੇ ਆਪਣੇ ਵਿਚਾਰ ਪਾਠਕਾਂ ਤੱਕ ਪਹੁੰਚਾਉਣ ਲਈ, ਇਕ ਹਥਿਆਰ ਵਜੋਂ ਪ੍ਰਯੋਗ ਕੀਤਾ। ਭਾਈ ਵੀਰ ਸਿੰਘ ਜੀ ਦੀਆਂ ਪ੍ਰਮੁੱਖ ਰਚਨਾਵਾਂ 'ਸ੍ਰੀ ਗੁਰੂ ਨਾਨਕ ਚਮਤਕਾਰ' ਤੇ 'ਸ੍ਰੀ ਗੁਰੂ ਕਲਗੀਧਰ ਚਮਤਕਾਰ' ਖਾਸ ਤੌਰ 'ਤੇ ਲੜੀਵਾਰ ਛੱਪ ਕੇ ਇਸ ਸਿਰਲੇਖ ਹੇਠ ਪਾਠਕਾਂ ਦੀ ਨਜ਼ਰ ਹੋਈਆਂ।

ਭਾਈ ਵੀਰ ਸਿੰਘ ਜੀ ਨੇ ਆਪਣੇ ਸਾਹਿਤ ਦੇ ਖੇਤਰ 'ਚ ਸਭ ਤੋਂ ਪਹਿਲਾ ਰੁਮਾਂਟਿਕ ਨਾਵਲ ਲਿਖਿਆ ਤੇ ਉਨ੍ਹਾਂ ਨੂੰ ਰੁਮਾਂਟਿਕ ਸਾਹਿਤ ਰਚਣ ਵਾਲਾ ਪੰਜਾਬੀ ਸਾਹਿਤ ਦੇ ਆਧੁਨਿਕ ਕਾਲ ਦਾ ਪਹਿਲਾ ਲਿਖਾਰੀ ਕਿਹਾ ਜਾ ਸਕਦਾ ਹੈ। ਇਸ ਰੁਮਾਂਟਿਕ ਤਰਜ਼ ਦੀ ਉਨ੍ਹਾਂ ਦੀ ਪਲੇਠੀ ਰਚਨਾ 'ਸੁੰਦਰੀ' (1898), ਵਿਜੇ ਸਿੰਘ (1899), ਸਤਵੰਤ ਕੌਰ (ਜਿਹੜਾ ਕਿ ਦੋ ਭਾਗਾਂ 'ਚ ਪਹਿਲਾ 1900 ਤੇ ਦੂਸਰਾ ਭਾਗ 1927 'ਚ) ਛਪਿਆ। ਇਹਨਾਂ ਰਚਨਾਵਾਂ 'ਚ ਉਨ੍ਹਾਂ ਨੇ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਦੇ ਯੋਧਿਆਂ ਦੇ ਰੁਮਾਂਟਿਕ ਚਰਚੇ ਕੀਤੇ ਹਨ। ਇਹਨਾਂ ਨਾਵਲਾਂ ਦੁਆਰਾ ਉਨ੍ਹਾਂ ਆਪਦੇ ਪਾਠਕਾਂ ਨੂੰ ਨਾਵਲਾਂ 'ਚ ਆਏ ਪਾਤਰਾਂ ਦੇ ਹੌਂਸਲੇ, ਦ੍ਰਿੜ੍ਹਤਾ ਤੇ ਇਨਸਾਨੀ ਕਦਰਾਂ-ਕੀਮਤਾਂ ਵਰਗੇ ਨੇਕ ਗੁਣਾਂ ਨਾਲ ਪ੍ਰੇਰਿਤ ਕੀਤਾ ਹੈ। ਭਾਈ ਵੀਰ ਸਿੰਘ ਜੀ ਨੇ ਇਹਨਾਂ ਲਿਖਤਾਂ 'ਚ ਆਏ ਸਿੱਖ ਕਿਰਦਾਰਾਂ ਨੂੰ ਮਾਨਵਤਾ ਦੇ ਪੁੰਜ ਵਜੋਂ ਤੇ ਕਿਸੇ ਵੀ ਦੂਸਰੇ ਧਰਮ ਦੀ ਬੁਰਾਈ ਨਾ ਕਰਨ ਵਾਲੇ ਨੇਕ-ਦਿਲ ਇਨਸਾਨ ਵਜੋਂ ਦਰਸਾਇਆ ਹੈ। 'ਅਵਾਂਤੀਪੁਰ ਦੇ ਖੰਡਰ' ਆਪਣੀ ਪੁਸਤਕ 'ਚ ਉਹ ਕਸ਼ਮੀਰ 'ਚ ਸਥਾਪਤ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਤੇ ਉਨ੍ਹਾਂ ਦੀ ਹੁੰਦੀ ਪੂਜਾ ਤੇ ਇਹਨਾਂ 'ਚ ਹਿੰਦੂਆਂ ਦੇ ਵਿਸ਼ਵਾਸ ਕਰਨ ਦੀ, ਉਹ ਆਲੋਚਨਾ ਕਰਦੇ ਹਨ ਤੇ ਉਹਨਾਂ ਨੂੰ ਇਸ ਵਿਰੋਧ ਬਦਲੇ ਸਰਕਾਰੀ ਡਾਂਟ ਵੀ ਪੈਂਦੀ ਹੈ।

ਨਾਵਲ 'ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ' ਜਿਸ ਨੂੰ 'ਬਾਬਾ ਨੌਧ ਸਿੰਘ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ (ਨਿਰਗੁਣਆਰਾ ਸਿਰਲੇਖ ਹੇਠ 1907 ਤੋਂ ਲੜੀਵਾਰ ਛਾਪਿਆ ਤੇ 1921 'ਚ ਇਸ ਨੂੰ ਪੁਸਤਕ ਦਾ ਰੂਪ ਮਿਲਿਆ) ਇਸੇ ਤਰ੍ਹਾਂ ਹੀ ਮਹਾਂ-ਕਾਵਿ 'ਰਾਣਾ ਸੂਰਤ ਸਿੰਘ' (ਲੜੀਵਾਰ 1905 ਤੋਂ ਛਪਣਾ ਸ਼ੁਰੂ ਹੋਇਆ) ਤੇ ਇਸ ਮਹਾਂਕਾਵਿ 'ਚ ਲੇਖਕ ਇਕ ਵਿਧਵਾ ਔਰਤ ਦੀ ਆਪਣੇ ਪਤੀ ਦੇ ਮਰਨ ਤੋਂ ਬਾਅਦ ਵੀ ਉਸ ਨੂੰ ਮਿਲਣ ਦੀ ਤਾਂਘ ਦੇ ਵਿਸ਼ੇ ਨੂੰ ਰੂਪਮਾਨ ਕਰਦਾ ਹੈ।

1919 'ਚ 'ਰਾਣਾ ਸੂਰਤ ਸਿੰਘ' ਮਹਾਂ-ਕਾਵਿ ਇਕ ਪੁਸਤਕ ਦਾ ਰੂਪ ਲੈ ਲੈਂਦਾ ਹੈ ਤੇ ਉਸ ਤੋਂ ਬਾਅਦ ਭਾਈ ਵੀਰ ਸਿੰਘ ਜੀ ਆਪਣਾ ਰੁਖ ਛੋਟੀਆਂ ਕਵਿਤਾਵਾਂ ਤੇ ਗੀਤ ਲਿਖਣ ਵੱਲ ਕਰਦੇ ਹਨ। ਉਨ੍ਹਾਂ ਦੇ ਕਾਵਿ-ਸੰਗ੍ਰਹਿ 'ਦਿਲ ਤਰੰਗ (1920), 'ਤ੍ਰੇਲ ਤੁੱਪਕੇ (1921), 'ਲਹਿਰਾਂ ਦੇ ਹਾਰ' (1921), 'ਮਟਕ ਹੁਲਾਰੇ' (1922), 'ਬਿਜਲੀਆਂ ਦੇ ਹਾਰ' (1927) ਤੇ (ਮੇਰੇ ਸਾਂਈਆਂ ਜੀਓ' (1953) ਲਗਾਤਾਰ ਛਪਦੇ ਹਨ। ਕਵਿਤਾ ਦੇ ਲਗਾਤਾਰ ਸੰਗ੍ਰਹਿਾਂ ਨੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਦੇ ਕਾਵਿ ਖੇਤਰ 'ਚ ਇਕ ਧਰੂਤਾਰੇ ਵਾਂਗ ਚਮਕਾਇਆ ਤੇ ਸਰਮੌਰਤਾ ਦਾ ਦਰਜਾ ਦਿਵਾਇਆ।

ਨਵੰਬਰ 1899 'ਚ ਉਨ੍ਹਾਂ ਨੇ ਪੰਜਾਬੀ ਸਪਤਾਹਿਕ ਪਰਚਾ 'ਖਾਲਸਾ ਸਮਾਚਾਰ' ਸ਼ੁਰੂ ਕੀਤਾ। ਉਨ੍ਹਾਂ ਨੇ ਗਿਆਨੀ ਹਜ਼ਾਰਾ ਸਿੰਘ ਜੀ ਦਾ ਲਿਖਿਆ ਤੇ ਦੁਬਾਰਾ ਸੋਧਿਆ ਹੋਇਆ ਸ਼ਬਦ ਕੋਸ਼ 'ਸ੍ਰੀ ਗੁਰੂ ਗ੍ਰੰਥ ਕੋਸ਼' ਨੂੰ 1898 'ਚ ਛਾਪਿਆ ਤੇ ਫਿਰ 1927 'ਚ ਇਸ ਦਾ ਅਨੁਵਾਦਕ ਅੰਕ ਦੁਬਾਰਾ ਛਾਪਿਆ। ਉਨ੍ਹਾਂ ਨੇ ਸਿੱਖ ਜਗਤ 'ਚ ਬਹੁਤ ਹੀ ਚਰਚਿਤ ਪੁਸਤਕਾਂ ਤੇ ਗ੍ਰੰਥ 'ਸਿੱਖਾਂ ਦੀ ਭਗਤ ਮਾਲਾ (1921), 'ਪ੍ਰਾਚੀਨ ਪੰਥ ਪ੍ਰਕਾਸ਼' (1914), 'ਪੁਰਾਤਨ ਜਨਮ ਸਾਖੀ' (1926) ਤੇ ਸਾਖੀ-ਪੋਥੀ (1950) ਵੀ ਛਾਪੀਆਂ।

ਭਾਈ ਵੀਰ ਸਿੰਘ ਜੀ ਦਾ ਸਭ ਤੋਂ ਮਹੱਤਵਪੂਰਨ ਕੰਮ ਭਾਈ ਸੰਤੋਖ ਸਿੰਘ ਜੀ ਦਾ ਲਿਖਿਆ 'ਸ੍ਰੀ ਗੁਰ ਪਰਤਾਪ ਸੂਰਜ ਗ੍ਰੰਥ' ਨੂੰ 1927 ਤੋਂ 1935 ਤੱਕ ਚੌਦਾਂ ਜਿਲਦਾਂ 'ਚ ਛਾਪਣ ਦਾ ਹੈ।

ਸਿੱਖ ਧਰਮ ਨੂੰ ਛੱਡ ਕੇ, ਦੁਨੀਆਂ ਦੇ ਬਹੁਤੇ ਧਰਮ ਔਰਤ ਦਾ ਇੰਨਾ ਸਨਮਾਨ ਤੇ ਉਸ ਨੂੰ ਆਦਮੀ ਦੇ ਬਰਾਬਰ ਦਾ ਦਰਜਾ ਨਹੀਂ ਦਿੰਦੇ ਤੇ ਉਸ ਨੂੰ ਮਨੁੱਖ ਦੀ ਕਾਮਪੂਰਤੀ ਦੀ ਵਸਤ ਹੀ ਸਮਝਦੇ ਹਨ ਪਰ ਭਾਈ ਵੀਰ ਸਿੰਘ ਜੀ ਨੇ ਆਪਣੇ ਨਾਵਲ 'ਚ ਔਰਤ ਦੇ ਵਿਸ਼ੇ 'ਚ ਬੜਾ ਸਾਹਸ ਭਰਿਆ ਕੰਮ ਕੀਤਾ ਹੈ ਤੇ ਉਨ੍ਹਾਂ ਨੇ ਆਪਣੀਆਂ ਰਚਨਾਵਾਂ 'ਚ ਆਪਣੇ ਔਰਤ ਪਾਤਰਾਵਾਂ ਨੂੰ ਬਹੁਤ ਹੀ ਮਜ਼ਬੂਤ ਤੇ ਦ੍ਰਿੜ੍ਹ ਇਰਾਦੇ ਵਾਲੇ ਪਾਤਰ ਵਜੋਂ ਬਿਆਨ ਕੀਤਾ ਹੈ। ਖਾਸ ਤੌਰ ਤੇ ਆਪਣੇ ਪਹਿਲੇ ਲਿਖੇ ਨਾਵਲ 'ਸੁੰਦਰੀ' 'ਚ ਸੁੰਦਰ ਕੌਰ ਦੇ ਪਾਤਰ ਨੂੰ ਇਸ ਤਰ੍ਹਾਂ ਚਿੱਤਰਿਆ ਹੈ ਕਿ ਉਹ ਇਸਤਰੀ ਆਪਣਾ ਹਿੰਦੂ ਧਰਮ ਪਰਿਵਰਤਿਤ ਕਰਕੇ, ਸਿੱਖ ਧਰਮ ਗ੍ਰਹਿਣ ਕਰਦੀ ਹੈ ਤੇ ਉਸ ਤੋਂ ਬਾਅਦ ਉਹ ਜੰਗਲ 'ਚ ਜਾ ਕੇ ਆਪਣਾ ਜੀਵਨ ਬੜਾ ਸਾਹਸਪੂਰਨ ਬਤੀਤ ਕਰਦੀ ਹੈ ਤੇ ਜੰਗਲ 'ਚ ਉਸ ਦੇ ਨਾਲ ਸਿੱਖ ਯੋਧਿਆਂ ਦਾ ਟੋਲਾ ਵੀ ਰਹਿੰਦਾ ਹੈ। ਇਹ ਆਪਣੀ ਕਿਸਮ ਦਾ, ਪੰਜਾਬੀ ਸਾਹਿਤ ਦਾ ਅਜਿਹਾ ਇਕ ਪਹਿਲਾ ਨਾਵਲ ਹੈ। ਸੁੰਦਰ ਕੌਰ ਦੇ ਰੂਪ 'ਚ ਲੇਖਕ ਸਾਬਤ ਕਰਦਾ ਹੈ ਕਿ ਇਸ ਔਰਤ ਤੇ ਦੂਸਰੇ ਸਿੱਖ ਯੋਧਿਆਂ 'ਚ ਗੁਰੂ ਨਾਨਕ ਸਾਹਿਬ ਦੀ ਔਰਤ ਬਾਰੇ ਸਤਿਕਾਰਿਤ ਭਾਵਨਾ ਤੇ ਸਿੱਖਿਆਵਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਭਾਵ ਉਹ ਯੋਧੇ ਜੰਗਲ 'ਚ ਉਸ ਔਰਤ ਨਾਲ ਇਕੱਲਿਆਂ ਰਹਿੰਦੇ ਹੋਏ ਵੀ ਉਸ ਦਾ ਪੂਰਾ ਸਤਿਕਾਰ ਕਰਦੇ ਹਨ ਤੇ ਉਸ ਵੱਲ ਮੰਦੀ ਨਜ਼ਰ ਨਾਲ ਨਹੀਂ ਤੱਕਦੇ। ਇਹ ਨਾਵਲ ਜਿਉਂ ਹੀ ਸਿੱਖ ਜਗਤ ਦੇ ਪਾਠਕਾਂ ਨੇ ਪੜ੍ਹਿਆ ਤਾਂ ਭਾਈ ਵੀਰ ਸਿੰਘ ਜੀ ਦੀ ਪ੍ਰਸਿੱਧਤਾ ਦੀਆਂ ਸਿਖਰਾਂ ਦਾ ਕੋਈ ਅੰਤ ਨਾ ਰਿਹਾ। ਇਸੇ ਤਰ੍ਹਾਂ ਉਹਨਾਂ ਦੁਆਰਾ ਆਪਣੀਆਂ ਦੂਸਰੀਆਂ ਕਿਰਤਾਂ 'ਚ ਉਸਾਰੇ ਗਏ ਤੇ ਦੂਸਰੇ ਮਸ਼ਹੂਰ ਇਸਤਰੀ ਪਾਤਰ ਜਿਵੇਂ:- ਰਾਣੀ ਰਾਜ ਕੌਰ, ਸਤਵੰਤ ਕੌਰ, ਸੁਭਾਗ ਜੀ ਤੇ ਸੁਸ਼ੀਲ ਕੌਰ ਆਦਿ ਹਨ। ਅੱਜ ਦੇ ਨਵੀਨ ਪੰਜਾਬੀ ਸਾਹਿਤ 'ਚ ਭਾਈ ਵੀਰ ਸਿੰਘ ਜੀ ਦੁਆਰਾ ਸਿੱਖ ਪੁਰਸ਼ ਪਾਤਰਾਂ ਤੇ ਇਸਤਰੀ ਪਾਤਰਾਂ ਦੀ ਕੀਤੀ ਗਈ ਪਾਤਰ ਉਸਾਰੀ, ਨਵੇਂ ਲੇਖਕਾਂ ਲਈ ਪ੍ਰੇਰਨਾ ਸਰੋਤ ਦਾ ਕੰਮ ਕਰਦੀ ਹੈ। ਭਾਈ ਵੀਰ ਸਿੰਘ ਜੀ ਆਪਣੇ ਨਾਵਲਾਂ 'ਚ ਔਰਤ ਪਾਤਰਾਂ ਦੀ ਪਾਤਰ ਉਸਾਰੀ ਦਾ ਚਿਤਰਨ ਅਜਿਹੇ ਵਧੀਆ ਢੰਗ ਨਾਲ ਕਰਦੇ ਹਨ ਕਿ ਇਹ ਸਾਰੇ ਪਾਤਰ, ਮਰਦ ਪਾਤਰਾਂ ਦੇ ਮੁਕਾਬਲੇ 'ਚ ਕਿਤੇ ਵੱਧ ਰੂਹਾਨੀਅਤ ਦੇ ਨੇੜੇ ਲੱਗਦੇ ਹਨ।

ਭਾਈ ਵੀਰ ਸਿੰਘ ਜੀ 'ਪੰਜਾਬੀ ਐਂਡ ਸਿੰਧ ਬੈਂਕ' ਦੇ ਮੁਢਲੇ ਸੰਸਥਾਪਕਾਂ 'ਚੋਂ ਇਕ ਸਨ। ਉਹਨਾਂ ਨੂੰ ਪੰਜਾਬੀ ਸਾਹਿਤ 'ਚ ਪਾਏ ਮਹਾਨ ਯੋਗਦਾਨ ਬਦਲੇ 1955 'ਚ 'ਸਾਹਿਤ ਅਕੈਡਮੀ ਅਵਾਰਡ' ਤੇ 1956 'ਚ 'ਪਦਮਾ ਭੂਸ਼ਨ' ਅਵਾਰਡ ਨਾਲ ਸਨਮਾਨਿਆ ਗਿਆ। ਉਨ੍ਹਾਂ ਦੇ ਚਲਾਣਾ ਕਰ ਜਾਣ ਬਾਅਦ ਉਹਨਾਂ ਦੁਆਰਾ 'ਆਦਿ ਗ੍ਰੰਥ' ਜੀ ਦੀ ਕੀਤੀ ਗਈ ਵਿਆਖਿਆ ਨੂੰ ਸੱਤ ਜਿਲਦਾਂ 'ਚ ਛਾਪਿਆ ਗਿਆ ਹੈ। ਭਾਈ ਵੀਰ ਸਿੰਘ ਜੀ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਆਧੁਨਿਕ ਪੰਜਾਬੀ ਸਾਹਿਤ ਦਾ ਮੋਢੀ ਲਿਖਾਰੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਤਕਰੀਬਨ ਪੰਜਾਬੀ ਸਾਹਿਤ ਦੇ ਹਰ ਰੂਪ 'ਤੇ ਬੜੀ ਸਫਲਤਾ ਨਾਲ ਹੱਥ ਅਜ਼ਮਾਇਆ ਹੈ ਤੇ ਪੰਜਾਬੀ ਸਾਹਿਤ ਦੀ ਪੁਰਾਣੀ ਰੂੜ੍ਹੀਵਾਦੀ-ਪ੍ਰੰਪਰਾਵਾਦੀ ਧਾਰਮਿਕ ਲੀਹ ਨੂੰ ਤੋੜ ਕੇ 'ਆਧੁਨਿਕ' ਪੰਜਾਬੀ ਸਾਹਿਤ ਦਾ ਮੁੱਢ ਬੰਨ੍ਹਿਆ। ਪੰਜਾਬੀ ਸਾਹਿਤ ਜਗਤ ਹਮੇਸ਼ਾ ਉਨ੍ਹਾਂ ਦਾ ਰਿਣੀ ਰਹੇਗਾ। ਉਨ੍ਹਾਂ ਦੇ ਜਨਮ ਦਿਨ 'ਤੇ ਸਾਰੇ ਪੰਜਾਬੀ ਜਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# ਸ਼ਹੀਦ ਊਧਮ ਸਿੰਘ ਵਾਰਸ ਦੀ ਪੋਤੀ ਦੇ ਵਿਆਹ ਨੋਟਬੰਦੀ ਕਾਰਣ ਫਿੱਕਾ ਰਹਿਣ ਦੀ ਸੰਭਾਵਨਾ

## ਬੈਂਕ ਵਿੱਚ ਰੋਜ਼ਾਨਾ ਧੱਕੇ ਖਾਣ ਲਈ ਮਜਬੂਰ ਪਰ ਨਹੀ ਮਿਲ ਰਿਹਾ ਕੈਸ਼

**ਸੰਗਰੂਰ ( ਕੁਲਵੰਤ ਸਿੰਘ ਟਿੱਬਾ)-** ਭਾਰਤ ਦੀ ਆਜ਼ਾਦੀ ਲਈ ਵਡਮੁੱਲਾ ਯੋਗਦਾਨ ਪਾਉਣ ਵਾਲੇ ਅਤੇ ਜੱਲਿਆਂਵਾਲਾ ਕਾਂਡ ਦਾ ਬਦਲਾ ਲੈਣ ਵਾਲੇ ਸਹੀਦ ਊਧਮ ਸਿੰਘ ਦੇ ਵਾਰਿਸ, ਜੋ ਜ਼ਿਲ੍ਹਾ ਸੰਗਰੂਰ ਦੇ ਸ਼ਹਿਰ ਸੁਨਾਮ ਵਿਖੇ ਰਹਿ ਰਹੇ ਹਨ, ਨੋਟਬੰਦੀ ਕਾਰਣ ਲੜਕੀ ਦੇ ਵਿਆਹ ਦੇ ਪ੍ਰਬੰਧ ਕਰਨ ਤੋਂ ਅਸਮਰਥ ਹਨ। ਜ਼ਿਕਰਯੋਗ ਹੈ ਕਿ ਸਹੀਦ ਊਧਮ ਸਿੰਘ ਦਾ ਭਾਣਜਾ ਖੁਸੀ ਨੰਦ (ਉਮਰ 105 ਸਾਲ), ਜੋ ਕਿ ਊਧਮ ਸਿੰਘ ਦੀ ਭੈਣ ਆਸ ਕੌਰ ਦਾ ਪੁੱਤਰ ਹੈ, ਸ਼ਹਿਰ ਸੁਨਾਮ ਵਿਖੇ ਰਹਿ ਰਿਹਾ ਹੈ। ਊਧਮ ਸਿੰਘ ਦੇ ਭਾਣਜੇ ਖੁਸੀ ਨੰਦ ਦੀ ਪੋਤੀ ਜਸਵੀਰ ਕੌਰ ਦਾ ਵਿਆਹ 8 ਦਸੰਬਰ 2016 ਨੂੰ ਤੈਅ ਹੋਇਆ ਹੈ ਪਰ ਵਿਆਹ ਦੇ ਪ੍ਰਬੰਧ ਨੋਟਬੰਦੀ ਕਾਰਣ ਪ੍ਰਭਾਵਿਤ ਹੋ ਰਹੇ ਹਨ। ਪਰਿਵਾਰ ਪ੍ਰਬੰਧ ਕਰਨ ਦੀ ਥਾਂ ਪਿਛਲੇ ਦੋ ਹਫ਼ਤਿਆਂ ਤੋਂ ਸੁਨਾਮ ਵਿਖੇ ਸਟੇਟ ਬੈਂਕ ਆਫ਼ ਪਟਿਆਲਾ ਅਤੇ ਐੱਚਡੀਐੱਫਸੀ ਬਰਾਂਚਾਂ ਦੇ ਧੱਕੇ ਖਾ ਰਿਹਾ ਹੈ ਪਰ ਇੰਨੀ ਜੱਦੋਜਹਿਦ ਤੋ ਬਾਅਦ ਸਿਰਫ਼ 24 ਹਜਾਰ ਰੂਪੈ ਹੀ ਪ੍ਰਾਪਤ ਹੋਏ ਹਨ, ਜੋ ਵਿਆਹ ਸਮਾਗਮ ਦੇ ਪ੍ਰਬੰਧ ਨਹੀ ਨਾਕਾਫ਼ੀ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਨੋਟਬੰਦੀ ਕਾਰਣ ਉਨ੍ਹਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਵਿਆਹ ਵਾਲੇ ਪਰਿਵਾਰਾਂ ਨੂੰ ਢਾਈ ਲੱਖ ਰੂਪੈ ਤੱਕ ਦੀ ਰਕਮ ਬੈਂਕ ਵੱਲੋਂ ਦਿੱਤੇ ਜਾਣ ਦੇ ਦਾਅਵੇ ਵੀ ਵਫ਼ਾ ਨਹੀ ਹੋ ਰਹੇ, ਜਿਸ ਕਰਕੇ ਸਾਨੂੰ ਵਿਆਹ ਦੇ ਪ੍ਰਬੰਧ ਕਰਨ ਦੀ ਥਾਂ ਬੈਂਕ ਦੇ ਬਾਹਰ ਲਾਇਨ ਵਿੱਚ ਖੜਨਾ ਪੈ ਰਿਹਾ ਹੈ। ਪਰਿਵਾਰ ਦਾ ਕਹਿਣਾ ਹੈ ਕਿ ਸਹੀਦ ਪਰਿਵਾਰ ਨਾਲ ਸਬੰਧਿਤ ਹੋਣ ਦੇ ਬਾਵਜੂਦ ਵੀ ਬੈਂਕ ਵੱਲੋਂ ਕੋਈ ਮੱਦਦ ਨਹੀ ਕੀਤੀ ਜਾ ਰਹੀ।ਸਹੀਦ ਊਧਮ ਸਿੰਘ ਵਾਰਸ ਦੀ ਪੋਤੀ ਦੇ ਵਿਆਹ ਕੇਂਦਰ ਸਰਕਾਰ ਨੋਟਬੰਦੀ ਕਾਰਣ ਫਿਕਾ ਰਹਿਣ ਦੀ ਸੰਭਾਵਨਾ ਬਣੀ ਹੋਈ ਹੈ।





# ਸੰਵਿਧਾਨ ਪ੍ਰਤੀ ਡਾ. ਅੰਬੇਡਕਰ ਦੇ ਸ਼ੰਕੇ, ਇਛਿਆਵਾਂ ਅਤੇ ਨਵਿਰਤੀਆਂ



- ਫਤਿਹਜੰਗ ਸਿੰਘ
91-98726-70278

ਬਾਬਾ ਸਾਹਿਬ ਡਾ. ਅੰਬੇਡਕਰ ਦੁਨੀਆਂ ਪਰ ਦੀ ਉੱਚ ਦਰਜੇ ਦੀ ਰਾਜਨੀਤਿਕ, ਸਮਾਜਿਕ, ਵਿਦਿਅਕ ਆਰਥਿਕ ਆਦਿ ਹਰ ਪ੍ਰਕਾਰ ਦੀ ਡੂੰਘੀ ਜਾਣਕਾਰੀ ਹਾਸਲ ਕਰਕੇ ਆਪਣਾ ਜਾਂ ਆਪਣੇ ਘਰ ਪਰਿਵਾਰ ਦਾ ਪੇਟ ਪਾਲਣ ਦੀ ਬਜਾਏ ਉਨ੍ਹਾਂ ਲੋਕਾਂ ਨੂੰ ਸਮਰਪਿਤ ਹੋਏ ਜਿਨ੍ਹਾਂ ਨੂੰ ਸਦੀਆਂ ਤੋਂ ਇਹ ਸਮਾਜ ਮਨੁੱਖ ਮੰਨਣ ਤੋਂ ਹੀ ਇਨਕਾਰੀ ਸੀ। ਪਸ਼ੂਆਂ ਸਮਾਨ ਜੀਵਨ ਬਤੀਤ ਕਰਨ ਵਾਲੇ ਇਨ੍ਹਾਂ 'ਇਨਸਾਨਾਂ' ਨੂੰ ਇਨਸਾਨਾਂ ਦਾ ਦਰਜਾ ਦਿਵਾਉਣ ਲਈ

ਹੀ ਬਾਬਾ ਸਾਹਿਬ ਨੇ ਆਪਣੀ ਸਾਰੀ ਯੋਗਤਾ, ਸਾਰਾ ਜੀਵਨ, ਸਾਰੀ ਨੀਂਦ, ਸਾਰਾ ਆਰਾਮ, ਸਾਰਾ ਖਾਣਾ-ਪੀਣਾ ਲੇਖਾ ਲਾ ਦਿੱਤਾ। ਇੰਨੀ ਕੁਰਬਾਨੀ, ਸਖ਼ਤ ਮਿਹਨਤ, ਵਫ਼ਾਦਾਰੀ ਤੇ ਤਿਆਗ ਨਾਲ ਕੀਤੇ ਉਨ੍ਹਾਂ ਦੇ ਸੰਘਰਸ਼ ਸਦਕਾ ਹੀ ਉਹ ਇੰਨੇ ਵੱਡੇ ਸਮਾਜ ਲਈ ਅਣਗਿਣਤ ਵਿਰੋਧਤਾਵਾਂ, ਔਕੜਾਂ ਦੇ ਬਾਵਜੂਦ ਵੀ ਬਹੁਤ ਕੁਝ ਕਰ ਗਏ ਪਰ ਤ੍ਰਾਸਦੀ ਇਹ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਉਸ ਤੋਂ ਪੂਰੀ ਤਰ੍ਹਾਂ ਲਾਭ ਉਠਾਉਣ ਦੇ ਯੋਗ ਵੀ ਨਹੀਂ ਬਣ ਰਹੀਆਂ। ਇਸਦਾ ਕੀ ਕਾਰਨ ਹੈ ਇਹ ਇਕ ਗੰਭੀਰ ਸਵਾਲ ਸੋਚ ਵਿਚਾਰ ਲਈ ਖੜ੍ਹਾ ਹੈ।

ਬਾਬਾ ਸਾਹਿਬ ਦੇ ਸੰਘਰਸ਼ ਦਾ ਇਕ ਮਹੱਤਵਪੂਰਨ ਪਹਿਲੂ ਇਹ ਰਿਹਾ ਕਿ ਉਹ ਆਪਣੇ ਸੰਘਰਸ਼ ਸਦਕਾ ਦੇਸ਼ ਦੇ ਸੰਵਿਧਾਨ ਨਿਰਮਾਣ ਕਾਰਜ ਦਾ ਅੰਗ ਬਣਨ ਦੀ ਸਥਿਤੀ ਤੱਕ ਪਹੁੰਚੇ ਅਤੇ ਫਿਰ ਇਸ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਣ ਵਿਚ ਸਫਲਤਾ ਪ੍ਰਾਪਤ ਕੀਤੀ। ਇਹੀ ਉਹ ਮੌਕਾ ਸੀ ਜਦੋਂ ਉਹ ਸਦੀਆਂ ਤੋਂ ਨਪੀੜੇ ਸਮਾਜ ਲਈ ਕੁਝ ਠੋਸ ਰੂਪ ਵਿਚ ਕਰ ਸਕਣ ਦੇ ਸਮਰੱਥ ਬਣੇ। ਅੱਜ ਭਾਵੇਂ ਸੀਮਤ ਹੀ ਸਹੀ ਪਰ ਜੇ ਇਸ ਨਿਮਾਣੇ ਤੇ ਨਿਤਾਣੇ ਸਮਾਜ ਦੇ ਕੁਝ ਲੋਕ ਉੱਚੀਆਂ ਡਿਗਰੀਆਂ ਲੈ ਕੇ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੋਣ 'ਚ ਕਾਬਲ ਬਣੇ, ਝੁੱਗੀਆਂ ਫੁੱਟ-ਪਾਥਾਂ ਤੋਂ ਉੱਠ ਕੇ ਕੋਠੀਆਂ ਕਾਰਾਂ ਦੇ ਮਾਲਕ ਬਣੇ ਤਾਂ ਇਸ ਪਿੱਛੇ ਬਾਬਾ ਸਾਹਿਬ ਦੇ ਸੰਘਰਸ਼ ਨੂੰ ਭਲੀਭਾਂਤ ਮਹਿਸੂਸ ਕੀਤਾ ਜਾ ਸਕਦਾ ਹੈ। ਪਰ ਕਿੰਨੇ ਕੁ ਮਹਿਸੂਸ ਕਰਦੇ ਹਨ ਕਿ ਇਹ ਇਕ ਚਿੰਤਾ ਦਾ ਵਿਸ਼ਾ ਹੈ। ਲਾਭ ਉਠਾਉਣ ਵਾਲਿਆਂ ਵਿਚ ਅੱਜ ਵੀ ਬਹੁਤੇ ਉਹ ਹਨ ਜੋ ਆਪਣੀ ਇਸ ਤਰੱਕੀ ਦਾ ਸਿਹਰਾ ਧਾਰਮਿਕ ਸਥਾਨਾਂ 'ਤੇ ਜਾ ਕੇ ਕਿਸੇ ਦੇਵੀ ਦੇਵਤੇ ਜਾਂ ਕਬਰ ਦੇ ਕਿਸੇ ਪੀਰ ਫਕੀਰ ਨੂੰ ਹੀ ਦਿੰਦੇ ਹਨ। ਹਾਲਾਂਕਿ ਜੁਗਾਂ ਤੋਂ ਇਹ ਦੇਵੀ ਦੇਵਤੇ ਅਤੇ ਪੀਰ ਫਕੀਰ ਇੱਥੇ ਹੀ ਸਨ ਤੇ ਉਹਨਾਂ ਦੇ ਹੁੰਦਿਆਂ ਸਮਾਜ ਦੀ ਭਿਆਨਕ ਹਾਲਤ ਵਿਚ ਕੋਈ ਫਰਕ ਨਹੀਂ ਪਿਆ। ਕੁਝ ਕੁ ਹੀ ਅਜਿਹੇ ਮਹਾਂਪੁਰਖ, ਗੁਰੂ, ਮਹਾਤਮਾ ਹੋਏ ਹਨ, ਜਿਹਨਾਂ ਨੇ ਇਸ ਸਮਾਜ ਦੀ ਸਥਿਤੀ ਸਮਝਣ ਦਾ ਯਤਨ ਕੀਤਾ ਅਤੇ ਉਪਰਾਲੇ ਕੀਤੇ।

ਸੰਵਿਧਾਨ ਨਿਰਮਾਣ ਦਾ ਕੰਮ ਬਾਬਾ ਸਾਹਿਬ ਨੇ ਬੜੀ ਜ਼ਿੰਮੇਵਾਰੀ ਨਾਲ ਨਿਭਾਇਆ। ਇਸ ਕਾਰਜ ਲਈ ਭਾਵੇਂ ਖਰੜਾ ਕਮੇਟੀ ਵੀ ਬਣਾਈ ਗਈ ਸੀ ਪਰ ਇਕ ਕਾਰਨ ਜਾਂ ਦੂਜਾ ਕਾਰਨ ਪੈਦਾ ਹੋਣ ਕਰਕੇ ਅਖੀਰ ਬਹੁਤੀ ਜ਼ਿੰਮੇਵਾਰੀ ਬਾਬਾ ਸਾਹਿਬ 'ਤੇ ਆਣ ਪਈ। ਸਿਹਤ ਠੀਕ ਨਾ ਹੋਣ ਦੇ ਬਾਵਜੂਦ ਉਹਨਾਂ ਨੇ ਲਗਾਤਾਰ ਦਿਨ ਰਾਤ ਇਕ ਕਰਕੇ ਇਸ ਜ਼ਿੰਮੇਵਾਰੀ ਨੂੰ ਬਖ਼ੂਬੀ ਨਿਭਾਇਆ ਅਤੇ ਇਸ ਕਾਰਜ ਨੂੰ ਦੋ ਸਾਲ 11 ਮਹੀਨੇ 17 ਦਿਨਾਂ ਦੇ ਸਮੇਂ ਵਿਚ ਪੂਰਾ ਕਰ ਦਿੱਤਾ। ਸੰਵਿਧਾਨ ਸਭਾ ਦੇ ਕੁੱਲ 11 ਸੈਸ਼ਨ (ਬੈਠਕਾਂ) ਹੋਏ, ਜਿਹਨਾਂ ਵਿਚ 395 ਧਾਰਾਵਾਂ ਅਤੇ 8 ਅਨੁਸੂਚੀਆਂ ਵਾਲਾ ਵਿਸ਼ਾਲ ਸੰਵਿਧਾਨ ਤਿਆਰ ਕੀਤਾ ਗਿਆ। ਦੁਨੀਆਂ ਦੇ ਮੁੱਖ ਦੇਸ਼ਾਂ ਦੇ ਸੰਵਿਧਾਨ ਨਿਰਮਾਣ ਦੀ ਤੁਲਨਾ ਵਿਚ ਇਹ ਸਮਾਂ ਕਿਸੇ ਵੀ ਦੇਸ਼ ਨਾਲੋਂ ਘੱਟ ਸੀ ਪਰ ਫਿਰ ਵੀ ਸੰਵਿਧਾਨ ਸਭਾ ਦੇ ਕਈ ਮੈਂਬਰਾਂ ਵੱਲੋਂ ਜ਼ਿਆਦਾ ਸਮਾਂ ਲੈਣ, ਸੁਸਤ ਅਤੇ ਭਟਕੀ ਹੋਈ ਸਭਾ ਆਦਿ ਵਰਗੀਆਂ ਟਿੱਪਣੀਆਂ ਕੀਤੀਆਂ ਗਈਆਂ, ਜਿਹਨਾਂ ਦਾ ਜਵਾਬ ਬਾਬਾ ਸਾਹਿਬ ਵੱਲੋਂ ਆਪਣੇ ਅਖੀਰਲੇ ਭਾਸ਼ਣ ਵਿਚ ਬਾਦਲੀਲ ਦਿੱਤਾ ਗਿਆ ਜੋ ਉਹਨਾਂ ਨੇ 25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿਚ ਦਿੱਤਾ ਸੀ। ਕੁੱਲ ਮਿਲਾ ਕੇ ਬਾਬਾ ਸਾਹਿਬ ਦੇ ਕੰਮ ਦੀ ਸਰਾਹਣਾ ਕੀਤੀ ਗਈ ਸੀ ਅਤੇ ਉਹਨਾਂ ਨੂੰ ਵਧਾਈਆਂ ਵੀ ਦਿੱਤੀਆਂ ਗਈਆਂ।

ਬਾਬਾ ਸਾਹਿਬ ਨੇ ਆਪਣੇ ਇਸ ਇਤਿਹਾਸਕ ਭਾਸ਼ਣ ਵਿਚ ਕਈ ਬਹੁਤ ਹੀ ਮਹੱਤਵਪੂਰਨ ਨੁਕਤੇ ਉਠਾਏ ਹਨ ਅਤੇ ਕੁਝ ਭਵਿੱਖ ਲਈ ਸ਼ੰਕੇ ਜ਼ਾਹਿਰ ਕੀਤੇ ਹਨ, ਜਿਹਨਾਂ ਦੀ ਮਹੱਤਤਾ ਅੱਜ ਦੇ ਸੰਦਰਭ ਵਿਚ ਹੋਰ ਵੀ ਜ਼ਿਆਦਾ ਵੱਧ ਗਈ ਜਾਪਦੀ ਹੈ ਅਤੇ ਉਹ ਸੱਚ ਸਾਬਤ ਹੁੰਦੇ ਜਾ ਰਹੇ ਹਨ। ਆਓ ਇਹਨਾਂ ਨੂੰ ਇਕ ਇਕ ਕਰਕੇ ਵਾਚਦੇ ਹਾਂ।

ਇਹਨਾਂ ਵਿਚੋਂ ਇਕ ਗੱਲ ਜੋ ਬਾਬਾ ਸਾਹਿਬ ਨੇ ਆਖੀ ਉਹ ਇਹ ਸੀ ਕਿ "ਸੰਵਿਧਾਨ ਭਾਵੇਂ ਕਿੰਨਾ ਵੀ ਚੰਗਾ ਹੋਵੇ ਪਰ ਜੇ ਉਸਨੂੰ ਲਾਗੂ ਕਰਨ ਵਾਲੇ ਲੋਕ ਬੁਰੇ ਹਨ ਤਾਂ ਉਹ ਬਿਨਾਂ ਸ਼ੱਕ ਬੁਰਾ ਹੋ ਜਾਂਦਾ ਹੈ ਅਤੇ ਜੇ ਸੰਵਿਧਾਨ ਜਿਸ ਤਰ੍ਹਾਂ ਦਾ ਵੀ ਮਰਜ਼ੀ ਬੁਰਾ ਹੋਵੇ ਪਰ ਇਸਨੂੰ ਲਾਗੂ ਕਰਨ ਵਾਲੇ ਚੰਗੇ ਹੋਣ ਤਾਂ ਉਹ ਸੰਵਿਧਾਨ ਚੰਗਾ ਬਣ ਜਾਂਦਾ ਹੈ।" ਸਾਡਾ ਇਹ ਸੰਵਿਧਾਨ ਭਾਵੇਂ ਕੱਟੜ ਹਿੰਦੂਵਾਦੀ ਸੋਚ ਕਾਰਨ ਪੂਰੇ ਦਾ ਪੂਰਾ ਬਾਬਾ ਸਾਹਿਬ ਦੀ ਮਰਜ਼ੀ ਦਾ ਨਹੀਂ ਸੀ ਬਣ ਸਕਿਆ ਪਰ ਫਿਰ ਵੀ ਕਾਫੀ ਕੁਝ ਉਹਨਾਂ ਦੀ ਸੋਚ ਅਨੁਸਾਰ ਹੈ। ਬਾਅਦ ਵਿਚ ਵੀ ਉਸੇ ਕੱਟੜਵਾਦੀ ਹਿੰਦੂ ਸੋਚ ਵੱਲੋਂ ਇਸਨੂੰ ਬਦਲਣ ਲਈ ਕਈ ਗੁੱਝੇ ਹਮਲੇ ਹੋ ਚੁੱਕੇ ਹਨ। ਇਸ ਸੋਚ ਦੇ ਮਾਲਕ ਨਹੀਂ ਚਾਹੁੰਦੇ ਕਿ ਇਹਨਾਂ ਸਦੀਆਂ ਦੇ ਦੱਬੇ-ਕੁਚਲਿਆਂ ਨੂੰ ਕੋਈ ਸੁੱਖ ਦਾ ਸਾਹ ਆਵੇ। ਅੱਜ ਸੰਵਿਧਾਨ ਵਿਚ ਮਿਲੀ ਮੁਢਲੇ ਅਧਿਕਾਰਾਂ ਦੀ ਆਜ਼ਾਦੀ ਦੇ ਪਰਖਚੇ ਉਡਾਏ ਜਾ ਰਹੇ ਹਨ। ਕਿਹੜਾ ਧਰਮ ਕਿਵੇਂ ਅਪਣਾਉਣਾ ਹੈ, ਕੀ ਖਾਣਾ ਹੈ, ਕੀ ਨਹੀਂ ਖਾਣਾ, ਕੀ ਧੰਦੇ ਅਪਣਾਉਣਾ ਹੈ, ਕੀ ਲਿਖਣਾ ਹੈ, ਕੀ ਪ੍ਰਚਾਰ ਕਰਨਾ ਹੈ, ਕਿਹੜੇ ਵਿਸ਼ੇ 'ਤੇ ਫਿਲਮ ਜਾਂ ਟੀ. ਵੀ. ਨਾਟਕ ਬਣਾਉਣੇ ਹਨ ਆਦਿ ਸਭ ਇਕ ਸੋਚ ਅਨੁਸਾਰ ਜਬਰਦਸਤੀ ਕਰਵਾਇਆ ਜਾ ਰਿਹਾ ਹੈ। ਰਾਜਨੀਤਿਕ ਆਗੂ, ਅਫ਼ਸਰਸ਼ਾਹੀ, ਧਾਰਮਿਕ ਆਗੂ ਜਾਂ ਵਪਾਰੀ ਜਿਸਦਾ ਵੀ ਦਾਅ ਲੱਗਦਾ ਹੈ, ਲੁੱਟ-ਖਸੁੱਟ ਕਰੀ ਜਾ ਰਹੇ ਹਨ। ਨਤੀਜੇ ਦੇ ਤੌਰ 'ਤੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਭੁੱਖਮਰੀ, ਲਾਚਾਰ, ਨਸ਼ਿਆਂ ਦਾ ਜ਼ੋਰ, ਬਿਮਾਰੀ, ਲੁੱਟ ਖਸੁੱਟ, ਅਸ਼ਾਂਤੀ ਆਦਿ ਖ਼ੂਬ ਵੱਧ ਫੁੱਲ ਰਹੇ ਹਨ। ਇਹ ਗਹਿਰੀ ਚਿੰਤਾ ਦਾ ਵਿਸ਼ਾ ਹੈ।



ਦੂਜੀ ਗੱਲ, ਬਾਬਾ ਸਾਹਿਬ ਇਕ ਸ਼ੱਕ ਪ੍ਰਗਟ ਕਰਦੇ ਹਨ ਕਿ "ਭਾਰਤ ਆਜ਼ਾਦ ਤਾਂ ਹੋ ਗਿਆ ਪਰ ਕੀ ਇਹ ਆਪਣੀ ਆਜ਼ਾਦੀ ਕਾਇਮ ਰੱਖ ਸਕੇਗਾ?" ਇਤਿਹਾਸ ਦੀਆਂ ਕਿੰਨੀਆਂ ਹੀ ਉਦਾਹਰਣਾਂ ਦੇ ਕੇ ਉਹ ਦੱਸਦੇ ਹਨ ਕਿ ਗਦਾਰੀਆਂ ਕਾਰਨ ਭਾਰਤ ਦੀ ਆਜ਼ਾਦੀ ਖੁੱਸਦੀ ਰਹੀ ਹੈ। ਗੱਦਾਰਾਂ ਦੀ ਅੱਜ ਵੀ ਘਾਟ ਨਹੀਂ ਹੈ ਪਰ ਅੱਜ ਉਹ ਨਵੇਂ ਨਵੇਂ ਰੂਪਾਂ ਵਿਚ ਦੇਸ਼ ਦੀ ਆਜ਼ਾਦੀ ਨੂੰ ਦਰਪੇਸ਼ ਖ਼ਤਰੇ ਦਾ ਕਾਰਨ ਬਣਦੇ ਨਜ਼ਰ ਆ ਰਹੇ ਹਨ। ਜਾਤੀ, ਧਰਮ ਅਤੇ ਰੂੜੀਵਾਦ ਦੇ ਰੂਪ ਵਿਚ ਕਈ ਰਾਜਨੀਤਿਕ ਦਲ ਸਾਹਮਣੇ ਆ ਰਹੇ ਹਨ। ਦੇਸ਼ ਦੀ ਆਜ਼ਾਦੀ ਇਸ 'ਤੇ ਨਿਰਭਰ ਕਰਦੀ ਹੈ ਕਿ ਭਾਰਤੀ ਲੋਕ ਰੂੜੀਵਾਦ ਨੂੰ ਪਹਿਲ ਦੇਣਗੇ ਜਾਂ ਕਿ ਦੇਸ਼ ਨੂੰ। ਰੂੜੀਵਾਦ ਨੂੰ ਪਹਿਲ ਦੇਣ ਨਾਲ ਸਾਡੀ ਆਜ਼ਾਦੀ ਖ਼ਤਰੇ ਵਿਚ ਪੈ ਜਾਵੇਗੀ ਤੇ ਸ਼ਾਇਦ ਹਮੇਸ਼ਾ ਲਈ ਨਾ ਖੁਸ ਜਾਵੇ, ਅਜਿਹਾ ਸ਼ੰਕਾ ਬਾਬਾ ਸਾਹਿਬ ਨੇ ਪ੍ਰਗਟ ਕੀਤਾ ਹੈ। ਬਾਬਾ ਸਾਹਿਬ ਦਾ ਸ਼ੰਕਾ ਸਹੀ ਸਾਬਤ ਹੁੰਦਾ ਜਾ ਰਿਹਾ ਹੈ। ਅੱਜ ਅਸੀਂ ਉਸੇ ਕਗਾਰ 'ਤੇ ਖੜ੍ਹੇ ਹਾਂ। ਹਰ ਥਾਂ 'ਤੇ ਰੂੜੀਵਾਦ ਦਾ ਬੋਲਬਾਲਾ ਹੈ ਜੋ ਦੇਸ਼ ਉੱਤੇ ਦਿਨ ਪ੍ਰਤੀ ਦਿਨ ਕਬਜ਼ਾ ਕਰਦਾ ਜਾ ਰਿਹਾ ਹੈ। ਇਤਿਹਾਸ ਨੂੰ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ। ਇਹੋ ਜਿਹੇ ਸੰਕਟ ਨੂੰ ਬਾਬਾ ਸਾਹਿਬ ਨੇ ਬਹੁਤ ਗੰਭੀਰ ਮੰਨਦਿਆਂ ਹੋਇਆਂ ਆਖਿਆ ਸੀ ਕਿ "ਆਪਣੇ ਲਹੂ ਦੀਆਂ ਆਖਰੀ ਬੂੰਦਾਂ ਨਾਲ ਆਪਣੀ ਆਜ਼ਾਦੀ ਦੀ ਰਾਖੀ ਕਰਨ ਦੇ ਲਈ ਸਾਨੂੰ ਦ੍ਰਿੜ੍ਹ ਸੰਕਲਪ ਲੈਣਾ ਚਾਹੀਦਾ ਹੈ।" ਅੱਜ ਇਹ ਗੰਭੀਰਤਾ ਨਾਲ ਸੋਚਣ ਦਾ ਵਿਸ਼ਾ ਹੈ ਕਿ ਕੀ ਅਸੀਂ ਰੂੜੀਵਾਦ ਦੇ ਖ਼ਤਰੇ ਪ੍ਰਤੀ ਇਸ ਹੱਦ ਤੱਕ ਸੁਚੇਤ ਹਾਂ? ਬਿਲਕੁਲ ਨਹੀਂ ਹਾਂ। ਤਾਂ ਸਾਵਧਾਨ! ਸਾਡੀ ਆਜ਼ਾਦੀ, ਸਾਡੇ ਮੁਢਲੇ ਅਧਿਕਾਰ, ਸਾਡੀ ਤਰੱਕੀ, ਮਨੁੱਖ ਹੋਣ ਦਾ ਅਹਿਸਾਸ ਸਭ ਖ਼ਤਰੇ ਵਿਚ ਹਨ।

ਬਾਬਾ ਸਾਹਿਬ ਇਕ ਹੋਰ ਬੜੀ ਮਹੱਤਵਪੂਰਨ ਗੱਲ ਇਹ ਆਖਦੇ ਹਨ ਕਿ "ਅਸੀਂ ਜੋ ਆਜ਼ਾਦੀ ਪ੍ਰਾਪਤ ਕੀਤੀ ਹੈ ਅਤੇ ਲੋਕਤੰਤਰ ਅਪਣਾਇਆ ਹੈ, ਇਸ ਵਿਚ ਸਰਕਾਰ ਜਨਤਾ ਦੀ, ਜਨਤਾ ਲਈ, ਜਨਤਾ ਰਾਹੀਂ ਹੋਣੀ ਚਾਹੀਦੀ ਹੈ।" ਪਰ ਕੀ ਅੱਜ ਅਜਿਹਾ ਹੋ ਰਿਹਾ ਹੈ? ਨਹੀਂ! ਅੱਜ ਤੱਕ ਜਿੰਨੀਆਂ ਵੀ ਸਰਕਾਰਾਂ ਬਣੀਆਂ ਹਨ, ਉਹ ਭਾਵੇਂ ਚੁਣੀਆਂ ਤਾਂ ਜਨਤਾ ਰਾਹੀਂ ਗਈਆਂ ਹਨ ਪਰ ਸਮਾਜਿਕ ਤੇ ਰਾਜਨੀਤਿਕ ਢਾਂਚਾ ਇਹੋ ਜਿਹਾ ਬਣਾ ਦਿੱਤਾ ਗਿਆ ਹੈ ਕਿ ਜਨਤਾ ਨੂੰ ਸਬਜਬਾਗ ਦਿਖਾ ਕੇ ਝੂਠੇ ਪ੍ਰਚਾਰ ਨਾਲ ਗੁੰਮਰਾਹ ਕਰਕੇ ਅਜਿਹੀ ਸਰਕਾਰ ਚੁਣੀ ਜਾਂਦੀ ਹੈ ਜੋ ਜਨਤਾ ਲਈ ਕਤਈ ਕੰਮ ਨਹੀਂ ਕਰਦੀ। ਜੇ ਕੋਈ ਸਰਕਾਰ ਅਸਲ ਅਰਥਾਂ ਵਿਚ ਜਨਤਾ ਲਈ ਚੁਣੀ ਹੁੰਦੀ ਤਾਂ ਅੱਜ ਸੱਤ ਦਹਾਕਿਆਂ ਬਾਅਦ ਵੀ ਦੇਸ਼ ਦੀ ਜਨਤਾ ਇੰਨੀ ਗਰੀਬੀ, ਭੁੱਖਮਰੀ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਨਾਲ ਨਾ ਕਰਾਹ ਰਹੀ ਹੁੰਦੀ। ਜਨਤਾ ਕੋਲੋਂ ਟੈਕਸਾਂ ਰਾਹੀਂ ਇਕੱਠਾ ਕੀਤਾ ਪੈਸਾ ਜਨਤਾ ਦੀ ਭਲਾਈ 'ਤੇ ਖਰਚ ਹੋਣਾ ਸੀ, ਨਾ ਕਿ ਫਜ਼ੂਲ ਦੇ ਤਿੱਥ ਤਿਉਹਾਰ, ਯਾਤਰਾਵਾਂ, ਜਨਮ ਦਿਨ ਤੇ ਹੋਰ ਧਾਰਮਿਕ ਅਕੀਦਿਆਂ 'ਤੇ ਪੈਸਾ ਪਾਣੀ ਵਾਂਗ ਵਹਾਇਆ ਜਾਂਦਾ। ਬਾਬਾ ਸਾਹਿਬ ਸ਼ੰਕਾ ਪ੍ਰਗਟ ਕਰਦੇ ਹਨ ਕਿ ਕੀ ਦੇਸ਼ ਇਸ ਲੋਕਤੰਤਰੀ ਸੰਵਿਧਾਨ ਦੀ ਰਾਖੀ ਕਰ ਸਕੇਗਾ? ਕਿਤੇ ਇੰਝ ਤਾਂ ਨਹੀਂ ਹੋਵੇਗਾ ਕਿ ਉਪਰਲਾ ਰੂਪ ਲੋਕਤੰਤਰ ਦਾ ਹੀ ਰੱਖਿਆ ਜਾਵੇ ਪਰ ਵਿਚੋਂ ਆਪਣੀ ਤਾਨਾਸ਼ਾਹੀ ਦੀ ਸਥਾਪਨਾ ਕਰ ਦਿੱਤੀ ਜਾਵੇ? ਇਸਦੀ ਸੰਭਾਵਨਾ ਵਧੇਰੇ ਹੈ। ਬਾਬਾ ਸਾਹਿਬ ਦੀ ਇਹ ਭਵਿੱਖਬਾਣੀ ਕਿੰਨੀ ਸੱਚੀ ਸਾਬਤ ਹੋ ਰਹੀ ਹੈ। ਅੱਜ ਦਲਿਤਾਂ ਨੂੰ ਕੋਈ ਕੰਮ ਕਰਨ ਜਾਂ ਨਾ ਕਰਨ ਤੋਂ ਕੁੱਟਮਾਰ ਕਰਕੇ ਜ਼ਬਰਦਸਤੀ ਰੋਕਿਆ ਜਾਂ ਕਰਵਾਇਆ ਜਾਂਦਾ ਹੈ। ਧਾਰਮਿਕ ਘੱਟ ਗਿਣਤੀਆਂ ਨੂੰ ਵਾਰ-ਵਾਰ ਵੱਡੇ-ਵੱਡੇ ਸਬਕ ਸਿਖਾਏ ਜਾਂਦੇ ਹਨ। ਇਹ ਮਸਲਾ ਵੀ ਗੰਭੀਰਤਾ ਨਾਲ ਸੋਚਣ ਲਈ ਧਿਆਨ ਮੰਗਦਾ ਹੈ।

ਬਾਬਾ ਸਾਹਿਬ ਨੇ ਇਕ ਹੋਰ ਮਹੱਤਵਪੂਰਨ ਗੱਲ ਆਖੀ ਸੀ ਕਿ "26 ਜਨਵਰੀ 1950 ਨੂੰ ਅਸੀਂ ਰਾਜਨੀਤਿਕ ਖੇਤਰ ਵਿਚ ਤਾਂ ਬਰਾਬਰੀ ਹਾਸਲ ਕਰ ਲਵਾਂਗੇ ਪਰ ਸਮਾਜਿਕ ਤੇ ਆਰਥਿਕ ਖੇਤਰ ਵਿਚ ਨਹੀਂ। ਜੇ ਇਹ ਗੈਰ-ਬਰਾਬਰੀ ਲੰਮੇ ਸਮੇਂ ਤੱਕ ਬਣੀ ਰਹੇਗੀ ਤਾਂ ਇਸ ਨਾਲ ਰਾਜਨੀਤਿਕ ਲੋਕਤੰਤਰ ਵੀ ਖ਼ਤਰੇ ਵਿਚ ਪੈ ਜਾਵੇਗਾ। ਇਸ ਗੈਰ-ਬਰਾਬਰੀ ਵਾਲੀ ਵਿਵਸਥਾ ਦੇ ਸ਼ਿਕਾਰ ਲੋਕ ਰਾਜਨੀਤਿਕ ਲੋਕਤੰਤਰ ਨੂੰ ਵੀ ਤਹਿਸ-ਨਹਿਸ ਕਰ ਦੇਣਗੇ।" ਸਾਨੂੰ ਧਿਆਨ ਰੱਖਣਾ ਪਵੇਗਾ ਕਿ ਇਹ ਵਿਵਸਥਾ ਉਤਪੰਨ ਨਾ ਹੋਵੇ ਇਹ ਖਤਰਨਾਕ ਸਾਬਤ ਹੋਵੇਗੀ, ਸਮਾਜ ਲਈ ਵੀ ਤੇ ਦੇਸ਼ ਲਈ ਵੀ।

ਇਕ ਬਹੁਤ ਹੀ ਮਹੱਤਵਪੂਰਨ ਗੱਲ ਬਾਬਾ ਸਾਹਿਬ ਨੇ ਹੋਰ ਆਖੀ ਸੀ ਕਿ "ਭਾਰਤ ਇਕ ਰਾਸ਼ਟਰ ਨਹੀਂ ਹੈ। ਹਜ਼ਾਰਾਂ ਜਾਤੀਆਂ ਅਤੇ ਧਰਮਾਂ ਵਿਚ ਵੰਡੀ ਜਨਤਾ ਕਿਵੇਂ ਇਕ ਰਾਸ਼ਟਰ ਹੋ ਸਕਦੀ ਹੈ?

ਇਹ ਜਾਤੀਆਂ ਹੀ ਹਨ ਜੋ ਰਾਸ਼ਟਰ ਬਣਨ ਦੇ ਰਾਹ ਵਿਚ ਰੁਕਾਵਟ ਬਣਦੀਆਂ ਹਨ। ਇਹ ਆਸ-ਪਾਸ ਵਿਚ ਦਵੈਸ਼ ਪੈਦਾ ਕਰਦੀਆਂ ਹਨ ਅਤੇ ਸਮਾਜਿਕ ਜੀਵਨ ਵਿਚ ਵਖਰੇਵਾਂ ਵੀ ਪੈਦਾ ਕਰਦੀਆਂ ਹਨ। ਇਹ ਸਾਰੀ ਸਥਿਤੀ ਚੰਗੀ ਤਰ੍ਹਾਂ ਸਮਝ ਕੇ ਹੀ ਸਹੀ ਅਰਥਾਂ ਵਿਚ ਇਕ ਰਾਸ਼ਟਰ ਬਣਾਉਣ ਦੀ ਭਾਵਨਾ ਪੈਦਾ ਕੀਤੀ ਜਾ ਸਕਦੀ ਹੈ ਜੋ ਕਿ ਭਾਵੇਂ ਬਹੁਤ ਔਖੀ ਹੈ ਪਰ ਸਹੀ ਰਾਹ ਵੀ ਇਹੋ ਹੈ।" ਜਦੋਂ ਤੱਕ ਇਹਨਾਂ ਜਾਤਾਂ ਪਾਤਾਂ ਤੇ ਊਚ ਨੀਚ ਨੂੰ ਮਿਟਾ ਕੇ ਇਕ ਭਾਈਚਾਰਾ ਪੈਦਾ ਨਹੀਂ ਕੀਤਾ ਜਾਂਦਾ ਉਦੋਂ ਤੱਕ ਆਜ਼ਾਦੀ ਦੇ ਕੋਈ ਅਰਥ ਨਹੀਂ ਬਣਦੇ ਅਤੇ ਨਾ-ਬਰਾਬਰੀ ਦੇ ਬਣਦੇ ਹਨ। ਇਕ ਆਦਰਸ਼ ਸਮਾਜ ਜਿਸਦੀ ਬਾਬਾ ਸਾਹਿਬ ਨੇ ਕਲਪਨਾ ਕੀਤੀ ਸੀ, ਉਸ ਵਿਚ ਬਰਾਬਰਤਾ, ਆਜ਼ਾਦੀ ਅਤੇ ਭਾਈਚਾਰਾ ਕਿਆਸਿਆ ਗਿਆ ਸੀ।

ਇਸੇ ਤਰ੍ਹਾਂ ਬਾਬਾ ਸਾਹਿਬ ਨੇ ਸਮਾਜਿਕ ਅਤੇ ਆਰਥਿਕ ਉਦੇਸ਼ਾਂ ਦੀ ਪੂਰਤੀ ਲਈ ਸੰਵਿਧਾਨਕ ਤਰੀਕੇ ਅਪਣਾਉਣ ਦੀ ਵਕਾਲਤ ਕੀਤੀ ਸੀ ਕਿਉਂਕਿ ਸਾਡਾ ਸੰਵਿਧਾਨ ਹਰ ਹਾਲਤ ਨੂੰ ਨਜਿੱਠਣ ਦੇ ਸਮਰੱਥ ਹੈ। ਜਦੋਂ ਸੰਵਿਧਾਨਕ ਤਰੀਕੇ ਸਮਾਪਤ ਹੋ ਜਾਣ ਤਾਂ ਹੀ ਗੈਰ-ਸੰਵਿਧਾਨਕ ਤਰੀਕੇ ਜਾਇਜ਼ ਹੋ ਸਕਦੇ ਹਨ।

ਬਾਬਾ ਸਾਹਿਬ ਨੇ ਲੋਕਾਂ ਨੂੰ ਨਾਇਕ ਪੂਜਾ ਕਰਨ ਦੇ ਵਿਰੁੱਧ ਵੀ ਜਾਗਰਿਤ ਕੀਤਾ। ਉਹਨਾਂ ਕਿਹਾ ਕਿ "ਜਿਸਨੇ ਦੇਸ਼ ਜਾਂ ਸਮਾਜ ਦੇ ਹਿੱਤ ਲਈ ਕੰਮ ਕੀਤਾ ਹੈ, ਉਹਨਾਂ ਨੂੰ ਮਾਣ ਸਨਮਾਨ ਤਾਂ ਮਿਲਣਾ ਚਾਹੀਦਾ ਹੈ ਪਰ ਕਦੇ ਵੀ ਆਪਣੀ ਆਜ਼ਾਦੀ ਜਾਂ ਇੱਜ਼ਤ ਮਾਣ ਗੁਆ ਕੇ ਨਹੀਂ।" ਅੱਜ ਅਸੀਂ ਵੇਖਦੇ ਹਾਂ ਕਿ ਲੀਡਰਾਂ ਦੀ ਚਮਚਾਗਿਰੀ ਕਰਨ ਦੀ ਇੰਨੀ ਵੱਡੀ ਦੌੜ ਲੱਗੀ ਹੋਈ ਹੈ ਕਿ ਇੱਜਤ ਮਾਣ ਦੇ ਸਾਰੇ ਤੌਰ-ਤਰੀਕੇ ਛਿੱਕੇ ਤੇ ਟੰਗ ਦਿੱਤੇ ਜਾਂਦੇ ਹਨ। ਇਹੀ ਦੌੜ ਹੈ ਜੋ ਸਮਾਜ ਤੇ ਦੇਸ਼ ਨੂੰ ਛੱਡ ਕੇ ਆਪਣੇ ਹੀ ਘਰ ਭਰਨ ਦੀ ਸਿਆਣਪ ਸਿਖਾਉਂਦੀ ਹੈ।

ਅੰਤ ਵਿਚ ਬਾਬਾ ਸਾਹਿਬ ਨੇ ਕਿਹਾ ਕਿ "ਇਸ ਦੇਸ਼ ਦੀ ਰਾਜਨੀਤਿਕ ਤਾਕਤ ਇਕ ਲੰਮੇ ਸਮੇਂ ਤੋਂ ਮੁੱਠੀ ਭਰ ਲੋਕਾਂ ਦੇ ਹੱਥ ਵਿਚ ਰਹੀ ਹੈ ਜਿਸ ਕਰਕੇ ਬਹੁਗਿਣਤੀ ਲੋਕ ਪਸ਼ੂਆਂ ਵਰਗਾ ਜੀਵਨ ਬਤੀਤ ਕਰਨ ਲਈ ਮਜਬੂਰ ਰਹੇ ਹਨ। ਇਸ ਸਥਿਤੀ ਨੇ ਉਨ੍ਹਾਂ ਵਿਚ ਜ਼ਿੰਦਗੀ ਦਾ ਮਹੱਤਵ ਅਤੇ ਉਤਸ਼ਾਹ ਹੀ ਖਤਮ ਕਰਕੇ ਰੱਖ ਦਿੱਤਾ ਹੈ। ਪਰ ਹੁਣ ਇਹ ਇਸ ਸਥਿਤੀ ਤੋਂ ਤੰਗ ਹਨ ਤੇ ਖੁਦ ਆਪਣੇ ਆਪ ਤੇ ਰਾਜ ਕਰਨ ਲਈ ਉਤਾਵਲੇ ਹਨ।" ਬਾਬਾ ਸਾਹਿਬ ਦਾ ਇਹ ਨੁਕਤਾ ਸਮੁੱਚੇ ਸਮਾਜ ਅਤੇ ਦੇਸ਼ ਦੀ ਭਲਾਈ ਦਾ ਸੁਨੇਹਾ ਲੈ ਕੇ ਖੜ੍ਹਾ ਹੈ।

ਬਾਬਾ ਸਾਹਿਬ ਦੇ ਭਾਸ਼ਣ ਵਿਚ ਦੱਸੇ ਇਹਨਾਂ ਤੱਥਾਂ ਦਾ ਅਧਿਐਨ ਅਤੇ ਅਮਲ ਨਿਸ਼ਚੇ ਹੀ ਇਕ ਨਵੇਂ ਯੁੱਗ ਦੀ ਸ਼ੁਰੂਆਤ ਦਾ ਸੁਨੇਹਾ ਲੈ ਕੇ ਖੜ੍ਹਾ ਹੈ। ਲੋੜ ਹੈ ਇਸਨੂੰ ਤਹਿ ਤੱਕ ਸਮਝਣ ਦੀ। ਇਸਦੇ ਇਕ-ਇਕ ਤੱਥ ਵਿਚ ਵੱਡੇ-ਵੱਡੇ ਰਾਜ਼ ਛਿਪੇ ਹਨ ਜੋ ਇਸ ਸਮਾਜ ਅਤੇ ਦੇਸ਼ ਨੂੰ ਤਰੱਕੀ ਦੀਆਂ ਉਚਾਈਆਂ ਤੱਕ ਲਿਜਾਣ ਦੀ ਜਾਮਨੀ ਬਣ ਸਕਦੇ ਹਨ। ਇਸ ਨਜ਼ਰੀਏ ਤੋਂ ਇਸ ਭਾਸ਼ਣ ਨੂੰ ਵਾਚਣਾ ਲਾਹੇਵੰਦ ਹੋਵੇਗਾ।

# ਗੁਰਦੁਆਰਾ ਸ੍ਰੀ ਟਾਹਲਾ ਸਾਹਿਬ - ਸ਼ਹੀਦੀ ਅਸਥਾਨ ਬਾਬਾ ਦੀਪ ਸਿੰਘ ਜੀ



ਸਿਮਰਜੀਤ ਸਿੰਘ, ਤਰਨ ਤਾਰਨ
91-98722-47721

ਸ਼ਹੀਦ ਬਾਬਾ ਦੀਪ ਸਿੰਘ ਜੀ ਸਿੱਖ ਇਤਿਹਾਸ ਵਿਚ ਸਭ ਤੋਂ ਵੱਧ ਮਾਣ ਪ੍ਰਾਪਤ ਕਰਨ ਵਾਲੇ ਅਮਰ ਸ਼ਹੀਦ ਹੋਏ ਹਨ, ਜਿੰਨਾਂ ਨੇ ਮਹਾਨ ਸਲੋਕ ਨੂੰ ਸੱਚ ਕਰ ਵਿਖਾਇਆ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ, ਸਿਰ ਦੀਜੈ ਕਾਣਿ ਨਾ ਕੀਜੈ॥

ਬਾਬਾ ਜੀ ਦਾ ਜਨਮ 26 ਜਨਵਰੀ 1682 ਨੂੰ ਪਿੰਡ ਪਹੂਵਿੰਡ ਵਿਚ ਮਾਤਾ ਜਿਉਣੀ ਜੀ ਅਤੇ ਪਿਤਾ ਭਗਤਾ ਜੀ ਦੇ ਘਰ ਵਿਚ ਹੋਇਆ। ਬਾਬਾ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਅੰਮ੍ਰਿਤਪਾਨ ਕਰਨ ਉਪਰੰਤ ਜੰਗ, ਯੁੱਧ ਅਤੇ ਹਥਿਆਰ ਚਲਾਉਣ ਦੀ ਮੁਹਾਰਤ ਹਾਸਲ ਕਰਦਿਆਂ, ਇਥੇ ਹੀ ਭਾਈ ਮਨੀ ਸਿੰਘ ਜੀ ਤੋਂ ਗੁਰਮੁਖੀ ਲਿਖਣ ਤੇ ਪੜ੍ਹਨ ਦੀ ਸਿੱਖਿਆ ਪ੍ਰਾਪਤ ਕੀਤੀ। ਸੰਨ੍ਹ 1705 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਬੁਲਾਵੇ 'ਤੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਜਾ ਕੇ ਭਾਈ ਮਨੀ ਸਿੰਘ ਦੇ ਨਾਲ ਗੁਰੂ ਗ੍ਰੰਥ ਸਾਹਿਬ ਜੀ ਲਿਖਣ ਵਿਚ ਮਦਦ ਕਰਦੇ ਰਹੇ। ਗੁਰੂ ਸਾਹਿਬ ਜੀ ਦੱਖਣ ਜਾਣ ਤੋਂ ਪਹਿਲਾਂ, ਬਾਬਾ ਜੀ ਨੂੰ ਦਮਦਮਾ ਸਾਹਿਬ ਦਾ ਮੁਖੀ ਨਿਯੁਕਤ ਕਰ ਗਏ। ਸੰਨ੍ਹ 1748 ਵਿਚ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਵਿਚ ਬਾਬਾ ਜੀ ਨੂੰ ਸ਼ਹੀਦੀ ਮਿਸਲ ਦਾ ਮੁਖੀ ਥਾਪਿਆ ਗਿਆ। 1757 ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਦਿੱਲੀ, ਆਗਰਾ, ਮਥੁਰਾ ਤੋਂ ਲੁੱਟ ਮਾਰ ਦੀ ਧੰਨ-ਦੌਲਤ ਅਤੇ ਬੇਕਸੂਰ ਨੌਜਵਾਨ ਲੜਕੀਆਂ ਨੂੰ ਬੰਦੀ ਬਣਾ ਕੇ ਅਫ਼ਗਾਨਿਸਤਾਨ ਲੈ ਜਾ ਰਿਹਾ ਸੀ ਤਾਂ ਬਾਬਾ ਜੀ ਦੇ ਜਥੇ ਨੇ ਹਮਲਾ ਬੋਲ ਕੇ ਲੁੱਟਿਆ ਹੋਇਆ ਖ਼ਜ਼ਾਨਾ ਅਤੇ ਲੜਕੀਆਂ ਨੂੰ ਛੁਡਾ ਲਿਆ। ਇਸ ਕਾਰਨ ਉਹ ਹੋਰ ਗੁੱਸੇ ਵਿਚ ਆ ਗਿਆ ਅਤੇ ਲਾਹੌਰ ਜਾ ਕੇ ਆਪਣੇ ਪੁੱਤਰ ਸ਼ਹਿਜ਼ਾਦੇ ਤੈਮੂਰ ਸ਼ਾਹ ਨੂੰ ਪੰਜਾਬ ਦਾ ਰਾਜ ਸੌਂਪ ਅਤੇ ਜਨਰਲ ਜਾਹਾਨ ਖ਼ਾਨ ਅਧੀਨ 10000 ਫ਼ੌਜ ਛੱਡ ਕੇ ਆਪ ਵਾਪਸ ਕਾਬਲ ਚਲਾ ਗਿਆ ਅਤੇ ਫ਼ੁਰਮਾਨ ਜਾਰੀ ਕਰ ਦਿੱਤਾ ਕਿ ਅੰਮ੍ਰਿਤਸਰ ਸ਼ਹਿਰ ਤੇ ਦਰਬਾਰ ਸਾਹਿਬ ਦੋਹਾਂ ਦਾ ਤਹਿਸ-ਨਹਿਸ ਕਰ ਦਿੱਤਾ ਜਾਵੇ। ਹੁਕਮ ਦੀ ਤਾਮੀਲ ਹੁੰਦਿਆਂ ਹੀ ਹਰਿਮੰਦਰ ਸਾਹਿਬ ਦੀ ਬੇਅਦਬੀ ਸ਼ੁਰੂ ਹੋ ਗਈ। ਉਸ ਵਕਤ ਬਾਬਾ ਜੀ ਤਲਵੰਡੀ ਸਾਬੋ ਹੀ ਸਨ ਅਤੇ ਇਹ ਖ਼ਬਰ ਸੁਣਦਿਆਂ ਬਾਬਾ ਜੀ ਨੇ ਗੁੱਸੇ ਅਤੇ ਰੋਹ ਵਿਚ ਆ ਕੇ ਆਪਣਾ ਖੰਡਾ ਧੂਹਿਆ (ਜਿਸਦਾ ਵਜ਼ਨ 18 ਸੇਰ ਸੀ) ਅਤੇ ਸੰਗਤ ਨੂੰ ਅੰਮ੍ਰਿਤਸਰ ਵਹੀਰਾਂ ਘੱਤਣ ਲਈ ਵੰਗਾਰਿਆ। ਬਾਬਾ ਜੀ ਨੇ ਅੰਮ੍ਰਿਤਸਰ ਪਹੁੰਚ ਕੇ ਸ੍ਰੀ ਦਰਬਾਰ ਸਾਹਿਬ ਨੂੰ ਮੁਕਤ ਕਰਵਾਉਣ ਦੀ ਪ੍ਰਤਿੱਗਿਆ ਕਰਕੇ ਤਕਰੀਬਨ ਪੰਜ ਸੌ ਸਿੰਘਾਂ ਦੇ ਜਥੇ ਨਾਲ ਅੰਮ੍ਰਿਤਸਰ ਨੂੰ ਵਹੀਰਾਂ ਘੱਤ ਦਿੱਤੀਆਂ। ਤਰਨ ਤਾਰਨ ਪਹੁੰਚਦਿਆਂ ਤੱਕ ਜਥੇ ਦੀ ਗਿਣਤੀ ਤਕਰੀਬਨ 5000 ਤੱਕ ਹੋ ਗਈ। ਇਥੇ ਬਾਬਾ ਜੀ ਨੇ ਖੰਡੇ ਦੀ ਲਕੀਰ ਖਿੱਚ ਕੇ ਆਪਣੇ ਲਸ਼ਕਰ ਨੂੰ ਲਲਕਾਰਿਆ ਕਿ ਜਿਹੜਾ ਸਿੰਘ ਸ਼ਹੀਦੀ ਤੋਂ ਨਾ ਡਰਦਾ ਹੋਵੇ, ਓਹੀ ਇਸਨੂੰ ਪਾਰ ਕਰੇ ਸਾਰੇ ਸਿੰਘ ਜੈਕਾਰੇ ਛੱਡਦੇ ਹੋਏ ਲਕੀਰ ਪਾਰ ਕਰ ਗਏ। ਇਥੇ ਗੁਰਦੁਆਰਾ ਲਕੀਰ ਸਾਹਿਬ ਸੁਸ਼ੋਭਿਤ ਹੈ। ਸਿੰਘਾਂ ਦੇ ਪਹੁੰਚਣ ਦੀ ਖ਼ਬਰ ਜਾਹਾਨ ਖ਼ਾਨ ਨੂੰ ਵੀ ਲੱਗ ਗਈ ਅਤੇ ਉਹ ਵੀ ਤਕਰੀਬਨ 35000 ਦਾ ਲਸ਼ਕਰ ਲੈ ਕੇ ਸਿੰਘਾਂ ਦਾ ਮੁਕਾਬਲਾ ਕਰਨ ਲਈ ਨਿਕਲ ਪਿਆ ਅਤੇ ਦੋਵਾਂ ਫ਼ੌਜਾਂ ਦਾ ਟਾਕਰਾ ਪਿੰਡ ਗੋਹਲਵੜ੍ਹ ਦੇ ਲਾਗੇ ਹੋਇਆ।



ਘਮਸਾਨ ਯੁੱਧ ਸ਼ੁਰੂ ਹੋਇਆ ਅਤੇ ਸਿੰਘ ਦੁਸ਼ਮਣ ਨੂੰ ਪਛਾੜਦੇ ਹੋਏ ਪਿੰਡ ਚੱਬਾ ਪਾਰ ਕਰ ਗਏ। ਪਿੰਡ ਚੱਬਾ ਅਤੇ ਪਿੰਡ ਗੁਰੂਵਾਲੀ ਦੇ ਵਿਚਕਾਰ ਪਹੁੰਚਣ 'ਤੇ ਬਾਬਾ ਜੀ ਅਤੇ ਜਾਹਾਨ ਖ਼ਾਨ ਦਾ ਆਹਮੋ-ਸਾਹਮਣੇ ਘਮਸਾਨ ਮੁਕਾਬਲਾ ਹੋਇਆ, ਜਿਸ ਵਿਚ ਸਾਂਝੇ ਵਾਰ ਨਾਲ ਦੋਵਾਂ ਯੋਧਿਆਂ ਦੇ ਸਿਰ ਧੜ੍ਹਾਂ ਨਾਲੋਂ ਅਲੱਗ ਹੋ ਗਏ। ਇਹ ਦੇਖ ਕੇ ਇਕ ਨੌਜਵਾਨ ਨੇ ਬਾਬਾ ਜੀ ਨੂੰ ਅੰਮ੍ਰਿਤਸਰ ਪਹੁੰਚਣ ਦੀ ਪ੍ਰਤਿਗਿਆ ਚੇਤੇ ਕਰਵਾਈ। ਬਾਬਾ ਜੀ ਝੱਟ ਉੱਠ ਖੜ੍ਹੇ ਹੋਏ ਅਤੇ ਆਪਣਾ ਸੀਸ ਖੱਬੀ ਤਲ਼ੀ 'ਤੇ ਰੱਖ ਕੇ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਹੋਏ ਯੁੱਧ ਕਰਨਾ ਸ਼ੁਰੂ ਕਰ ਦਿੱਤਾ। ਬਿਨਾਂ ਸੀਸ ਤੋਂ ਯੁੱਧ ਹੁੰਦਾ ਵੇਖ ਕੇ ਮੁਗ਼ਲ ਫ਼ੌਜਾਂ ਵਿਚ ਭਾਜੜਾਂ ਪੈ ਗਈਆਂ ਅਤੇ ਤੁਰਕ ਬਿਨਾਂ ਯੁੱਧ ਕੀਤੇ ਹੀ ਮੈਦਾਨ ਛੱਡ ਕੇ ਤਿੱਤਰ-ਬਿੱਤਰ ਹੋ ਗਏ। ਬਾਬਾ ਜੀ ਨੇ ਯੁੱਧ ਕਰਦੇ ਹੋਏ ਅੰਮ੍ਰਿਤਸਰ ਪਹੁੰਚ ਕੇ ਆਪਣਾ ਸੀਸ ਪਰਕਰਮਾ ਵਿਚ ਭੇਟ ਕਰਕੇ ਸ਼ਹੀਦੀ ਪ੍ਰਾਪਤ ਕੀਤੀ ਅਤੇ ਗੁਰੂ ਘਰ ਵਿਚ ਜਾ ਬਿਰਾਜੇ।

ਜਿਸ ਅਸਥਾਨ 'ਤੇ ਬਾਬਾ ਜੀ ਦਾ ਸੀਸ ਧੜ੍ਹ ਨਾਲੋਂ ਅਲੱਗ ਹੋਇਆ ਸੀ, ਇਸ ਅਸਥਾਨ 'ਤੇ ਬਹੁਤ ਵੱਡੇ ਆਕਾਰ ਦਾ ਟਾਹਲੇ ਦਾ ਰੁੱਖ ਹੋਣ ਕਰਕੇ ਇਸ ਅਸਥਾਨ ਨੂੰ ਗੁਰਦੁਆਰਾ ਸ੍ਰੀ ਟਾਹਲਾ ਸਾਹਿਬ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਗੁਰਦੁਆਰਾ ਟਾਹਲਾ ਸਾਹਿਬ ਜੀ ਬਾਬਾ ਜੀ ਦੀ ਲਾਸਾਨੀ ਕੁਰਬਾਨੀ ਦੀ ਯਾਦ ਨੂੰ ਤਾਜ਼ਾ ਕਰਦਾ ਹੈ ਅਤੇ ਗੁਰਧਾਮਾਂ ਦੀ ਪਵਿੱਤਰਤਾ ਬਰਕਰਾਰ ਰੱਖਣ ਲਈ ਸਿੱਖ ਪੰਥ ਵਾਸਤੇ ਪ੍ਰੇਰਨਾ ਦਾ ਅਮੁੱਕ ਸਰੋਤ ਹੈ। ਇਸ ਪਵਿੱਤਰ ਅਸਥਾਨ ਦੀ ਕਾਰ ਸੇਵਾ ਬਾਬਾ ਦਰਸ਼ਨ ਸਿੰਘ ਜੀ ਕਰਵਾ ਰਹੇ ਹਨ।



# ਮਸ਼ਹੂਰ ਲੇਖਕ ਹਰਜੀਤ ਅਟਵਾਲ ਦੀ ਪੁਸਤਕ ਦਸ ਦਰਵਾਜ਼ੇ ’ਚੋਂ ਲੰਘਦਿਆਂ




ਐੱਸ ਬਲਵੰਤ
s.balwantuk@yahoo.co.uk

ਗਲਪਕਾਰ ਹਰਜੀਤ ਅਟਵਾਲ ਦੀ ਕਲਮ ਰਾਹੀਂ ਅੱਖਰ ਬਣ ਕਾਗਜ਼ ’ਤੇ ਉਕਰੇ ਹਰਫਾਂ ਦੁਆਰਾ “ਦਸ ਦਰਵਾਜੇ” ਨਾਂਅ ਦੀ ਪੁਸਤਕ ਦੀ ਘੋਖ ਕਰਨ ਤੋਂ ਪਹਿਲਾਂ ਮੈਂ ਸਰੋਤਿਆਂ ਤੇ ਪਾਠਕਾਂ ਮੂਹਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਕਿਸੇ ਵੀ ਚਰਨਾ ਦੇ ਅੰਦਰ ਵੜਨ ਤੋਂ ਪਹਿਲਾਂ ਉਹਦੇ ਬਾਹਰ ਵਲ ਝਾਕ ਲੈਣਾ ਬਹੁਤ ਜ਼ਰੂਰੀ ਹੈ। ਜਦੋਂ ਤੀਕ ਕੋਈ ਉੱਤਮ ਰਚਨਾ ਤੇ ਉਸ ਦੇ ਰਚੈਤਾ ਦੇ ਹਾਣ ਦਾ ਨਹੀਂ ਬਣਦਾ, ਉਦੋਂ ਤੀਕ ਉਸ ਨੂੰ ਸਮਝਣ ਤੇ ਮੁੱਲ ਪਾਉਣ ਵਾਲੀ ਤੁਹਾਡੀ ਅੱਖ ਦੀ ਸਮਰਥਾ ਅਧੂਰੀ ਹੀ ਰਹਿੰਦੀ ਹੈ। ਅੱਜ ਦੇ ਯੁਗ ਵਿਚ ਕਿਸੇ ਲੇਖਕ ਦੀ ਕਿਰਤ ਨੂੰ ਘੋਖਣ ਲਗਿਆਂ ਉਹਦੇ ਪਿਛੋਕੜ ਤੇ ਭਵਿੱਖ ਤੋਂ ਬਿਨਾਂ ਉਹਦੇ ਅੱਜ ਬਾਰੇ ਵੀ ਵਿਸਥਾਰ ਨਾਲ ਜਾਨਣਾ ਜ਼ਰੂਰੀ ਹੈ ਤੇ ਤਦ ਹੀ ਤੁਸੀਂ ਉਸ ਦੀ ਰਚਨਾ ਨੂੰ ਪੜ੍ਹਨ ਤੇ ਮਾਨਣ ਦਾ ਅਨੰਦ ਲੈ ਸਕਦੇ ਹੋ। ਇਸ ਦਾ ਇਕ ਕਾਰਨ ਹੋਰ ਵੀ ਹੈ ਕਿ ਹਰ ਰਚਨਾ ਰਾਹੀਂ ਉਸ ਦਾ ਕਰਤਾ ਆਪਣੇ ਸ਼ਬਦਾਂ ਦੀ ਬੁਣਤਰ ਰਾਹੀਂ ਸਮਾਜ ਵਿਚ ਵਾਪਰ ਰਹੀ ਕਿਸੇ ਕੁਰੀਤੀ, ਇਤਿਹਾਸ ਜਾਂ ਸਮਾਜ ਵਿਚ ਲੁਕੀ ਹੋਈ ਕੋਈ ਘਟਨਾ ਜਾਂ ਆਉਣ ਵਾਲੇ ਸਮੇਂ ਵਿਚ ਵਾਪਰਨ ਵਾਲੀ ਕੋਈ ਬਿਪਤਾ ਜਾਂ ਖੁਸ਼ੀ ਬਾਰੇ ਟਿਪਣੀ ਕਰਦਾ ਹੈ। ਉਂਜ ਵੀ ਮੇਰੀ ਜਾਚੇ ਜੇ ਕਿਸੇ ਵੀ ਯੁਗ ਦਾ ਇਤਿਹਾਸ ਜਾਂ ਸਭਿਆਚਾਰ ਸਹੀ ਅਰਥਾਂ ਵਿਚ ਜਾਨਣਾ ਜਾਂ ਸਮਝਣਾ ਹੋਵੇ ਤਾਂ ਉਸ ਯੁਗ ਦੇ ਸਾਹਿਤ ਦੀ ਘੋਖ ਉਸ ਸਮੇਂ ਦੇ ਸਾਹਿਤ ਦੇ ਹਾਣ ਦਾ ਬਣਕੇ ਹੀ ਕੀਤੀ ਜਾ ਸਕਦੀ ਹੈ, ਨਹੀਂ ਤਾਂ ਪਾਠਕ ਦਾ ਇਤਿਹਾਸ ਜਾਂ ਸਭਿਆਚਾਰ ਦੀਆਂ ਪੁਸਤਕਾਂ ਵਿਚੋਂ ਗ੍ਰਹਿਣ ਕੀਤਾ ਹੋਇਆ ਗਿਆਨ ਅਧੂਰਾ ਹੀ ਹੋਵੇਗਾ। ਇਸੇ ਕੜੀ ਵਿਚ ਹਰਜੀਤ ਅਟਵਾਲ ਦੀ ਵਿਚਾਰਕ ਡੂੰਘ ਵਿਚ ਉਤਰਨ ਲਈ ਦਸ ਦਰਵਾਜ਼ੇ ਦਾ ਪਾਠ ਕਰਨਾ ਜ਼ਰੂਰੀ ਹੈ। ਇਸੇ ਲਈ ਅੱਜ ਜਦੋਂ ਅਸੀਂ ਉਪਰੋਕਤ ਦਰਜ ਪੁਸਤਕ ਦੀ ਘੋਖ ਕਰਨ ਲੱਗੇ ਹਾਂ ਤਾਂ ਇਸ ਵਿਚੋਂ ਮਿਲਦੇ ਸੁਨੇਹੇ ਦੀਆਂ ਤੰਦਾਂ ਨੂੰ ਅੱਜ ਦੇ ਇਤਿਹਾਸ ਜਾਂ ਸਭਿਆਚਾਰਕ ਵਰਤਾਰੇ ਨੂੰ ਇਸ ਨਾਲ ਜੋੜ ਕੇ ਵੇਖਦਿਆਂ ਇਸ ਦੀ ਵਧੇਰੇ ਸਮਝ ਪੈ ਸਕਦੀ ਹੈ।

ਹਰਜੀਤ ਅਟਵਾਲ ਇਕ ਸੁਲਝਿਆ ਹੋਇਆ ਤੇ ਇਹਨਾਂ ਸਾਰੀਆਂ ਗੱਲਾਂ ਨੂੰ ਸਮਝਣ ਵਾਲਾ ਕਰਤਾ ਹੈ ਜਿਸ ਦੀ ਕੋਈ ਵੀ ਰਚਨਾ ਜਦ ਕਟਾਖਸ਼ ਕਰਦੀ ਹੈ ਤਾਂ ਉਹ ਸਿੱਧੀ ਦਿਲ ਤੇ ਦਿਮਾਗ ਵਿਚ ਆਪਣੀ ਥਾਂ ਬਣਾ ਲੈਂਦੀ ਹੈ। ਹਰਜੀਤ ਦੀ ਇਕ ਖੂਬਸੂਰਤੀ ਇਹ ਵੀ ਹੈ ਕਿ ਉਹ ਆਪਣੀ ਗੱਲ ਕਹਿਣ ਲੱਗਿਆਂ ਵਰਤੀ ਭਾਸ਼ਾ ਬਾਰੇ ਚੇਤੰਨ ਰਹਿੰਦਾ ਹੈ। ਇਹ ਸ਼ਬਦਾਂ ਨੂੰ ਲਿਖਦਾ ਨਹੀਂ ਬਲਕਿ ਉਹਨਾਂ ਨਾਲ ਖੇਡਦਾ ਹੈ। ਇਹ ਗੱਲ ਕਹਿੰਦਿਆਂ ਮੈਨੂੰ ਬਲਵੰਤ ਗਾਰਗੀ ਦੀ ਉਹ ਗੱਲ ਚੇਤੇ ਆ ਰਹੀ ਹੈ, ਜਿਸ ਨੂੰ ਉਹ ਅਕਸਰ ਕਿਹਾ ਕਰਦਾ ਸੀ ਕਿ ਹਰ ਅੱਛਾ ਲੇਖਕ ਇਕ ਘੁਮਿਆਰ ਵਾਂਗ ਹੈ। ਉਸ ਨੂੰ ਚੀਕਨੀ ਮਿੱਟੀ ਦੇ ਦਿਓ ਤੇ ਜਿਸ ਤਰ੍ਹਾਂ ਦਾ ਚਾਹੋ ਵਰਤਨ ਬਣਵਾ ਲਵੋ ਤਾਂਕਿ ਇਸ ਬਰਤਨ ਵੱਲ ਜਦੋਂ ਵੀ ਦੇਖੋ ਤਾਂ ਸਕੂਨ ਵੀ ਪ੍ਰਾਪਤ ਹੋਵੇ ਤੇ ਮਾਣ ਵੀ ਮਹਿਸੂਸ ਹੋਵੇ, ਕਿਉਂਕਿ ਉਹ ਤੁਹਾਡੀ ਅੱਖ ਦੀ ਲੱਭਤ ਹੋਵੇਗੀ। ਮੈਂ ਇਥੇ ਇਹ ਵੀ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਅੱਜ ਬਹੁਤ ਭਰਪੂਰ ਕਿਸਮ ਦਾ ਰਿਵਾਜ਼ ਹੋਂਦ ਪਕੜ ਚੁਕਾ ਕਿ ਪੁਸਤਕ ਦੀ ਆਲੋਚਨਾ ਕਰਨ ਲਗਿਆਂ ਅਕਾਦਮਿਕ ਆਧਾਰਾਂ ਨੂੰ ਲੈ ਕੇ ਹੀ ਉਹਦੀ ਮਿਣਤੀ ਮਿਥੇ ਹੋਏ “ਮੀਟਰਾਂ” ਵਿਚ ਕੀਤੀ ਜਾਵੇ, ਪਰ ਚਾਹੀਦਾ ਇਹ ਹੈ ਕਿ ਹਰ ਰਚਨਾ ਨੂੰ ਇਕ ਪਾਠਕ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤੇ ਉਸ ਦੇ ਸਮਾਜਕ ਪਰਭਾਵਾਂ ਨੂੰ ਮਹਿਸੂਸ ਕਰਦਿਆਂ ਉਸ ਪੁਸਤਕ ਨੂੰ ਉਸ ਦੇ ਸਹੀ ਪਾਠਕ ਨਾਲ ਮਿਲਾਇਆ ਜਾ ਸਕੇ। ਤੇ ਇਸੇ ਕਰਕੇ ਮੈਂ ਇਸ ਪੁਸਤਕ ਨੂੰ ਘੋਖਣ ਲਗਿਆਂ ਇਕ ਪਾਠਕ ਵਜੋਂ ਹੀ ਤੁਹਾਡੇ ਸਨਮੁੱਖ ਹਾਂ। ਮੇਰੇ ਇਸ ਯਤਨ ਨਾਲ ਵਿਚਾਰ ਵੀ ਮੇਰੀ ਸੋਚ ਦਾ ਆਧਾਰ ਬਣ ਜਾਂਦੀ ਹੈ ਜੋ ਕਿ ਲਾਇਬ੍ਰੇਰੀ ਸਾਇੰਸ ਦੇ ਭੀਸ਼ਮ ਪਿਤਾਮਾ ਸ੍ਰੀ ਰੰਗਾਨਾਥਨ ਨੇ ਆਖੀ ਸੀ ਕਿ ਲਾਇਬਰੇਰੀ ਸਿਸਟਮ ਉਹ ਸਥਾਪਤ ਹੋਣਾ ਚਾਹੀਦਾ ਜਿਸ ਰਾਹੀਂ “ਹਰ ਪਾਠਕ ਨੂੰ ਉਸ ਦੀ ਪੁਸਤਕ ਮਿਲੇ ਤੇ ਹਰ ਪੁਸਤਕ ਨੂੰ ਉਹਦਾ ਪਾਠਕ!” ਜਦੋਂ ਅਸੀਂ ਅਜਿਹੀ ਗੱਲ ਕਰਦੇ ਹਾਂ ਤਾਂ ਸੀ. ਰੰਗਾਨਾਥਨ ਦਾ ਇਹ ਸੁਪਨਾ ਵੀ ਪੂਰਾ ਹੁੰਦਾ ਕਿਉਂਕਿ ਅਸੀਂ ਅਜਿਹੀ ਸਮੀਖਿਆ ਰਾਹੀਂ ਪੁਸਤਕ ਨੂੰ ਪਾਠਕ ਦੇ ਨੇੜੇ ਲਿਆਉਣ ਵਿਚ ਵੀ ਸਹਾਈ ਹੋਵਾਂਗੇ ।

ਹੁਣ ਜੇ ਅਸਲ ਨੁਕਤੇ ਉਪਰ ਆਈਏ ਤਾਂ ਮਹਿਸੂਸ ਹੁੰਦਾ ਕਿ ਹਥਲੀ ਪੁਸਤਕ ਨਿਵੇਕਲੀ ਤੇ ਆਪਣੇ ਆਪ ਵਿਚ ਇਕ ਸੰਪੂਰਨ ਗਰੰਥ ਹੈ। ਇਹ ਅੱਜ ਦੇ ਸਮੁੱਚੇ ਸਮਾਜ ਵਿਚ ਔਰਤ-ਮਰਦ ਦੇ ਰਿਸ਼ਤੇ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਲੇਖਕ ਨੇ ਵੱਖਰੇ ਵੱਖਰੇ ਸਭਿਆਚਾਰਾਂ ’ਚ ਵਿਚਰ ਰਿਹਾ ਇਨਸਾਨ, ਸਮਾਜਕ ਮਖੌਟੇ, ਉਸ ਵਿਚਲੀਆਂ ਮਨੁਖੀ ਤਾਂਘਾਂ, ਵੱਖ ਵੱਖ ਰੰਗਾਂ ਦੀ ਚਮੜੀ ਦੇ ਅੰਦਰ ਧੜਕ ਰਹੇ ਦਿਲ, ਸਮਾਜਕ ਪਰਬੰਧਾਂ— ਯਾਣੀ ਔਰਤ-ਮਰਦ ਦੇ ਸੰਪੂਰਣ ਰਿਸ਼ਤਿਆਂ ’ਚੋਂ ਗਾਇਬ ਤੇ ਉਪਲੱਭਧ ਤੰਦਾਂ ਨੂੰ ਕੁਝ ਇਸ ਤਰ੍ਹਾਂ ਪਰੋ ਕੇ ਪੇਸ਼ ਕੀਤਾ ਹੈ ਕਿ ਇਸ ਨੂੰ ਕਹਾਣੀਆਂ ਵਾਂਗ ਵੀ ਪੜ੍ਹਿਆ ਜਾ ਸਕਦਾ ਹੈ ਤੇ ਨਾਵਲ ਵਾਂਗ ਵੀ।

ਜਿਵੇਂ ਕਿ ਸਭ ਨੂੰ ਪਤਾ ਹੀ ਹੈ ਕਿ ਇਸ ਪੁਸਤਕ ਦਾ ਲੇਖਕ ਹਰਜੀਤ ਅਟਵਾਲ ਆਪਣੀ ਕਲਮ ਰਾਹੀਂ ਲਗਭਗ ਢਾਈ ਦਰਜਨ ਪੁਸਤਕਾਂ ਪ੍ਰਦਾਨ ਕਰਦਿਆਂ ਆਪਣੀ ਲੇਖਣੀ ਦਾ ਆਧਾਰ ਤੇ ਸਿੱਕਾ ਜਮਾ ਚੁਕਾ ਹੈ। ਤੇ ਜਦੋਂ ਕੋਈ ਇਸ ਮੁਕਾਮ ਤੇ ਪੁੱਜਦਾ ਹੈ ਤਾਂ ਉਸ ਦੇ ਸਮਕਾਲੀ ਲੇਖਕਾਂ, ਨਵੇਂ ਪਾਠਕਾਂ, ਅਧਿਆਪਕਾਂ, ਸਮੀਖਿਆਕਾਰਾਂ ਤੇ ਵਿਦਿਆਰਥੀਆਂ ਵਿਚ ਇਹ ਉਤਸੁਕਤਾ ਜਾਗਦੀ ਹੈ ਕਿ ਲੇਖਕ ਆਪਣੀ ਰਚਨਾ ਦਾ ਨਿਰਮਾਣ ਕਿਵੇਂ ਕਰਦਾ ਹੈ। ਉਹ ਪਾਤਰਾਂ ਦੀ ਪਛਾਣ, ਉਸ ਵਿਚ ਲੁਕੇ ਹੋਏ ਤੇ ਅਣਛੋਹੀਆਂ ਖਾਹਸ਼ਾਂ ਦੀ ਪਹਿਚਾਣ ਤੇ ਉਨ੍ਹਾਂ ਦਾ ਆਪਣੀ ਰਚਨਾ ਵਿਚ ਨਿਰਮਾਣ ਕਿਵੇਂ ਕਰਦਾ, ਉਹਨਾਂ ਨੂੰ ਆਪਣੀ ਰਚਨਾ ਦੇ ਫਰੇਮ ਵਿਚ ਕਿਵੇਂ ਜੜਦਾ ਹੈ ਨੂੰ ਜਾਣਿਆਂ ਜਾਵੇ ਪਰ ਹਰਜੀਤ ਦੀ ਬੇਵਾਕੀ ਇਹ ਹੈ ਕਿ ਉਸ ਨੇ ਸ਼ੁਰੂ ਵਿਚ ਹੀ ਤੇ ਦੋਸਤਾਨਾ ਲਹਿਜ਼ੇ ਵਿਚ ਜ਼ਾਤੀ ਤੌਰ ’ਤੇ ਸਵੀਕਾਰ ਕੀਤਾ ਹੈ ਕਿ ਦਸ ਦਰਵਾਜ਼ੇ ਵਿਚ ਦਰਜ ਦਸ ਸੁਆਣੀਆਂ ਦਾ ਉਸ ਦੀ ਜ਼ਾਤੀ ਜ਼ਿੰਦਗੀ ਵਿਚ ਕਿੰਨਾ ਤੇ ਕਿਵੇਂ ਦਖਲ ਰਿਹਾ ਤੇ ਉਸ ਨੇ ਉਨ੍ਹਾਂ ਨੂੰ ਆਪਣੀਆਂ ਰਚਨਾਵਾਂ ਦੇ ਫਰੇਮ ਵਿਚ ਕਿਵੇਂ ਜੜਿਆ ਹੈ, ਭਾਵੇਂ ਉਹ ਰੇਣੂਕਾ ਹੋਵੇ, ਭਾਵੇਂ ਨਿਸੋਰਾ, ਭਾਵੇਂ ਐਨੀਆਂ, ਜੈਕਲੀਨ ਜਾਂ ਹੋਰ। ਇਸ ਪੁਸਤਕ ਵਿਚ ਹਰਜੀਤ ਅਟਵਾਲ ਨੇ ਉਹਨਾਂ ਦਾ ਅਸਲ ਜ਼ਿੰਦਗੀ ਵਿਚ ਆਪਣੇ ਨਾਲ ਗੰਢ-ਤੁਰਪ ਕੀਤੇ ਸਬੰਧਾਂ ਤੇ ਉਹਨਾਂ ਵਿਚੀਂ ਵਿਚਰਦਿਆਂ ਬਹੁਤ ਖੂਬੀ ਨਾਲ ਤੇ ਵਿਸਥਾਰ ਨਾਲ ਜ਼ਿਕਰ ਕੀਤਾ ਹੈ ਤੇ ਨਾਲ ਨਾਲ ਪਾਠਕਾਂ ਦੀ ਦਿਲਚਸਪੀ ਲਈ ਭਾਸ਼ਾ ਤੇ ਸ਼ਬਦਾਂ ਦੀ ਚੋਣ ਵੀ ਐਸੀ ਕੀਤੀ ਹੈ ਜਿਵੇਂ ਉਹ ਜ਼ਿੰਦਗੀ ਨਾਲ ਖੇਡਦਾ, ਦੋਸਤਾਂ ਨਾਲ ਠੱਠੇ ਕਰਦਾ, ਆਪਣੀ ਰਚਨਾ ਵਿਚ ਸ਼ਬਦਾਂ ਤੇ ਪਾਤਰਾਂ ਦੇ ਵਰਤਾਰੇ ਨਾਲ ਇਸ਼ਕ ਕਰਦਾ ਤੇ ਉਹਦੇ ਵਿਚੋਂ ਇਕ ਐਸਾ ਬਰਤਨ ਤਿਆਰ ਕਰ ਦਿੰਦਾ ਹੈ ਕਿ ਜਿਹੜਾ ਸਾਨੂੰ ਸੋਹਣਾ ਵੀ ਲਗਦਾ ਹੈ ਤੇ ਜੇ ਵਰਤੀਏ ਤਾਂ ਠੰਡੇ ਪਾਣੀ ਦਾ ਅਹਿਸਾਸ ਵੀ ਦਿੰਦਾ ਹੈ। ਇਸ ਵਿਚ ਇਕ ਹੋਰ ਖੂਬਸੂਰਤ ਗੱਲ ਇਹ ਵੀ ਹੈ ਕਿ ਭਾਵੇਂ ਉਹ ਖੁਦ ਲਚਕੀਲੇ ਸੁਭਾਅ ਦਾ ਵਿਅਕਤੀ ਹੈ ਪਰ ਆਪਣੇ ਅਸਲ ਮਕਸਦ ਤੇ ਅੜੇ ਰਹਿਣਾ ਵੀ ਉਸ ਦੇ ਸੁਭਾਅ ਦਾ ਹਿੱਸਾ ਬਣਦਾ ਹੈ, ਮਸਲਨ ਰੇਣੂਕਾ ਨਾਲ ਉਹ ਆਪਣੇ ਰਿਸ਼ਤੇ ਬਾਰੇ ਵਿਸਥਾਰ ਕਰਦਾ ਹੈ ਤਾਂ ਸਿਧ ਕਰਦਾ ਕਿ ਉਸ ਨੇ ਤਾਂ ਕਦੇ ਉਸ ਨਾਲ ਰਿਸ਼ਤੇ ਨੂੰ ਕੋਈ ਨਾਂਅ ਹੀ ਨਹੀਂ ਦਿਤਾ। ਰੇਣੂਕਾ ਨਾਲ ਮੁਲਾਕਤ ਤੇ ਬਣੇ ਸੰਬੰਧ ਉਨ੍ਹਾਂ ਦੀ ਜ਼ਿਦਗੀ ਵਿਚ ਇਕ ਪੜਾਅ ਵਜੋਂ ਹੀ ਆਏ, ਭਾਵੇਂ ਉਨ੍ਹਾਂ ਦਾ ਅਨੁਭਵ ਦੋਹਾਂ ਨੂੰ ਹੀ ਨਹੀਂ ਸੀ ਪਰ ਕਿਸੇ ਨਾ ਕਿਸੇ ਖੂੰਜੇ ਵਿਚ ਪਈ ਤਾਂਘ ਵਾਂਗ ਲੁਕੇ ਹੋਏ ਆਪਣੇ ਭਖਣ ਦੀ ਉਦੀਖ ਕਰ ਰਹੇ ਹੋਣ। ਉਹ ਦੋਵੇਂ ਉਹਨਾਂ ਪਲਾਂ ਨੂੰ ਜਿਉਂਦਿਆਂ ਉਹ ਓਨ੍ਹਾਂ ’ਚ ਗੜੁੰਦ ਤਾਂ ਹੁੰਦੇ ਹੀ ਹਨ ਪਰ ਉਹ ਛੱਪੜ ਦੇ ਪਾਣੀ ਵਾਂਗ ਖੜੋਤ ਸਵੀਕਾਰ ਨਹੀਂ ਕਰਦੇ। ਸਗੋਂ ਜੀਵਨ ਦੀ ਨਿਰੰਤਰਤਾ ਨੂੰ ਲੈ ਅਗਾਂਹ ਤੁਰਦੇ ਹਨ। ਇਥੇ ਲੇਖਕ ਜ਼ਿਕਰ ਵੀ ਕਰਦਾ ਹੈ ਕਿ ਜਦ ਰੇਣੂਕਾ ਦਾ ਰਿਸ਼ਤਾ ਰਜੇਸ਼ ਨਾਲ ਹੋਣ ਲਗਦਾ ਹੈ ਤਾਂ ਰੇਣੂਕਾ ਨੂੰ ਉਸ ਦਾ ਕਾਲਾ ਰੰਗ ਪਸੰਦ ਨਹੀਂ ਹੈ ਤੇ ਉਹ ਆਪਣੀ ਮਾਂ ਨੂੰ ਇਹ ਕਹਿ ਕੇ ਕਟਾਖਸ਼ ਵੀ ਕਰਦੀ ਹੈ “ਕੱਲ੍ਹ ਨੂੰ ਜੇ ਮੈਨੂੰ ਕੋਈ ਗੋਰਾ-ਚਿੱਟਾ ਮਰਦ ਮਿਲ ਗਿਆ ਤਾਂ ਮੈਂ ਉਹਦੇ ਨਾਲ ਭੱਜ ਜਾਣਾਂ।” ਫਰ ਉਸ ਦੀ ਮਾਂ ਰੇਣੂਕਾ ਨੂੰ ਇਹ ਕਹਿ ਕੇ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਕਿ “ਕੀ ਪਤਾ ਉਸ ਗੋਰੇ-ਚਿੱਟੇ ਨਾਲ ਵੀ ਤੂੰ ਖੁਸ਼ ਰਹਿ ਸਕੇਂ ਜਾਂ ਨਾ।”

ਰੇਣੂਕਾ ਨੂੰ ਆਪਣੇ ਪਤੀ ਨਾਲ ਰਹਿੰਦਿਆਂ ਮਨੁੱਖੀ ਸਬੰਧਾਂ ਦੇ ਅਨੰਦ ਦਾ ਅਹਿਸਾਸ ਹੈ ਹੀ ਨਹੀਂ। ਪਹਿਲਾਂ ਉਹ ਰੰਗਾਂ ਤੇ ਨਕਸ਼ਾਂ ਨੂੰ ਹੀ ਸਭ ਕੁਝ ਸਮਝਦੀ-ਮਾਪਦੀ ਰਹੀ ਪਰ ਜਦ ਉਸ ਨੂੰ ‘ਮੈਂ’ ਪਾਤਰ ਨਾਲ ਸਬੰਧ ਬਣਾ ਕੇ ਸੁਖਦ ਅਨੰਦ ਪ੍ਰਾਪਤ ਹੋਇਆ ਤਾਂ ਉਸੇ ਨਾਲ ਰਿਸ਼ਤਾ ਬਣਾ ਉਨ੍ਹਾਂ ਦੇ ਅਗਾਂਹ ਤੁਰਨ ਵਾਲੇ ਸਾਰੇ ਰਾਹ ਖੰਡਤ ਸਨ। ਇਸ ਸਫਰ ਵਿਚ ਇਕੱਠੇ ਤੁਰਨ ਵਿਚ ਰੁਕਾਵਟ ਤਾਂ ਸੀ ਹੀ ਪਰ ਰੇਣੂਕਾ ਨੇ ਭਾਵੇਂ ਅਣਜਾਣੇ ਵਿਚ ਹੀ ਇਸ ਰਿਸ਼ਤੇ ਦੀ ਨਿਸ਼ਾਨੀ ਵਜੋਂ ਇਕ ਪੁੱਤਰ ਵੀ ਪ੍ਰਾਪਤ ਕਰ ਲਿਆ ਪਰ ਉਸ ਪੁੱਤਰ ਦਾ ਇਹ ਵਕੀਲ ਪਿਤਾ ਜੋ ਹੁਣ ਇੰਗਲੈਂਡ ਜਾ ਵਸਿਆ ਮੁੜ ਕੇ ਉਸ ਦੀ ਨਜ਼ਰੀਂ ਹੀ ਨਹੀਂ ਪਿਆ। ਰੇਣੂਕਾ ਨਾਲ ਅਜਿਹੇ ਸੰਬੰਧਾਂ ਦੀ ਤੋਰ ਇਸ ਕਿਤਾਬ ਦਾ ਪਹਿਲਾ ਦਰਵਾਜ਼ਾ ਹੈ ਜਿਸ ਦਾ ਸਿਰਲੇਖ ਹੈ; ‘ਮੈਂ ਤੈਨੂੰ ਮੁਖਾਤਬ ਹਾਂ’।

ਇਸੇ ਤਰ੍ਹਾਂ ਇਸ ਪੁਸਤਕ ’ਚ ਅਗਲਾ ਦਰਵਾਜ਼ਾ ਹੈ, ‘ਜੇ ਤੇਰੇ ਕੰਮ ਆ ਸਕਾਂ!’। ਇਸ ਵਿਚ ਹਰਜੀਤ ‘ਮੈਂ’ ਪਾਤਰ ਨਿਸੋਰਾ ਨਾਂਅ ਦੀ ਕਾਲੀ ਕੁੜੀ ਨਾਲ ਬਣੇ ਆਪਸੀ ਸੰਬੰਧਾਂ ਦਾ ਜ਼ਿਕਰ ਕਰਦਾ ਹੈ। ਲੇਖਕ ਇਥੇ ਨਿਸੋਰਾ ਪਾਤਰ ਰਾਹੀਂ ਇਕ ਵਖਰੇ ਮਹੌਲ, ਇਕ ਵਖਰੇ ਸਭਿਆਚਾਰ ਤੇ ਇਕ ਅਲੱਗ ਦੁਨੀਆਂ ਦੇ ਦਰਸ਼ਨ ਕਰਾਉਂਦਾ ਹੈ। ਆਪੋ ਆਪਣੇ ਦੇਸ਼ਾਂ ਵਿਚੋਂ ਉਜੜ ਕੇ ਆਏ ਇਨਸਾਨ, ਕਾਲਾ ਸ਼ਾਹ ਰੰਗ ਹੁੰਦਿਆਂ ਵੀ ਇਕ ਵਿਸ਼ਾਲ ਸਾਗਰ ਵਰਗਾ ਦਿਲ ਰਖਦੇ ਹਨ। ਸਮੇਂ ਦੇ ਥਪੇੜੇ ਖਾਂਦੇ ਵੀ ਉਹ ਆਪਣੀਆਂ ਤਾਂਘਾਂ ਦੀ ਪੂਰਤੀ ਚਾਹੁੰਦੇ ਹਨ। ਇਸ ਅਧਿਆਏ ਵਿਚ ਨਿਸੋਰਾ ਦੀ ਤੜਪ ਹੈ, ਸਮੁੰਦਰੋਂ ਡੂੰਘਾ ਦਿਲ ਹੈ। ਉਸ ਦੀ ਅਣਖ ਤੇ ਅੜੀ ਨੂੰ ਕੋਈ ਰੱਤੀ ਭਰ ਵੀ ਹਿਲਾ ਸਕਦਾ ਪਰ ਮਹੁੱਬਤ ਖਾਤਰ ਉਹ ਕੁਝ ਵੀ ਕਰ ਸਕਦੀ ਹੈ। ਇਸ ਲਈ ਉਹ ਆਪਣੀ ਹੋਂਦ ਦੀ ਵੀ ਪਰਵਾਹ ਨਹੀਂ ਕਰਦੀ। ਲਵੀ ਨੂੰ ਉਹ ਅਥਾਹ ਪਿਆਰ ਕਰਦੀ ਹੈ ਕਿਉਂਕਿ ਉਸ ਵਿਚੋਂ ਉਸ ਨੂੰ ਉਹ ਸੱਚਾ-ਸੁੱਚਾ ਇਨਸਾਨ ਮਿਲਦਾ ਹੈ ਜਿਸ ਦੀ ਉਸ ਨੂੰ ਹਮੇਸ਼ਾ ਤਾਲਾਸ਼ ਰਹੀ ਹੈ। ਪਰ ਉਸ ਦੇ ਸਮਾਜ ਵਿਚਲੇ ਕਾਲੇ ਲੋਕਾਂ ਦੇ ਏਸ਼ੀਅਨ ਲੋਕਾਂ ਲਈ ਭਰੀ ਕੁੜੱਤਣ ਕਾਰਨ ਉਹ ਲਵੀ ਨਾਲ ਤੁਰਨ ਵਿਚ ਅਸਮਰਥ ਹੈ। ਨਿਸੋਰਾ ਲਵੀ ਦੇ ਨਾਲ ਹੀ ਕੰਮ ਕਰਦੀ ਹੈ ਪਰ ਉਸ ਦਾ ਕੰਮ ਸਫਾਈ ਤੇ ਪੋਚੇ ਲਾਉਣ ਦਾ ਹੈ। ਉਹ ਹਰ ਵੇਲੇ ਆਪਣੇ ਆਪ ਨੂੰ ਕੰਮ ਵਿਚ ਮਸਰੂਫ ਰੱਖਦੀ ਹੈ। ਲੇਖਕਕਾਲੇ ਰੰਗ ਦੀ ਨਿਸੋਰਾ ਦੀ ਖੂਬਸੂਰਤੀ ਦਾ ਬਿਆਨ ਕਰਦਾ ਉਸ ਦੇ ਚਿੱਟੇ ਦੰਦਾਂ ਦੀ ਉਦਾਹਰਣ ਦੇ ਕੇ ਉਸ ਦੇ ਅੰਦਰਲੀ ਖੂਬਸੂਰਤੀ ਦਾ ਇਜ਼ਹਾਰ ਕਰ ਜਾਂਦਾ ਹੈ। ਪਾਠਕ ਨਿਸੋਰਾ ਦੇ ਭਰਵੇਂ ਤੇ ਪਤਲੇ ਜਿਸਮ ਦਾ ਜ਼ਿਕਰ ਪੜ੍ਹ ਜਿਥੇ ਉਸ ਦੀ ਆਪਣੇ ਮਨ ਵਿਚ ਤਸਵੀਰ ਬਨਾਉਣ ਲਗਦਾ ਹੈ ਪਰ ਪੜ੍ਹਦਾ ਪੜ੍ਹਦਾ ਉਸ ਦੀ ਜ਼ਿੰਦਗੀ ਦੀ ਗਾਥਾ ਸੁਣ ਕੇ ਦੰਗ ਰਹਿ ਜਾਂਦਾ ਹੈ। ਅਨਾਥ ਆਸ਼ਰਮ ਵਿਚ ਪਲੀ ਨਿਸੋਰਾ ਨੂੰ ਪਤਾ ਹੀ ਨਹੀਂ ਉਸ ਦੇ ਮਾਂ-ਬਾਪ ਕੌਣ ਸਨ। ਉਸ ਨੂੰ ਉਹ ਦਰਦ ਕਦੇ ਨਹੀਂ ਭੁੱਲਦਾ ਜੋ ਉਸ ਦੇ ਪੱਟਾਂ ਵਿਚਕਾਰਲੇ ਅੰਗ ਵਿਚ ਮਰਦਾਵਾਂ ਅੰਗ ਦਾਖਲ ਹੋਣ ਸਮੇਂ ਪਹਿਲੀ ਵੇਰ ਹੁੰਦਾ ਹੈ। ਪਹਿਲੀ ਵਾਰ ਇਹ ਬਹੁਤ ਅਸਹਿ ਹੈ ਪਰ ਅਗਾਂਹ ਚੱਲ ਕੇ ਉਸ ਨਾਲ ਇਹ ਵਰਤਾਰਾ ਆਮ ਹੋਣ ਲਗਦਾ ਹੈ। ਮਰਦਾਵੇਂ ਸਮਾਜ ਵਿਚ ਉਸ ਦਾ ਵਾਰ ਵਾਰ ਸਰੀਰਕ ਸ਼ੋਸ਼ਣ ਹੁੰਦਾ ਹੈ ਜਿਸ ਨੂੰ ਪੜ੍ਹਦਿਆਂ ਕਈ ਪ੍ਰਸ਼ਨ ਸੁਭਾਵਿਕ ਹੀ ਖੜੇ ਹੋ ਜਾਂਦੇ ਹਨ ਜਿਹਨਾਂ ਵਿਚੋਂ ਦਿੱਲੀ ਦੇ ਦੰਗਿਆਂ ਵਿਚ ਅਨਾਥ ਹੋਈਆਂ ਕੁੜੀਆਂ ਦੀ ਸਥਿਤੀ ਵਲ ਇਸ਼ਾਰਾ ਵੀ ਮਿਲਦਾ ਹੈ ਤੇ ਰਾਜਨੀਤਕ ਉੱਥਲ-ਪੁਥੱਲ ਵਿਚ ਔਰਤ ਤੇ ਬੱਚੇ ਦਾ ਵਿਕਟਿਮ ਹੋਣਾ, ਸਭ ਤੋਂ ਵਧ ਚੇਤੇ ਕਰਾਉਂਦਾ ਹੈ। ਅਨਾਥ ਆਸ਼ਰਮ ਦੇ ਸਾਰੇ ਮਰਦ ਨਿਸੋਰਾ ਵਰਗੀਆਂ ਦਾ ਸ਼ੋਸ਼ਣ ਕਰਦੇ ਕਰਦੇ ਅਗਾਂਹ ਉਸ ਨੂੰ ਕਿਸੇ ਅਮੀਰ ਨੂੰ ਵੇਚ ਕੇ ਉਹਨਾਂ ਤੋਂ ਆਪਣਾ ਪਿੱਛਾ ਛੁਡਵਾ ਲੈਂਦੇ ਹਨ। ਪਰ ਕਈ ਵਾਰ ਐਸੀਆਂ ਕੁੜੀਆਂ ਦੇ ਖਰੀਦਦਾਰ ਚੰਗੇ ਵੀ ਹੁੰਦੇ ਹਨ। ਉਹ ਉਹਨਾਂ ਤੋਂ ਜਿਸਮਾਨੀ ਭੁੱਖ ਤਾਂ ਪੂਰੀ ਕਰਦੇ ਹਨ ਪਰ ਉਹਨਾਂ ਨਾਲ ਵਿਵਹਾਰ ਵੀ ਚੰਗਾ ਕਰਦੇ ਹਨ। ਭਾਵੇਂ ਇਹ ਸਬੰਧ ਸਮਾਜ ਤੋਂ ਛੁਪੇ ਰਹਿੰਦੇ ਹਨ ਕਿਉਂਕਿ ਉਹ ਉਹਨਾਂ ਨੂੰ ਕਾਗਜ਼ਾਂ ਵਿਚ ਧੀਆਂ ਵਜੋਂ ਅਡੋਪਟ ਕਰ ਕੇ ਲਿਆਏ ਹੁੰਦੇ ਹਨ। ਇਹ ਦ੍ਰਿਸ਼ ਪੜ੍ਹਦਿਆਂ ਪਾਠਕ ਅੰਦਰ ਤੀਕ ਝੰਜੋੜਿਆ ਜਾਂਦਾ ਹੈ ਤੇ ਉਸ ਦੀ ਇਮਾਨਦਾਰੀ ਦੀ ਤਰਾਹ ਨਿਕਲਣੀ ਵੀ ਸੁਭਾਵਿਕ ਹੋ ਜਾਂਦੀ ਹੈ। ਇਸ ਤਰ੍ਹਾਂ ਜੇ ਅਸੀਂ ਨਿਸੋਰਾ ਦੀ ਸੰਪੂਰਨ ਜ਼ਿੰਦਗੀ ਤੇ ਝਾਤ ਪਾਈਏ ਤਾਂ ਉਹ ਇਕ ਖਿਡੌਣੇ ਤੇ ਇਕ ਜਾਨਵਰ ਤੋਂ ਵਧ ਕੁਝ ਵੀ ਨਹੀਂ। ਉਸ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਕਿਥੇ ਜੰਮੀ, ਕਿਹਨਾਂ ਦੇ ਘਰ ਜੰਮੀ, ਕਿਹਦੇ ਕਿਹਦੇ ਨਾਲ ਸੁੱਤੀ, ਕਿਹਨੇ ਕਿਹਨੇ ਉਸ ਨੂੰ ਰੌਂਦਿਆ ਤੇ ਰੋਟੀ ਦੇ ਟੁਕੜੇ ਮੂਹਰੇ ਸੁੱਟ ਦਿਤੇ। ਇਸ ਤਰ੍ਹਾਂ ਵਿਚਰਦੀ ਉਹ ਜਦ ‘ਮੈਂ’ ਪਾਤਰ ਦੀਆਂ ਅੱਖਾਂ ਮੂਹਰੇ ਵਿਚਰਦੀ ਹੈ ਤਾਂ ਉਸ ਦੀਆਂ ਅੱਖਾਂ ਵਿਚ ਵੀ ਇਕ ਚਮਕ ਦੀ ਝਲਕ ਦਿਸਣ ਲਗਦੀ ਹੈ। ਨਿਸੋਰਾ ‘ਮੈਂ’ ਪਾਤਰ ਜਾਂ ਲਵੀ ਨਾਲ ਬਣੇ ਆਪਣੇ ਰਿਸ਼ਤੇ ਵਿਚ ਗੜੁੰਦ ਸਾਰੇ ਸਮਾਜ ਤੇ ਆਪਣੇ ਦੁਖਾਂ ਨੂੰ ਭੁੱਲ ਜਾਂਦੀ ਹੈ ਪਰ ਅਚਾਨਕ ਉਸ ਦਾ ਬੁਆਏ ਫਰੈਂਡ ਜੇਲ੍ਹੋਂ ਛੁੱਟਣ ਤੋਂ ਬਾਅਦ ਉਸ ਨੂੰ ਮੁੜ ਪਹਿਲੇ ਜਿਹੀ ਜ਼ਿੰਦਗੀ ਜੀਉਣ ਦੇ ਰਾਹ ਤੋਰਨ ਲਈ ਜ਼ਬਰਦਸਤੀ ਕਰਦਾ ਹੈ ਜਿਸਦਾ ਲਵੀ ਨੂੰ ਇਲਮ ਤਕ ਨਹੀਂ। ਪਰ ਜਦ ਲਵੀ ਉਸ ਦਾ ਪਤਾ ਕਰਨ ਪੁੱਜਦਾ ਤਾਂ ਨਸੋਰਾ ਆਪਣੇ ਖੂੰ-ਖਾਰ ਬੁਆਏ ਫਰੈਂਡ ਦੇ ਸਾਹਮਣਿਉਂ ਉਸ ਨੂੰ ਬਚ ਕੇ ਭੱਜ ਜਾਣ ਦਾ ਤਰਲਾ ਕਰਦੀ ਹੈ। ਲਵੀ ਨਿਸੋਰਾ ਦੇ ਤਰਲੇ ’ਤੇ ਉਸ ਨੂੰ ਆਪਣੇ ਹਾਲਾਤ ’ਤੇ ਛੱਡ ਤਾਂ ਆਉਂਦਾ ਪਰ ਉਹ ਉਸ ਕੋਲ ਨਿਸੋਰਾ ਦੇ ਪਏ ਪਾਸਪੋਰਟ ਤੇ ਪੈਸੇ ਲੈਣ ਆਉਣ ਲਈ ਨਿਸੋਰਾ ਦੀ ਉਡੀਕ ਕਰਦਾ ਜੋ ਸਦਾ ਲਈ ਲਵੀ ਕੋਲ ਜੀ ਪਏ ਰਹਿੰਦੇ ਹਨ, ਜਿਸ ਨੂੰ ਲੈਣ ਨਿਸੋਰਾ ਮੁੜ ਕਦੇ ਨਹੀਂ ਪਰਤਦੀ।

ਇਸੇ ਤਰ੍ਹਾਂ ਹੋਰ ਅਧਿਆਏ ਜਾਂ ਕਹਾਣੀਆਂ ਚਲਦੀਆਂ ਹਨ ਜਿਹਨਾਂ ਵਿਚ ਰੌਚਕਤਾ ਬਰਕਰਾਰ ਰਹਿੰਦੀ ਹੈ ਤੇ ਨਾਲ ਦੀ ਨਾਲ ਔਰਤ-ਮਰਦ ਦੇ ਸਬੰਧਾਂ ਦੀ ਬਣਤਰ ਵੀ ਵਧੇਰੇ ਉਭਰ ਕੇ ਸਾਹਮਣੇ ਆਉਂਦੀ ਹੈ। ਇਹਨਾਂ ਵਿਚ ਔਰਤ ਦੇ ਸੁਭਾਵਾਂ ਦੀ ਵੱਖ ਵੱਖ ਪਰਤ ਵੀ ਪੇਸ਼ ਹੁੰਦੀ ਹੈ। ਦਰਵਾਜ਼ਾ ‘ਮੈਂ ਤੇਰੀ ਸਾਹਿਬਾਂ’ ਦੀ ਐਨੀਆਂ ਗੋਰੀ ਕੁੜੀ ਹੈ ਤੇ ਉਸ ਦਾ ਇਕ ਵੱਖਰੀ ਕਿਸਮ ਦਾ ਕਿਰਦਾਰ ਉਭਰਦਾ ਹੈ। ‘ਮੈ ਚੁਡੇਲ, ਮੇਰੇ ਤੋਂ ਬਚ’ ਦੀ ਐਡਵੀਨਾ ਉਤਰੀ ਇੰਗਲੈਂਡ ਦੀ ਪੜ੍ਹੀ ਲਿਖੀ ਕੁੜੀ ਹੈ। ਉਸ ਦੇ ਤੇਜ਼-ਤਰਾਰ ਸੁਭਾਅ ਦੇ ਦਰਸ਼ਨ ਹੁੰਦੇ ਹਨ। ‘ਮੈਨੂੰ ਭੁੱਲ ਕੇ ਦਿਖਾ’ ਦੀ ਓਨੋ ਚੀਨੀ ਪਿਛੋਕੜ ਦੀ ਕੁੜੀ ਹੈ। ਸੁਭਾਅ ਦੀ ਨਰਮ ਤੇ ਖੂਬਸੂਰਤ ਇਨਸਾਨ ਵਜੋਂ ਪ੍ਰਸਤੁਤ ਹੁੰਦੀ ਹੈ। ‘ਕਿਹੜਾ ਹਰਮਾਦਾ ਨੌਕ ਕਰਦਾ’ ਦੀ ਊਸ਼ਾ ਇਕ ਪੰਜਾਬਣ ਕੁੜੀ ਹੈ ਜੋ ‘ਮੈਂ’ ਪਾਤਰ ਵਿਚੋਂ ਆਪਣੇ ਲਈ ਘਰ ਦੀ ਤਾਲਾਸ਼ ਕਰ ਰਹੀ ਹੈ। ‘ਇਹ ਕੈਸਾ ਮੁਕਾਬਲਾ’ ਦੀ ਜੈਕਲੀਨ ਆਪਣੇ ਪਿਓ ਦੀ ਉਮਰ ਦੇ ਪਾਤਰ ਨਾਲ ਪਿਆਰ ਕਰਨ ਲਗਦੀ ਹੈ। ਹਰਜੀਤ ਇਸ ਕੁੜੀ ਦਾ ਪਿਛੋਕੜ ਜਿਪਸੀਆਂ ਨਾਲ ਜੋੜ ਕੇ ਉਸ ਸਭਿਆਚਾਰ ਦੇ ਮਾਹੌਲ ਵਿਚ ਲੈ ਜਾਂਦਾ ਹੈ। ‘ਮੈਂ ਸਭ ਤੋਂ ਉਪਰ’ ਦੀ ਆਲੀਆ ‘ਮੈਂ’ ਪਾਤਰ ਦੇ ਪਿਆਰ ਵਿਚ ਉਸ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ, ਆਪਣਾ ਭਵਿੱਖ ਵੀ ਦਾਅ ਤੇ ਲਾ ਕੇ ਉਸ ਦੀ ਦੂਜੀ ਪਤਨੀ ਬਣ ਕੇ ਰਹਿਣ ਲਈ ਤਿਆਰ ਹੈ। ‘ਮੈਨੂੰ ਵੀ ਲੈ ਚੱਲ ਨਾਲ ਵੇ’ ਦੀ ਮੀਤਾ ਇੰਗਲੈਂਡ ਜਾਣ ਦੀ ਹੋੜ੍ਹ ਵਿਚ ਜਿਸ ਹਦ ਤਕ ਪੁੱਜਦੀ ਹੈ, ਉਹ ਪਾਠਕ ਲਈ ਹੈਰਾਨ ਕੁੰਨ ਹੈ। ਇਵੇਂ ਹੀ ‘ਮੈਂ ਤੇਰੀ ਪਹਿਲੀ ਮੁਹੱਬਤ’ ਦੀ ਬੰਸੀ ਦਾ ਕਿਰਦਾਰ ਬਹੁਤ ਹੀ ਅਜੀਬ ਤਰੀਕੇ ਨਾਲ ਪੇਸ਼ ਹੁੰਦਾ ਹੈ।

ਇਸ ਤਰ੍ਹਾਂ ਇਹ ਦਸ ਦਰਵਾਜ਼ੇ ਖੁੱਲ੍ਹਦਿਆਂ ਖੁੱਲ੍ਹਦਿਆਂ ਇਹਨਾਂ ਪਿੱਛੇ ਪਈਆਂ ਬਹੁਤ ਸਾਰੀਆਂ ਗੱਲਾਂ ਤੁਹਾਡੇ ਸਾਹਮਣੇ ਖਿਲਰ ਜਾਂਦੀਆਂ ਹਨ, ਫਿਰ ਸਮੇਟੀਆਂ ਵੀ ਜਾਂਦੀਆਂ ਹਨ। ਕਈ ਗੱਲਾਂ ਜਵਾਬ ਵੀ ਮੰਗਦੀਆਂ ਹਨ ਤੇ ਕਈ ਗੱਲਾਂ ਜਵਾਬ ਦਿੰਦੀਆਂ ਵੀ ਹਨ।

ਇਹਨਾਂ ਵਿਚ ਔਰਤ-ਮਰਦ ਦੇ ਰਿਸ਼ਤੇ ਤੇ ਉਹਨਾਂ ਅੰਦਰ ਛੁਪੀਆਂ ਤੈਹਾਂ ਖੁਲ੍ਹਦੀਆਂ ਹਨ। ਫਿਰ ਸਿਮਟਦੀਆਂ ਜਾਂਦੀਆਂ ਹਨ ਤੇ ਪਰ ਨਾਲ ਨਾਲ ਫੈਲਦੀਆਂ ਵੀ ਜਾਂਦੀਆਂ ਹਨ। ਤੁਸੀਂ ਉਹਨਾਂ ਵਿਚ ਤੁਰਦੇ, ਡਿਗਦੇ, ਆਪਣੀ ਜ਼ਿਦਗੀ ’ਚ ਹੰਢਾਏ ਕਈ ਪਲਾਂ ਨੂੰ ਆਪਣੇ ਨਾਲ ਜੋੜਨ ਲਗਦੇ ਹੋ। ਤੁਸੀਂ ਮਜਬੂਰੀ, ਧੋਖੇ, ਅਮੀਰੀ, ਗਰੀਬੀ ਤੇ ਹੋਰ ਕਈ ਸਮਾਜਿਕ ਵਰਤਾਰਿਆਂ ਦੀਆਂ ਉਚਾਣਾਂ-ਨਿਵਾਣਾਂ ਨੂੰ ਪਾਰ ਕਰਦੇ ਲੰਘਦੇ ਜਾਂਦੇ ਹੋ।

ਇਸੇ ਪੁਸਤਕ ਦੀ ਆਖਰੀ ਅਧਿਆਏ ਵਾਲਾ ਦਰਵਾਜ਼ਾ ਬੰਸੀ ਨਾਂ ਦੇ ਕਿਰਦਾਰ ਵੱਲ ਖੁਲ੍ਹਦਾ ਹੈ ਤੇ ਇਸ ਦੀ ਬੰਸੀ ਅੱਜ ਦੇ ਜ਼ਮਾਨੇ ਦੀ ਬੰਸੀ ਹੋ ਨਿਬੜਦੀ ਹੈ। ਉਹ ਪਿਆਰ ਵੀ ਕਰਦੀ ਹੈ ਤੇ ਜਤਾਉਂਦੀ ਵੀ ਹੈ। ਨਾਲ ਹੀ ਨਾਲ ਹੱਕ ਵੀ ਜਮਾਉਂਦੀ ਹੈ ਕਿ “ਮੈਂ ਤੇਰਾ ਪਹਿਲਾ ਪਿਆਰ ਹਾਂ” ਤੇ ਇਸ ਦਾ ‘ਮੈਂ’ ਪਾਤਰ ਇਸ “ਪਹਿਲੇ ਪਿਆਰ” ਦੀ ਜਕੜ ਵਿਚ ਫਸਿਆ ਹੋਇਆ ਹੈ। ਪਰ ਬੰਸੀ ਦੇ ਵਿਆਹ ਤੋਂ ਬਾਅਦ ਜਦ ਬੰਸੀ ਦੇ ਪੇਟ ਵਿਚ ਬੱਚਾ ਆਉਂਦਾ ਹੈ ਤਾਂ ਉਹ ਆਪਣੇ ਪਰੇਮੀ ਨੂੰ ਕਹਿੰਦੀ ਹੈ ਕਿ ਇਹ ਬੱਚਾ ਤੇਰਾ ਹੀ ਹੈ, ਹਾਲਾਂ ਕਿ ਅਜਿਹਾ ਕੁਝ ਵੀ ਨਹੀਂ ਹੈ। ਜ਼ਿੰਦਗੀ ਤੁਰਦੀ ਰਹਿੰਦੀ ਹੈ, ਬੱਚਾ ਵੱਡਾ ਹੋ ਕੇ ‘ਮੈਂ’ ਪਾਤਰ ਲਈ ਸਿਰ-ਦਰਦੀ ਬਣਨਾ ਸ਼ੁਰੂ ਹੁੰਦਾ ਹੈ। ਜਦ ਵੀ ‘ਮੈਂ’ ਪਾਤਰ ਬੰਸੀ ਨੂੰ ਮਿਲਣ ਜਾਂਦਾ ਹੈ ਤਾਂ ਇਹ ਬੱਚਾ ਸੁਤੇ ਰਹਿਣ ਦੀ ਐਕਟਿੰਗ ਕਰਦਾ ਹੈ। ਪੜ੍ਹਨ ਦੇ ਬਹਾਨੇ ਇਹ ਬੱਚਾ ਇੰਗਲੈਂਡ ਆਉਂਦਾ ਹੈ, ਜਿਥੇ ‘ਮੈਂ’ ਪਾਤਰ ਰਹਿ ਰਿਹਾ ਹੈ। ਬੰਸੀ ਬਹਾਨੇ ਬਹਾਨੇ ਨਾਲ ਪਰਦੀਪ ਬਣੇ ਇਸ ਬੱਚੇ ਦੀ ਪੜ੍ਹਾਈ ਦਾ ਸਾਰਾ ਬੋਝ ‘ਮੈਂ’ ਪਾਤਰ ਦੇ ਸਿਰ ਪਾ ਦਿੰਦੀ ਹੈ। ਪਰਦੀਪ ਮਕਾਨ ਲੈਣ ਲਈ ਕਿਸੇ ਤਰ੍ਹਾਂ ‘ਮੈਂ’ ਪਾਤਰ ਤੋਂ ਦਸ ਹਜ਼ਾਰ ਪੌਂਡ ਕਢਵਾ ਲੈਂਦਾ ਹੈ। ‘ਮੈਂ’ ਪਾਤਰ ਕੋਲ ਇਹ ਰਕਮ ਨਹੀਂ ਹੈ, ਉਹ, ਆਪਣੀ ਪਤਨੀ ਤੋਂ ਚੋਰੀ, ਬੈਂਕ ਤੋਂ ਕਰਜ਼ਾ ਲੈ ਕੇ ਦਿੰਦਾ ਹੈ। ਪਰਦੀਪ ਵਾਅਦਾ ਕਰਦਾ ਹੈ ਕਿ ਇਸ ਕਰਜ਼ੇ ਦੀ ਕਿਸ਼ਤ ਉਹ ਦਿੰਦਾ ਰਹੇਗਾ। ਫਰ ਜਦੋਂ ਪਰਦੀਪ ਕਿਸ਼ਤ ਨਹੀਂ ਦਿੰਦਾ ਤਾਂ ‘ਮੈਂ’ ਪਾਤਰ ਬੰਸੀ ਕੋਲ ਸ਼ਿਕਾਇਤ ਕਰਦਾ ਹੈ। ਬੰਸੀ ਦਾ ਜਵਾਬ ਪਾਠਕ ਨੂੰ ਹਿਲਾ ਕੇ ਰੱਖ ਦਿੰਦਾ ਹੈ, “ਕੀ ਬਕਰੀ ਵਾਂਗ ਮੈਂ ਮੈਂ ਕਰੀ ਜਾਨਾਂ, ਤੂੰ ਏਥੇ ਆ ਜਾ, ਤੇਰਾ ਦਸ ਹਜ਼ਾਰ ਪੂਰਾ ਕਰ ਦਿੰਨੀ ਆਂ। ਜਿਥੇ ਕਹੇਂਗਾ ਚਲੇ ਚਲਾਂਗੀ ਤੇਰੇ ਨਾਲ,..! ਕਿੰਨੇ ਸਾਲ ਹੋ ਗਏ, ਮੈਂ ਮੰਗਿਆ ਕਦੇ ਕੁਝ!”

ਇਥੇ ਹੀ ਪਾਠਕ ਦੇ ਮਨ ਵਿਚ ਸਵਾਲ ਉਠਦਾ ਹੈ ਕਿ ਵਾਕਈ ਇਹ “ਪਹਿਲਾ ਪਿਆਰ” ਸੀ? ਫਿਰ ਜਦ ਉਸ ਪਹਿਲੇ ਪਿਆਰ ਦੀ ਬੋਲੀ ਪਹਿਲੇ ਪਿਆਰ ਦੇ ਨਾਂਅ ’ਤੇ ਪੁੱਤ ਨੂੰ ਮੂਹਰੇ ਕਰ ਪੈਸੇ ਦੀ ਸ਼ਮੂਲੀਅਤ ਨਾਲ ਲਗਾਈ ਜਾਂਦੀ ਹੈ ਤਾਂ ਪਾਠਕ ਦਾ ਗੱਚ ਭਰ ਆਉਣਾ ਸੁਭਾਵਕ ਹੀ ਹੈ ਕਿਉਂਕਿ ਲੇਖਕ ਪਾਠਕ ਨੂੰ ਇਸ ਵੱਖਰੇ ਮੁਕਾਮ ’ਤੇ ਲਿਆ ਖੜਾ ਕਰਦਾ ਹੈ ਜਿਥੇ ਪਿਆਰ ’ਚ ਬਿਤਾਏ ਪਲਾਂ ਨੂੰ ਰੀਪੇਅ, ਜਾਂ ਪੈਸੇ ਰਾਹੀਂ ਵਾਪਸ ਮੋੜਨ ਦੀ ਮੰਗ ਅਪਣਾਈ ਜਾਦੀ ਹੈ। ਇਸ ਤੋਂ ਬਾਅਦ ਜੋ ਸ਼ਬਦਾਂ ਦਾ ਆਦਾਨ ਪਰਦਾਨ ਹੁੰਦਾ ਹੈ ਉਹ ਸਿੱਧੇ ਹੀ ਪਾਠਕ ਨੂੰ ਚੁੱਕ ਛੱਤ ਨਾਲ ਟਕਰਾ ਮਾਰਦੇ ਹਨ। ‘ਮੈਂ’ ਪਾਤਰ ਆਪਣੀਆਂ ਮਜਬੂਰੀਆਂ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਬੰਸੀ ਉਸ ਦਾ ਮਜ਼ਾਕ ਉਡਾਉਂਦੀ ਹੈ। ਇਸ ਤੋਂ ਬਾਅਦ ਇਹ ਕਹਾਣੀ ਆਪਣੇ ਅਸਲੀ ਕਲਾਈਮੈਕਸ ਵਲ ਵਧਦੀ ਹੈ। ਪਰਦੀਪ ਕਿਸੇ ਅਜਿਹੀ ਗੱਲ ਦਾ ਇੰਕਸ਼ਾਫ ਕਰਦਾ ਹੈ ਜਿਸ ਨੂੰ ‘ਮੈਂ’ ਪਾਤਰ ਨੇ ਕਦੇ ਸੁਫਨੇ ਵਿਚ ਵੀ ਨਹੀਂ ਸੋਚਿਆ ਤੇ ਪਰਦੀਪ ਸਾਫ ਕਹਿ ਦਿੰਦਾ ਹੈ ਕਿ ਇਹ ਤਾਂ ਕੁਝ ਵੀ ਨਹੀਂ, ਉਸ ਦਾ ਹੱਕ ਤਾਂ ‘ਮੈਂ’ ਪਾਤਰ ਦੇ ਬਹੁਤ ਸਾਰੇ ਪੈਸਿਆਂ ‘ਤੇ ਬਣਦਾ ਹੈ। ਸੋ ਪਹਿਲੀ ਮੁਹੱਬਤ ਦੇ ਨਾਂਅ ’ਤੇ ਔਰਤ ਦੀ ਚਲਾਕੀ ਦਾ ਇਜ਼ਹਾਰ ਲੇਖਕ ਇਸ ਤਰੀਕੇ ਨਾਲ ਕਰਦਾ ਹੈ ਕਿ ਪਾਠਕ ਭੌਂਚੱਕਾ ਜਿਹਾ ਰਹਿ ਜਾਂਦਾ ਹੈ।

ਇਸ ਲਈ ਇਸ ਕਿਤਾਬ ਦਾ ਪਾਠ ਕਰਦਿਆ ਮੇਰੇ ਜ਼ਿਹਨ ਅੰਦਰ ਔਰਤਾਂ ਦੀ ਬੇਬਾਕੀ, ਇਸ਼ਕ ਲਈ ਮਰ ਮਿਟਣ ਨੂੰ ਵੀ ਤਿਆਰ ਪਰ ਦੂਜੇ ਪਾਸੇ ਅੱਜ ਦੀ ਔਰਤ ਮਰਦ ਦੀ ਮਜਬੂਰੀ ਦਾ ਫਾਇਦਾ ਉਠਾ ਪਹਿਲੀ ਮੁਹੱਬਤ ਵਾਲੇ ਸਾਰੇ ਦਰਵਾਜ਼ੇ ਤੋੜਨ ਦੇ ਯੋਗ ਨਜ਼ਰ ਆਉਂਦੀ ਹੈ।

ਦਸ ਦਰਵਾਜ਼ੇ ਪੜ੍ਹਨਯੋਗ ਤੇ ਗੁੜ੍ਹਨਯੋਗ ਕਿਤਾਬ ਹੈ। ਹਰਜੀਤ ਅਟਵਾਲ ਜਿਹੇ ਉਚੇ ਕੱਦ ਵਾਲੇ ਲੇਖਕ ਤੋਂ ਇਸ ਤੋਂ ਘੱਟ ਦੀ ਆਸ ਵੀ ਤਾਂ ਨਹੀਂ ਰੱਖੀ ਜਾ ਸਕਦੀ। ਮੈਂ ਹਰਜੀਤ ਅਟਵਾਲ ਦੇ ਸਾਰੇ ਨਾਵਲ ਤਾਂ ਨਹੀਂ ਪੜ੍ਹੇ ਪਰ ਜੇ ਉਸ ਨੇ ਸਾਰੇ ਨਾਵਲਾਂ ਵਿਚ ਅਜਿਹੀ ਪਾਤਰ ਉਸਾਰੀ ਕੀਤੀ ਹੋਈ ਹੈ ਤਾਂ ਉਸ ਨੂੰ ਮੇਰਾ ਸਲਾਮ ਹੈ। ਅਜਿਹੇ ਪਾਤਰ, ਅਜਿਹਿਆਂ ਰਚਨਾਵਾਂ ਪਾਠਕ ਨੂੰ ਮਜਬੂਰ ਕਰ ਦੇਣਗੀਆਂ ਕਿ ਪੁਸਤਕਾਂ ਤੀਕ ਪੁੱਜਣ ਤੇ ਲਇਬ੍ਰੇਰੀ ਦੇ ਭੀਸ਼ਮ ਪਿਤਾਮਾ ਸ੍ਰੀ ਰੰਗਾਨਾਥਨ ਦਾ ਸੁਪਨਾ ਪੂਰਾ ਹੋ ਸਕੇਗਾ।

# 26 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਪਾਸ ਹੋਇਆ ਸੀ ਸੰਵਿਧਾਨ

## ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ। ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਲੱਗਭੱਗ 6 ਕਰੋੜ ਰੁਪਏ ਖਰਚ ਹੋਏ ਸਨ



ਕੁਲਦੀਪ ਚੰਦ
9417563054

ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭਤੋਂ ਵੱਡਾ ਲਿਖਤੀ ਸੰਵਿਧਾਨ ਹੈ ਜਿਸ ਵਿੱਚ ਹੁਣ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੁਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਦਾ ਇਤਿਹਾਸ ਵੇਖੀਏ ਤਾਂ ਦੂਜੇ ਵਿਸ਼ਵ ਯੁੱਧ ਤੋਂ ਬਾਦ ਜੁਲਾਈ 1945 ਵਿੱਚ ਬ੍ਰਿਟੇਨ ਨੇ ਭਾਰਤ ਸਬੰਧੀ ਅਪਣੀ ਨਵੀਂ ਨੀਤੀ ਦੀ ਘੋਸ਼ਣਾ ਕੀਤੀ ਅਤੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬਿਨਟ ਮਿਸ਼ਨ ਜਿਸ ਵਿੱਚ 03 ਮੰਤਰੀ ਸ਼ਾਮਿਲ ਸਨ ਭਾਰਤ ਭੇਜਿਆ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੇ ਦੁਆਰਾ ਬਣਾਏ ਗਏ ਸਨ। ਇਸ ਸਬੰਧੀ ਕੁੱਲ 12 ਸੈਸ਼ਨ ਹੋਏ ਜਿਸ ਵਿੱਚ ਪਹਿਲਾ ਸੈਸ਼ਨ 09 ਤੋਂ 23 ਦਸੰਬਰ 1946 ਤੱਕ, ਦੂਜਾ ਸੈਸ਼ਨ 20 ਤੋਂ 25 ਜਨਵਰੀ 1947 ਤੱਕ, ਤੀਜ਼ਾ ਸੈਸ਼ਨ 28 ਅਪ੍ਰੈਲ ਤੋਂ 02 ਮਈ 1947 ਤੱਕ, ਚੋਥਾ ਸੈਸ਼ਨ 13-14 ਜੁਲਾਈ 1947, ਪੰਜਵਾਂ ਸੈਸ਼ਨ 14 ਤੋਂ 30 ਅਗੱਸਤ 1947 ਤੱਕ, ਛੇਵਾਂ ਸੈਸ਼ਨ 27 ਜਨਵਰੀ 1948 ਨੂੰ, ਸੱਤਵਾਂ ਸੈਸ਼ਨ 04 ਨਵੰਬਰ 1948 ਤੋਂ 08 ਜਨਵਰੀ 1949 ਤੱਕ, ਅੱਠਵਾਂ ਸੈਸ਼ਨ 16 ਮਈ ਤੋਂ 16 ਜੂਨ 1949 ਤੱਕ, ਨੌਵਾਂ ਸੈਸ਼ਨ 30 ਜੁਲਾਈ ਤੋਂ 18 ਸਤੰਬਰ 1949 ਤੱਕ, ਦਸਵਾਂ ਸੈਸ਼ਨ 6 ਤੋਂ 17 ਅਕਤੂਬਰ 1949 ਤੱਕ, ਗਿਆਰਵਾਂ ਸੈਸ਼ਨ 14 ਤੋਂ 26 ਨਵੰਬਰ 1949 ਤੱਕ ਅਤੇ ਬਾਰਵਾਂ ਸੈਸ਼ਨ 24 ਜਨਵਰੀ 1950 ਨੂੰ ਹੋਇਆ। ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕੁੱਲ 389 ਮੈਂਬਰ ਸਨ ਜਿਨ੍ਹਾਂ ਵਿਚੋਂ ਪੰਡਿਤ ਜਵਾਹਰ ਲਾਲ ਨਹਿਰੂ, ਡਾਕਟਰ ਰਾਜੇਂਦਰ ਪ੍ਰਸਾਦ, ਸੰਜੇ ਫਾਕੇ, ਸੰਦੀਪ ਕੁਮਾਰ ਪਟੇਲ, ਨਲਿਨੀ ਰੰਜਨ ਘੋਸ਼, ਬਲਵੰਤ ਰਾਏ ਮਹਿਤਾ, ਸਰਦਾਰ ਵੱਲਭ ਭਾਈ ਪਟੇਲ, ਸ਼ਿਆਮਾ ਪ੍ਰਸਾਦ ਮੁਖਰਜੀ, ਮੌਲਾਨਾ ਅਬਦੁਲ ਕਲਾਮ ਆਜ਼ਾਦ ਆਦਿ ਇਸ ਸਭਾ ਦੇ ਪ੍ਰਮੁੱਖ ਮੈਂਬਰ ਸਨ।

ਇਸ ਸਭਾ ਵਿੱਚ ਲੱਗਭੱਗ 30 ਮੈਂਬਰ ਅਨੁਸੂਚਿਤ ਜਾਤਾਂ ਨਾਲ ਸਬੰਧਿਤ ਸਨ, ਫਰਾਂਕ ਐਂਥੋਨੀ ਐਂਗਲੋਂ-ਇੰਡੀਅਨ ਕਮਿਉਨਿਟੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਐਚ ਪੀ ਮੋਦੀ ਪਾਰਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਮਾਇਨਾਰਿਟੀ ਕਮੇਟੀ ਦੇ ਚੇਅਰਮੈਨ ਹਰਿੰਦਰ ਕੁਮਰ ਮੁਕਰਜੀ ਇਸਾਈਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਅਰੀ ਬਹਾਦੁਰ ਗੁਰਰੰਗ ਗੋਰਖਿਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਇਸ ਕਮੇਟੀ ਵਿੱਚ ਸਰੋਜਿਨੀ ਨਾਇਡੂ, ਹਾਂਸਾ ਮਹਿਤਾ, ਦੁਰਗਾਬਾਈ ਦੇਸ਼ਮੁਖ, ਰਾਜ ਕੁਮਾਰੀ ਅਮ੍ਰਿਤ ਕੌਰ, ਵਿਜੈਲਕਸ਼ਮੀ ਪੰਡਿਤ ਵਰਗੀਆਂ ਉੱਘੀਆਂ ਮਹਿਲਾ ਆਗੂ ਵੀ ਸ਼ਾਮਿਲ ਸਨ। ਇਸ ਕਮੇਟੀ ਦੀ ਪਹਿਲੇ ਦੋ ਦਿਨ ਦੀ ਅਸਥਾਈ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਚਿੰਦਾਨੰਦਾ ਸਿਨਹਾ ਨੇ ਕੀਤੀ ਅਤੇ ਫਿਰ ਰਾਜਿੰਦਰ ਪ੍ਰਸਾਦ ਨੂੰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ। 14 ਅਗੱਸਤ 1947 ਨੂੰ ਸੰਵਿਧਾਨ ਸਭਾ ਦੀ ਹੋਈ ਮੀਟਿੰਗ ਵਿੱਚ ਵੱਖ ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਮੌਲਿਕ ਅਧਿਕਾਰਾਂ ਸਬੰਧੀ ਕਮੇਟੀ, ਸੰਘੀ ਸ਼ਕਤੀ ਕਮੇਟੀ ਅਤੇ ਸੰਘੀ ਸੰਵਿਧਾਨ ਕਮੇਟੀ ਸ਼ਾਮਿਲ ਸੀ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾ-ਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਇਸ ਕਮੇਟੀ ਵਿੱਚ 6 ਹੋਰ ਮੈਂਬਰ ਪੰਡਿਤ ਗੋਬਿੰਦ ਵਲਭ ਪੰਤ, ਕੇ ਐਮ ਮੁਨਸ਼ੀ ਸਾਬਕਾ ਗ੍ਰਹਿ ਮੰਤਰ ਬੰਬੇ, ਅਲਾਦੀ ਕ੍ਰਿਸ਼ਨਾਸਵਾਮੀ ਅਈਅਰ ਸਾਬਕਾ ਐਡਵੋਕੇਟ ਜਨਰਲ ਮਦਰਾਸ ਰਾਜ, ਐਨ ਗੋਪਾਲਾਸਵਾਮੀ ਐਂਇਗਰ ਸਾਬਕਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ, ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ, ਮੁਹ-ਮਦ ਸਾਦਉੱਲਾ ਸਾਬਕਾ ਮੁੱਖ ਮੰਤਰੀ ਅਸਾਮ ਅਤੇ ਮੁਸਲਿਮ ਲੀਗ ਮੈਂਬਰ ਅਤੇ ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਸਨ। ਸਰ ਬੈਨੇਗਲ ਨਾਰਸਿੰਗ ਰਾਓ ਨੂੰ ਜੋ ਕਿ 1950-54 ਦੌਰਾਨ ਪਹਿਲੇ ਭਾਰਤੀ ਅੰਤਰ-ਰਾਸ਼ਟਰੀ ਨਿਆਂ ਜਸਟਿਸ ਰਹੇ ਹਨ ਨੂੰ ਸੰਵਿਧਾਨਿਕ ਸਲਾਹਕਾਰ ਬਣਾਇਆ ਗਿਆ।




ਬਾਦ ਵਿੱਚ ਇੱਕ ਮੈਂਬਰ ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ ਨੇ ਅਸਤੀਫਾ ਦੇ ਦਿਤਾ ਤੇ ਉਨ੍ਹਾਂ ਦੀ ਥਾਂ ਮਾਧਵ ਰਾਓ ਕਨੂੰਨੀ ਸਲਾਹਕਾਰ ਮਹਾਰਾਜਾ ਬੜੋਦਾ ਨੂੰ ਮੈਂਬਰ ਲਿਆ ਗਿਆ। ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਦੀ ਮੋਤ ਹੋਣ ਕਾਰਨ ਟੀ ਟੀ ਕ੍ਰਿਸ਼ਨਾਮਾਚਾਰੀ ਨੂੰ ਕਮੇਟੀ ਮੈਂਬਰ ਬਣਾਇਆ ਗਿਆ। ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਵਿੱਚ ਸੰਵਿਧਾਨ ਨੂੰ ਅਡਾਪਟ ਕਰਨ ਤੋਂ ਪਹਿਲਾਂ ਲੱਗਭੱਗ 166 ਦਿਨ ਆਮ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ ਕੀਤਾ ਗਿਆ। ਇਸ ਦੀਆਂ ਬੈਠਕਾਂ ਵਿੱਚ ਪ੍ਰੈਸ ਅਤੇ ਜਨਤਾ ਨੂੰ ਭਾਗ ਲੈਣ ਦੀ ਅਜ਼ਾਦੀ ਸੀ।

ਡਰਾਫਟ ਸੰਵਿਧਾਨ ਤੇ ਸਭਾ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 2 ਸਾਲਾਂ ਦੌਰਾਨ 2000 ਸੋਧ ਕੀਤੇ ਗਏ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕਾਫੀ ਕੁੱਝ ਲਿਆ ਗਿਆ ਹੈ। ਇਸ ਤਰਾਂ ਭਾਰਤੀ ਸੰਵਿਧਾਨ ਤੇ ਦੂਜੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚ ਬ੍ਰਿਟਿਸ਼ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋ-ਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਅੰਤ ਅੱਜ ਦੇ ਦਿਨ 26 ਨਵੰਬਰ 1949 ਨੂੰ ਸਾਰੀ ਕਾਰਵਾਈ ਮੁਕੰਮਲ ਹੋ ਗਈ ਅਤੇ ਸਵਿੰਧਾਨ ਸਭਾ ਨੇ ਸਵਿੰਧਾਨ ਸਵਿਕਾਰ ਕਰ ਲਿਆ। ਭਾਰਤ ਦਾ ਸੰਵਿਧਾਨ ਸੰਵਿਧਾਨ ਸਭਾ ਦੁਆਰਾ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ। ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਤਕਰੀਬਨ 6 ਕਰੋੜ (ਉਸ ਸਮੇਂ) ਰੁਪਏ ਖਰਚ ਹੋਏ। ਭਾਰਤ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲ ਬਿਲਕੁੱਲ ਮਿਲਦਾ ਜੁਲਦਾ ਹੈ।

ਸੰਵਿਧਾਨ ਦੀ ਵਰਤੋਂ ਸਭ ਤੋਂ ਪਹਿਲਾਂ ਇੰਗਲੈਂਡ ਵਿੱਚ ਹੋਈ। ਇਸ ਵਿੱਚ ਲੱਗਭੱਗ 80 ਹਜ਼ਾਰ ਸ਼ਬਦ ਹਨ। ਭਾਰਤੀ ਸੰਵਿਧਾਨ ਦੇ ਆਰਟੀਕਲ 5, 6, 7, 8, 9, 60, 324, 366, 367, 379, 380, 388, 391, 392, 393 ਅਤੇ 394 26 ਨਵੰਬਰ, 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ ਸੀ। ਇਸਤੇ ਕੁੱਲ 284 ਮੈਂਬਰਾਂ ਨੇ ਦਸਤਖਤ ਕੀਤੇ ਅਤੇ ਸੰਵਿਧਾਨ ਬਣਾਉਣ ਦੀ ਕਾਰਵਾਈ ਮੁਕੰਮਲ ਹੋ ਗਈ।

24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜੀ ਵਿੱਚ ਅਤੇ ਇੱਕ ਹਿੰਦੀ ਵਿੱਚ ਤੇ ਅਪਣੇ ਦਸਤਖੱਤ ਕੀਤੇ। ਸੰਵਿਧਾਨ ਦੀ ਅਸਲੀ ਕਾਪੀ ਹੱਥ ਲਿਖਿਤ ਹੈ ਅਤੇ ਇਸਤੇ ਸ਼ਾਂਤੀ ਨਿਕੇਤਨ ਦੇ ਕਲਾਕਾਰਾਂ ਜਿਨ੍ਹਾਂ ਵਿੱਚ ਰਾਮਮਨੋਹਰ ਸਿਨਹਾ ਅਤੇ ਨੰਦਲਾਲ ਬੋਸ ਸ਼ਾਮਿਲ ਸਨ ਨੇ ਸਜ਼ਾਵਟ ਕੀਤੀ ਸੀ। ਅੰਤ 26 ਜਨਵਰੀ, 1950 ਨੂੰ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਕੀਤਾ ਗਿਆ ਜਿਸ ਕਾਰਨ 26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।

ਸੰਵਿਧਾਨ ਤਿਆਰ ਕਰਨ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖਕੇ ਸੰਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਅਣਗਹਿਲੀ ਕਾਰਨ ਸੰਵਿਧਾਨ ਲਾਗੂ ਹੋਣ ਤੋਂ 66 ਸਾਲ ਬਾਦ ਵੀ ਦੇਸ਼ ਦੇ ਬਹੁਤੇ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ। ਸਾਡੇ ਨੀਤੀ ਨਿਰਮਾਤਾਵਾਂ ਅਤੇ ਨੀਤੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਸੰਵਿਧਾਨ ਵਿੱਚ ਦੇਸ਼ ਦੇ ਵੱਖ ਵੱਖ ਵਰਗਾਂ ਦੀ ਸੁਰੱਖਿਆ ਅਤੇ ਖੁਸ਼ਹਾਲੀ ਦਾ ਲਾਭ ਸਹੀ ਅਰਥਾਂ ਵਿੱਚ ਉਨ੍ਹਾਂ ਵਰਗਾਂ ਤੱਕ ਪਹੁੰਚ ਸਕੇ ਅਤੇ ਹਰ ਵਰਗ ਅਪਣੇ ਆਪ ਨੂੰ ਸੱਚਾ ਭਾਰਤੀ ਹੋਣ ਤੇ ਮਾਣ ਮਹਿਸੂਸ ਕਰ ਸਕੇ।

# ਯਾਦਾਂ ਦੇ ਝਰੋਖੇ ਵਿੱਚੋਂ...



ਚੀਨ ਯਾਤਰਾ ਦੌਰਾਨ ਮੇਘ ਰਾਜ ਮਿੱਤਰ ਦੀ ਇਕ ਯਾਦਗਾਰੀ ਤਸਵੀਰ

ਪ੍ਰੋ. ਵਾਂਗ, ਸੌਂਗ ਪੈਂਗ, ਮੇਘ ਰਾਜ ਮਿੱਤਰ ਅਤੇ ਵੂ-ਜਿਆਓ-ਲਿਆਗ ਹੋਟਲ ਦੇ ਕਮਰੇ ਵਿਚ



ਮੇਘ ਰਾਜ ਮਿੱਤਰ
+91-98887-87440

**1. ਨਾਸਤਿਕ–** ਸਿਊਦੀ ਅਰਬ ਵਿੱਚ ਨਾਸਤਿਕ ਹੋਣ ਕਾਰਨ ਇੱਕ ਵਿਅਕਤੀ ਦੇ ਦੋ ਹਜ਼ਾਰ ਕੋੜੇ ਲਾਏ ਅਤੇ 10 ਸਾਲ ਲਈ ਜੇਲ ਵਿੱਚ ਸੁੱਟ ਦਿੱਤਾ। ਇੱਥੇ ਹੀ ਬਸ ਨਹੀਂ ਉਸਨੂੰ 8000 ਪੌਂਡ ਦਾ ਜੁਰਮਾਨਾ ਵੀ ਲਾਇਆ ਗਿਆ। ਇਸ ਵਿਅਕਤੀ ਦਾ ਕਹਿਣਾ ਸੀ ਕਿ ਮੈਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੈ ਅਤੇ 600 ਹੋਰ ਵਿਅਕਤੀਆਂ ਨੇ ਵੀ ਉਸਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕੀਤੀ ਸੀ। ਇਸ ਵਿਅਕਤੀ ਨੇ ਮੁਆਫੀਨਾਮਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

**2. ਚੀਨ–** ਚੀਨ ਦੁਨੀਆਂ ਵਿੱਚ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੀ ਨਹੀਂ ਸਗੋਂ ਇਥੇ ਨਾਸਤਿਕਾਂ ਦੀ ਗਿਣਤੀ ਵੀ ਸਭ ਤੋਂ ਵੱਧ ਹੈ। ਲਗਭਗ 94ਗ਼ ਨਾਸਤਿਕ ਹਨ। ਜਿਸਦਾ ਸਿੱਧਾ ਜਿਹਾ ਮਤਲਬ ਹੈ ਕਿ ਭਾਰਤ ਦੀ ਜਨਸੰਖਿਆ ਤੋਂ ਵੱਧ ਜਨਸੰਖਿਆ ਤਾਂ ਉਸ ਦੇਸ਼ ਵਿੱਚ ਨਾਸਤਿਕਾਂ ਦੀ ਹੈ। ਇਸ ਦੇ ਉਲਟ ਥਾਈਲੈਂਡ ਦੇ 94ਗ਼ ਲੋਕ ਧਾਰਮਿਕ ਹਨ।

**3. ਭਵਿੱਖਬਾਣੀ ਜੋ ਸਹੀ ਸਾਬਤ ਹੋਈ–** ਪਹਿਲਾਂ ਵੀ ਮੈਂ ਬਹੁਤ ਸਾਰੀਆਂ ਭਵਿੱਖਬਾਣੀਆਂ ਕੀਤੀਆਂ ਹਨ। ਪਰ ਮੈਂ ਜੋ ਵੀ ਭਵਿੱਖਬਾਣੀਆਂ ਕਰਦਾ ਹਾਂ ਉਹ ਅੰਕੜਿਆਂ ਦੀ ਚੰਗੀ ਤਰਖ਼ਾਂ ਘੋਖ ਪੜਤਾਲ ਕਰਨ ਤੋਂ ਬਾਅਦ ਹੀ ਕਰਦਾ ਹਾਂ। ਇਹਨਾਂ ਵਿਚੋਂ ਬਹੁਤੀਆਂ ਠੀਕ ਸਿੱਧ ਹੁੰਦੀਆਂ ਹਨ। ਮੈਂ ਇੱਕ ਕਿਤਾਬ ਲਿਖੀ ਸੀ ਇਸਦਾ ਨਾਂ "ਬਾਬਾ ਰਾਮਦੇਵ ਤਰਕ ਦੀ ਕਸੌਟੀ ਤੇ'' ਹੈ। ਇਹ ਅਪ੍ਰੈਲ 2009 ਵਿੱਚ ਛਪਕੇ ਮਾਰਕੀਟ ਵਿੱਚ ਵਿਕਰੀ ਲਈ ਉਪਲਬਧ ਕਰਵਾਈ ਗਈ। ਇਸ ਕਿਤਾਬ ਦੇ ਅਖੀਰਲੇ ਸਫੇ ਤੇ ਮੈਂ ਲਿਖਿਆ ਸੀ ਕਿ ਬਾਬਾ ਰਾਮਦੇਵ 'ਕਿਤਾਬਾਂ, ਸੀਡੀਆਂ, ਦਵਾਈਆਂ, ਹੋਰ ਵਸਤੂਆਂ, ਯੋਗ ਕੈਂਪਾਂ, ਸਰਕਾਰ ਵਲੋਂ ਗਰਾਂਟਾਂ, ਦਾਨ ਅਤੇ ਮੈਂਬਰਸ਼ਿਪ ਭਰਤੀ ਦੇ ਨਾਂ ਤੇ ਅਰਬਾਂ ਰੁਪਏ ਕਮਾ ਰਿਹਾ ਹੈ। ਉਹ ਦਿਨ ਦੂਰ ਨਹੀਂ ਜਦੋਂ ਬਾਬਾ ਭਾਰਤ ਦੇ ਗਿਣੇ ਚੁਣੇ ਅਮੀਰਾਂ ਵਿਚੋਂ ਇੱਕ ਹੋਵੇਗਾ। ਸਤੰਬਰ 2016 ਵਿੱਚ ਚੀਨ ਦੀ ਹੂ ਰਨ ਮੈਗਜ਼ੀਨ ਨੇ 339 ਭਾਰਤੀਆਂ ਦੀ ਸੂਚੀ ਜਾਰੀ ਕੀਤੀ ਹੈ। ਜਿਸ ਵਿੱਚ ਪਤੰਜਲੀ ਆਯੁਰਵੇਦ ਦੇ ਅਚਾਰੀਆ ਬਾਲ ਕ੍ਰਿਸ਼ਨ ਦੇਸ਼ ਦੇ ਪਹਿਲੇ 25 ਅਮੀਰਾਂ ਵਿਚ ਸ਼ਾਮਿਲ ਹੋ ਗਏ। ਮੈਗਜ਼ੀਨ ਅਨੁਸਾਰ ਉਹਨਾਂ ਦੀ ਕੁਲ ਜਾਇਦਾਦ 25,600 ਕਰੋੜ ਰੁਪਏ ਹੈ। ਪਤੰਜਲੀ ਦੀ ਸਾਲਾਨਾ ਟਰਨਓਵਰ 5000 ਕਰੋੜ ਰੁਪਏ ਹੈ। ਇਸਦੇ 94 ਫੀਸਦੀ ਸ਼ੇਅਰਾਂ ਦਾ ਮਾਲਕ ਬਾਲ ਕ੍ਰਿਸ਼ਨ ਹੈ। ਇਸਨੇ 2011 ਵਿੱਚ ਕਿਹਾ ਸੀ ਕਿ ਸੀ ਕਿ ਮੈਂ 50-60 ਕਰੋੜ ਰੁਪਏ ਦਾ ਲੋਨ ਲਿਆ ਹੈ। ਇਸ ਤੋਂ ਇਲਾਵਾ ਮੇਰੇ ਕੋਲ ਕੋਈ ਜਾਇਦਾਦ ਨਹੀਂ ਹੈ।

**5. ਛਲੇਡਾ–** ਬਚਪਨ ਵਿੱਚ ਮੈਂ ਛਲੇਡੇ ਤੇ ਬਿੱਜੂ ਤੋਂ ਡਰਦਾ ਹੁੰਦਾ ਸੀ। ਕਿਉਂਕਿ ਮੇਰੀ ਚਾਚੀ ਈਸ਼ਰੀ ਨੇ ਇਹ ਡਰ ਮੈਨੂੰ ਪਾਏ ਹੋਏ ਸਨ। ਕਿਉਂਕਿ ਮੈਂ ਕੂਕਾਂ ਬਹੁਤ ਮਾਰਿਆ ਕਰਦਾ ਸੀ। ਜਿਸ ਨਾਲ ਮੇਰੀ ਚਾਚੀ ਡਰ ਜਾਂਦੀ ਸੀ ਤੇ ਮੇਰੀ ਇਸ ਭੈੜੀ ਆਦਤ ਤੋਂ ਵਰਜਣ ਲਈ ਉਹ ਅਕਸਰ ਹੀ ਮੈਨੂੰ ਛਲੇਡੇ ਤੇ ਬਿੱਜੂ ਤੋਂ ਡਰਾ ਦਿੰਦੀ ਸੀ। 1984 ਵਿੱਚ ਤਰਕਸ਼ੀਲ ਸੁਸਾਇਟੀ ਦੀ ਸਥਾਪਨਾ ਤੋਂ ਬਾਅਦ ਸਾਨੂੰ ਅਜਿਹੀਆਂ ਅਫਵਾਹਾਂ ਦਾ ਸਾਹਮਣਾ ਵੀ ਕਈ ਵਾਰ ਕਰਨਾ ਪਿਆ ਹੈ। ਕਦੇ ਲਹਿਰੇ ਗਾਗੇ ਇਲਾਕੇ ਵਿੱਚ ਬਿੱਜੂ ਦੇ ਆਉਣ ਦੀਆਂ ਖਬਰਾਂ ਅਖਬਾਰਾਂ ਦੀ ਸੁਰਖੀਆਂ ਬਣਕੇ ਲੱਗ ਪੈਂਦੀਆਂ।

ਕਦੇ ਦਿੱਲੀ ਵਿੱਚ ਬਾਂਦਰ ਆ ਟਪਕਦਾ ਕਦੇ ਹਰਿਆਣੇ ਦੇ ਸ਼ਹਿਰ ਟੋਹਾਣੇ ਦੇ ਨਜਦੀਕੀ ਪਿੰਡ ਜਮਾਲਪੁਰ ਸੇਖਾ ਵਿੱਚ ਅਜਿਹੀਆਂ ਅਫ਼ਵਾਹਾਂ ਉਡਣੀਆਂ ਸ਼ੁਰੂ ਹੋ ਜਾਂਦੀਆਂ। ਅਜਿਹੇ ਪਿੰਡਾਂ ਤੇ ਸ਼ਹਿਰਾਂ ਵਿੱਚ ਚੇਤਨ ਲੋਕਾਂ ਰਾਹੀਂ ਅਸੀਂ ਅਜਿਹੀਆਂ ਅਫਵਾਹਾਂ ਦੇ ਪਰਦੇਫਾਸ਼ ਦੀ ਮੁਹਿੰਮ ਚਲਾ ਦਿੰਦੇ। ਕੁਝ ਦਿਨਾਂ ਬਾਅਦ ਇਹਨਾਂ ਅਫਵਾਹਾਂ ਦੀ ਸੰਘੀ ਨੱਪੀ ਜਾਂਦੀ। ਅਖਬਾਰਾਂ ਵਾਲਿਆਂ ਨੂੰ ਜਦੋਂ ਅਜਿਹੀਆਂ ਖਬਰਾਂ ਛਾਪਣ ਦਾ ਕਾਰਨ ਪੁੱਛਦੇ ਤਾਂ ਉਹ ਕਹਿ ਦਿੰਦੇ ਕਿ ਇਹ ਖਬਰ ਦਿਲਚਸਪ ਸੀ ਤੇ ਸੰਨਸਨੀ ਫੈਲਾ ਸਕਦੀ ਸੀ। ਇਸ ਲਈ ਅਸੀਂ ਅਜਿਹੀਆਂ ਖ਼ਬਰਾਂ ਛਪਣੀਆਂ ਭੇਜ ਦਿੰਦੇ ਹਾਂ। ਪਰ ਅਸੀਂ ਉਹਨਾਂ ਨੂੰ ਯਾਦ ਕਰਵਾਉਂਦੇ ਕਿ "ਪੱਤਰਕਾਰ ਦੀ ਡਿਊਟੀ ਤਾਂ ਲੋਕਾਂ ਨੂੰ ਚੇਤਨ ਕਰਨਾ ਹੁੰਦੀ ਹੈ। ਪਰ ਭੜੂਓ ਤੁਸੀਂ ਅਜਿਹੀਆਂ ਖਬਰਾਂ ਛਾਪ ਕੇ ਲੋਕਾਂ ਨੂੰ ਅੰਧਵਿਸ਼ਵਾਸ਼ੀ ਦੀਆਂ ਗੁਫਾਵਾਂ ਵਿੱਚ ਧੱਕ ਰਹੇ ਹੋ।''

ਸਤੰਬਰ 2016 ਦੇ ਦੂਸਰੇ ਹਫ਼ਤੇ ਵਿੱਚ ਇੱਕ ਅਫਵਾਹ ਬੜੇ ਯੋਜਨਾਵੱਧ ਢੰਗ ਨਾਲ ਉਡਾਈ ਗਈ। ਜਿਲਾ ਸੰਗਰੂਰ ਦੇ ਇਲਾਕੇ ਦਿੜਬੇ ਦੇ ਗੁਰੂਦੁਆਰਾ ਬਾਬਾ ਬੈਰਸੀਆਣਾ ਛਲੇਡੇ ਵਾਲੀ ਇਸ ਅਫਵਾਹ ਦਾ ਕੇਂਦਰ ਬਣਿਆ। ਫੋਟੋਆਂ ਤੇ ਆਵਾਜਾਂ ਰਿਕਾਰਡ ਕਰਕੇ ਲੋਕਾਂ ਨੂੰ ਇਸ ਗੁਰਦੁਆਰੇ ਵੱਲ ਖਿਚਿਆ। ਇਹਨਾਂ ਅਫਵਾਹਾਂ ਵਿੱਚ ਕੁਝ ਵਿਅਕਤੀਆਂ ਵਲੋਂ ਕਿਹਾ ਗਿਆ ਕਿ ਇਕ ਛਲੇਡਾ ਗੁਰੂਦੁਆਰੇ ਵਿੱਚ ਫੜਕੇ ਬੰਦ ਕਰ ਲਿਆ ਗਿਆ ਹੈ। ਕਹਿੰਦੇ ਇਹ ਰੰਗ ਬਦਲਦਾ ਹੈ, ਤਰਕਸ਼ੀਲ ਸੁਸਾਇਟੀ ਵਲੋਂ ਇਸ ਗੱਲ ਦਾ ਵਾਰ ਵਾਰ ਖੰਡਣ ਕੀਤਾ ਗਿਆ। ਅੰਤ ਅਫਵਾਹ ਫੈਲਾਉਣ ਵਾਲੇ ਗਰੰਥੀ ਨੂੰ ਪੁਲਸ ਨੇ ਸਲਾਖਾਂ ਪਿੱਛੇ ਬੰਦ ਕਰ ਦਿੱਤਾ। ਅਸੀਂ ਜਾਣਦੇ ਹਾਂ ਕਿ ਇੰਟਰਨੈਟ ਦੀਆਂ ਸਹੂਲਤਾਂ ਬਹੁਤ ਸਾਰੇ ਵਿਅਕਤੀਆਂ ਕੋਲ ਹਨ। ਉਹਨਾਂ ਨੇ ਆਸਟ੍ਰੇਲੀਆ ਦੇ ਇੱਕ ਪੇਂਟਰ ਪੈਟਰੀਸ਼ੀਆ ਪਿਸੀਨੀ ਦੁਆਰਾ ਬਣਾਇਆ ਇੱਕ ਜਾਨਵਰ ਦਾ ਚਿੱਤਰ ਵਾਟਸਅੱਪ ਰਾਹੀਂ ਇਸ ਖਬਰ ਦੇ ਨਾਲ ਭੇਜਣਾ ਸ਼ੁਰੂ ਕਰ ਦਿੱਤਾ। ਇਹ ਚਿੱਤਰ ਅਮਰੀਕਾ ਦੀ ਕਿਸੇ ਆਰਟ ਗੈਲਰੀ ਦੀ ਵੈਬਸਾਈਟ ਵਿੱਚੋਂ ਕਾਪੀ ਕਰਕੇ ਪੇਸਟ ਕਰ ਦਿੱਤਾ। ਜਿਸ ਨਾਲ ਇਹ ਅਫਵਾਹ ਲੋਕਾਂ ਨੂੰ ਸੱਚੀ ਲੱਗਣੀ ਸ਼ੁਰੂ ਹੋ ਗਈ।

**6. ਰਾਫੇਲ ਸੌਦਾ–** ਭਾਰਤ ਦੇ ਕਸ਼ਮੀਰ ਸੂਬੇ ਦੇ ਇੱਕ ਇਲਾਕੇ ਉੜੀ ਵਿੱਚ ਇਸਲਾਮਿਕ ਦਹਿਸ਼ਤਗਰਦਾਂ ਨੇ ਕਰੀਬ 19 ਫੌਜੀਆਂ ਨੂੰ ਇੱਕ ਹਮਲੇ ਰਾਹੀਂ ਮੌਤ ਦੇ ਘਾਟ ਉਤਾਰ ਦਿੱਤਾ। ਬੱਸ ਫਿਰ ਕੀ ਸੀ ਅਜਿਹਾ ਮਾਹੌਲ ਸਿਰਜਿਆ ਗਿਆ ਕਿ 19 ਦੇ ਬਦਲੇ 1900 ਪਾਕਿਸਤਾਨੀ ਫੌਜੀਆਂ ਦੇ ਸਿਰ ਧੜ ਤੋਂ ਵੱਖ ਕੀਤੇ ਜਾਣੇ ਚਾਹੀਦੇ ਹਨ। ਸਾਡੇ ਦੇਸ਼ ਦੇ 70% ਲੋਕ ਗਰੀਬੀ ਰੇਖਾ ਤੋਂ ਹੇਠਾਂ ਤੰਗੀਆਂ ਤੋਸ਼ੀਆਂ ਦਾ ਜੀਵਨ ਬਤੀਤ ਕਰ ਰਹੇ ਹਨ। ਪਾਕਿਸਤਾਨੀ ਜਨਤਾ ਦਾ ਹਾਲ ਵੀ ਇਸ ਤੋਂ ਬਹੁਤਾ ਚੰਗਾ ਨਹੀਂ ਹੈ। ਅਜਿਹੀਆਂ ਹਾਲਤਾਂ ਵਿੱਚ ਲੜਾਈ ਦੀਆਂ ਗੱਲਾਂ ਕਰਨੀਆਂ ਦੋਹਾਂ ਮੁਲਕਾਂ ਨੂੰ ਸੋਭਦੀਆਂ ਨਹੀਂ। 1965 ਤੇ 1971 ਦੀਆਂ ਜੰਗਾਂ ਦੇ ਪ੍ਰਭਾਵ ਨੇ ਸਾਡੇ ਦੇਸ਼ ਨੂੰ ਭੁਖਮਰੀ ਦੀ ਹਾਲਤ ਵਿੱਚ ਲਿਆ ਦਿੱਤਾ ਹੈ। ਜੇ ਅਗਲੀ ਲੜਾਈ ਲੱਗ ਗਈ ਤਾਂ ਸਾਡੀ ਜਨਤਾ ਦਾ ਕੀ ਬਣੇਗਾ। ਇਹ ਸੋਚ ਕੇ ਦਿਲ ਵਿੱਚ ਘਬਰਾਹਟ ਪੈਦਾ ਹੋਣੀ ਸ਼ੁਰੂ ਹੋ ਜਾਂਦੀ। ਭਾਰਤ ਤੇ ਪਾਕਿਸਤਾਨ ਹੀ ਦੁਨੀਆਂ ਵਿਚ ਅਜਿਹੇ ਮੁਲਕ ਰਹਿ ਗਏ ਹਨ ਜਿਹੜੇ ਅੱਜ ਵੀ ਜੰਗ ਲਈ ਹਥਿਆਰ ਬਾਹਰਲੇ ਮੁਲਕਾਂ ਤੋਂ ਖ੍ਰੀਦ ਰਹੇ ਹਨ। ਭਾਰਤ ਨੇ 36 ਰਾਫੇਲ ਲੜਾਕੂ ਜਹਾਜ਼ ਫਰਾਂਸ ਤੋਂ 58000 ਕਰੋੜ ਰੁਪਏ ਵਿੱਚ ਹੀ ਖ੍ਰੀਦੇ ਹਨ।

ਪੰਜਾਬ ਵਿੱਚ 12500 ਪਿੰਡ ਹਨ। ਮੈਂ ਇੱਕ ਪਿੰਡ ਦੇ ਹਾਈ ਸਕੂਲ ਤੇ ਹਸਪਤਾਲ ਦੀ ਇਮਾਰਤ ਇੱਕ ਕਰੋੜ ਰੁਪਏ ਵਿੱਚ ਤਿਆਰ ਕਰ ਸਕਦਾ ਹਾਂ। ਇਸਦਾ ਮਤਲਬ ਹੈ ਕਿ 12500 ਕਰੋੜ ਰੁਪਏ ਵਿੱਚ ਪੰਜਾਬ ਦੇ ਸਾਰੇ ਪਿੰਡਾਂ ਵਿਚ ਸਕੂਲ ਤੇ ਹਸਪਤਾਲ ਬਣਾਏ ਜਾ ਸਕਦੇ ਹਨ। ਇਸਦਾ ਮਤਲਬ ਹੈ ਕਿ ਇਕੱਲਾ ਰਾਫੇਲ ਜਹਾਜਾਂ ਦਾ ਸੌਦਾ ਪੰਜਾਬ ਵਰਗੇ ਪੰਜ ਰਾਜਾਂ ਦੇ ਸਕੂਲ ਤੇ ਹਸਪਤਾਲਾਂ ਦੇ ਵਿਕਾਸ ਨੂੰ ਖਾ ਜਾਵੇਗਾ। ਅਜੇ ਤਾਂ ਲੜਾਈ ਸ਼ੁਰੂ ਹੋਣੀ ਹੈ।

ਲੜਾਈ ਹੋਣ ਦੀਆਂ ਹਾਲਤਾਂ ਵਿੱਚ ਭਾਰਤ ਤੇ ਪਾਕਿ ਦੇ ਵਸਨੀਕਾਂ ਨੇ ਮਰਨਾ ਹੀ ਹੈ। ਸਗੋਂ ਬਾਅਦ ਵਿੱਚ ਬਹੁਤ ਸਾਰੇ ਭੁੱਖਮਰੀ ਨਾਲ ਹੀ ਮਰ ਸਕਦੇ ਹਨ।

**7. ਨਸ਼ੇ ਬਰਬਾਦੀ ਦਾ ਘਰ–** ਮੇਰੀ ਪਤਨੀ ਦੀ ਭੈਣ ਦੀ ਸਹੇਲੀ ਗੁਰਦੇਵ ਕੌਰ ਬਹੁਤ ਹੀ ਚੰਗੀ ਮੁੱਖ ਅਧਿਆਪਕਾ ਸੀ। ਉਸਨੇ ਦੋ ਪੁੱਤਰਾਂ ਅਤੇ ਇੱਕ ਧੀ ਨੂੰ ਜਨਮ ਦਿੱਤਾ। ਵੱਡਾ ਪੁੱਤਰ ਬਰਨਾਲੇ ਇਲਾਕੇ ਦਾ ਪ੍ਰਸਿੱਧ ਡਾਕਟਰ ਹੈ ਅਤੇ ਧੀ ਕਨੈਡਾ ਵਿੱਚ ਹੈ ਪਰ ਅਫਸੋਸ ਇਸ ਗੱਲ ਦਾ ਹੈ ਕਿ ਛੋਟੇ ਪੁੱਤਰ ਨੂੰ ਕਿਸੇ ਨਜ਼ਦੀਕੀ ਨੇ ਹੀ ਨਸ਼ਿਆਂ ਦੇ ਲੜ ਅਜਿਹਾ ਲਾਇਆ ਕਿ ਮੁੜ ਉਹ ਇਸ ਤ੍ਰਾਸਦੀ ਵਿਚੋਂ ਬਾਹਰ ਹੀ ਨਾ ਆ ਸਕਿਆ। ਪ੍ਰੀਵਾਰ ਤੀਹ ਏਕੜ ਦਾ ਮਾਲਕ ਸੀ ਉਹਨਾਂ ਨੇ ਇਲਾਜ ਦੀ ਕੋਈ ਕਸਰ ਨਾ ਛੱਡੀ।

ਉਸਦੀ ਮੰਗਣੀ ਵੀ ਕਰ ਦਿੱਤੀ ਗਈ ਪਰ ਉਸਦੇ ਨਸ਼ੇ ਕਾਰਨ ਮੰਗਣੀ ਵੀ ਟੁੱਟ ਗਈ। ਇਹ ਇਕੱਲੀ ਉਸ ਪ੍ਰੀਵਾਰ ਦੀ ਕਹਾਣੀ ਨਹੀਂ ਸਗੋਂ ਪੰਜਾਬ ਦੇ ਲੱਖਾਂ ਪ੍ਰੀਵਾਰ ਇਸ ਲੱਤ ਦਾ ਸ਼ਿਕਾਰ ਹੋ ਕੇ ਨਰਕੀ ਜਿੰਦਗੀ ਕੱਟ ਰਹੇ ਹਨ। ਪਰ ਅਫਸੋਸ ਇਸ ਗੱਲ ਦਾ ਹੈ ਕਿ ਦੁਨੀਆਂ ਦੇ 194 ਦੇਸ਼ਾਂ ਵਿਚੋਂ ਸਿਰਫ 21 ਦੇਸ਼ ਹੀ ਅਜਿਹੇ ਹਨ ਜਿਹੜੇ ਵੱਡੀ ਪੱਧਰ ਤੇ ਨਸ਼ਿਆਂ ਦਾ ਉਤਪਾਦਨ ਕਰ ਰਹੇ ਹਨ।

ਉਹਨਾਂ ਦੇਸ਼ਾਂ ਦੀ ਲਿਸਟ ਵਿੱਚ "ਮੇਰਾ ਭਾਰਤ" ਮਹਾਨ ਵੀ ਸ਼ਾਮਿਲ ਹੈ। ਅਜਿਹਾ ਸਿਰਫ ਇਸ ਕਰਕੇ ਹੋ ਰਿਹਾ ਹੈ ਕਿ ਮੇਰੇ ਦੇਸ਼ ਦੀਆਂ ਸਰਕਾਰਾਂ ਦੇ ਹਰੇਕ ਗੱਲ ਤੇ ਹੀ ਦੂਹਰੇ ਮਿਆਰ ਹੁੰਦੇ ਹਨ।

ਇਕ ਪਾਸੇ ਤਾਂ ਨਸ਼ਿਆਂ ਦੇ ਸੁਦਾਗਰਾਂ ਲਈ ਸਖ਼ਤ ਸਜਾਵਾਂ ਹਨ ਦੂਸਰੇ ਪਾਸੇ ਸਰਕਾਰ ਵਲੋਂ ਹੀ ਨਸ਼ੇ ਬੀਜਣ ਦੀ ਇਜਾਜਤ ਦਿੱਤੀ ਜਾਂਦੀ ਹੈ। ਕੌਣ ਨਹੀਂ ਜਾਣਦਾ ਕਿ ਬਹੁਤੇ ਨਸ਼ਿਆਂ ਦੀ ਜਨਮਦਾਤੀ ਅਫੀਮ ਦੀ ਖੇਤੀ ਮੇਰੇ ਗੁਆਂਢੀ ਰਾਜ ਰਾਜਸਥਾਨ ਵਿੱਚ ਹੀ ਹੁੰਦੀ ਹੈ।

ਮੇਰੇ ਦੇਸ਼ ਦੇ ਨੌਜੁਆਨਾਂ ਲਈ ਰੁਜਗਾਰ ਨਹੀਂ ਹੈ। ਉਹ ਸੋਚਦੇ ਹਨ ਕਿ ਜਦੋਂ ਅਸੀਂ ਦੇਸ਼ ਦੀ ਤਰੱਕੀ ਵਿੱਚ ਕੋਈ ਹਿੱਸਾ ਹੀ ਨਹੀਂ ਪਾ ਰਹੇ ਹਾਂ ਨਾ ਹੀ ਅਸੀਂ ਆਪਣੇ ਮਾਂ ਪਿਉ ਲਈ ਹੀ ਕੋਈ ਸੁੱਖ ਸਹੂਲਤ ਦੇ ਸਕਦੇ ਹਾਂ ਫਿਰ ਅਸੀਂ ਧਰਤੀ ਤੇ ਬੋਝ ਕਿਉਂ ਬਣੀਏ। ਫਿਰ ਉਹ ਜਾਂ ਤਾਂ ਖੁਦਕਸ਼ੀ ਕਰਦੇ ਹਨ ਜਾਂ ਨਸ਼ੇ ਦੇ ਆਦਿ ਹੋ ਜਾਂਦੇ ਹਨ।

# ਬਾਬੇ ਤਾਰੇ ਚਾਰ-ਚੱਕ




ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਸ਼ਵ ਧਰਮ ਨੂੰ ਕਿਸੇ ਦੇਸ਼ ਜਾਂ ਕਾਲ ਦੀ ਸੀਮਾ ਵਿਚ ਬੰਦ ਕਰਨ ਦਾ ਯਤਨ ਕਰਨਾ ਉਤਨਾ ਹੀ ਗਲਤ ਹੈ, ਜਿਤਨਾ ਸੂਰਜ ਦੇ ਪ੍ਰਕਾਸ਼ ਨੂੰ ਕੁਨਾਲੀ ਹੇਠ ਲੁਕਾਣ ਦਾ ਯਤਨ ਕਰਨਾ। ਜਿਵੇਂ ਸੂਰਜ ਦਾ ਪ੍ਰਕਾਸ਼ ਸਾਰੇ ਸੰਸਾਰ ਲਈ ਸਾਂਝਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਵੱਲੋਂ ਬਖਸ਼ਿਆ ਹੋਇਆ ਰੂਹਾਨੀਅਤ ਦਾ ਪ੍ਰਕਾਸ਼ ਵੀ ਸਾਰੀ ਮਨੁੱਖਤਾ ਲਈ ਸਾਂਝਾ ਹੈ।

ਸਭੇ ਸਾਂਝੀਵਾਲ ਸਦਾਇਨ
ਕੋਇ ਨ ਦਿਸੈ ਬਾਹਰਾ ਜੀਉ।।

ਇਹੋ ਕਾਰਨ ਹੈ ਕਿ ਸਿੱਖ ਕੌਮ ਦੇ 'ਵੇਦ-ਵਿਆਸ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਸ਼ਵ-ਧਰਮ ਨੂੰ ਸੂਰਜ ਨਾਲ ਸਮਾਨਤਾ ਦਿੱਤੀ ਹੈ ਤੇ ਹੋਰ ਧਰਮਾਂ ਨੂੰ ਤਾਰਿਆਂ ਨਾਲ ਤਸਬੀਹ ਦਿੱਤੀ ਹੈ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ।।
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।


ਗਿਆਨੀ ਜੰਗ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਮਾਨਵਤਾ ਦੇ ਕਲਿਆਣ ਲਈ ਜੋ ਤਿੰਨ ਪ੍ਰਧਾਨ ਅਸੂਲ ਦੱਸੇ ਹਨ- "ਨਾਮ ਜਪਣਾ, ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛਕਣਾ" ਇਸ ਉਤੇ ਸਾਰੇ ਮਜ਼ਹਬਾਂ ਨੂੰ ਮੰਨਣ ਵਾਲੇ ਲੋਕ ਬਿਨਾਂ ਸੰਕੋਚ ਦੇ ਅਮਲ ਕਰ ਸਕਦੇ ਹਨ ਤੇ ਇਹਨਾਂ ਉਤੇ ਅਮਲ ਕਰਨ ਨਾਲ ਉਨ੍ਹਾਂ ਦੇ ਪਹਿਲਾਂ ਧਾਰਨ ਕੀਤੇ ਹੋਏ ਮਜ਼ਹਬ ਦੇ ਕਿਸੇ ਵੀ ਮੁਢਲੇ ਅਸੂਲ ਦੀ ਉਲੰਘਣਾ ਨਹੀਂ ਹੁੰਦੀ। ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਦੱਸੇ ਸਰਬਤ ਦੇ ਭਲੇ ਦੇ ਅਸੂਲਾਂ ਦਾ ਕਿਸੇ ਵੀ ਮਜ਼ਹਬ ਦੇ ਅਸੂਲਾਂ ਨਾਲ ਟਕਰਾਓ ਨਹੀਂ। ਸਗੋਂ ਇਹ ਸਰਬ ਮੇਲ ਧਰਮ ਹੈ ਜੋ ਸਹੀ ਅਰਥਾਂ ਵਿਚ ਸਾਰੀ ਮਾਨਵਤਾ ਦੇ ਭਲੇ ਦੀ ਪ੍ਰੇਰਨਾ ਦਿੰਦਾ ਹੈ।

ਕੁਝ ਸਿੱਖਾਂ ਨੇ ਜੋ ਗੁਰੂ ਨਾਨਕ ਦੇਵ ਜੀ ਦੇ ਵਿਸ਼ਵ ਵਿਆਪੀ ਧਰਮ ਬਾਰੇ ਸੋਝੀ ਰੱਖਦੇ ਇਹ ਗਲਤ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਗੁਰੂ ਨਾਨਕ ਦੇਵ ਕੇਵਲ ਇਕ ਫਿਰਕੇ ਦੇ ਗੁਰੂ ਹਨ ਤੇ ਉਨ੍ਹਾਂ ਦੇ ਥਾਪੇ ਹੋਏ ਸਿਧਾਂਤ ਵੀ ਕੇਵਲ ਉਸ ਫਿਰਕੇ ਦੀ ਚੜ੍ਹਦੀ ਕਲਾ ਲਈ ਹੀ ਥਾਪੇ ਗਏ ਹਨ। ਉਹਨਾਂ ਨੇ ਗੁਰੂ ਬਾਣੀ ਦੇ ਰੂਹਾਨੀਅਤ ਦੇ ਗਿਆਨ ਨੂੰ ਕੇਵਲ ਸਿੱਖਾਂ ਲਈ ਸੀਮਤ ਕਰਕੇ "ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰੂ ਨਾਨਕ ਕੀ ਵਡਿਆਈ" ਨੂੰ ਦੇਸ਼ ਤੇ ਕਾਲ ਦੀਆਂ ਸਰਹੱਦਾਂ ਵਿਚ ਸੀਮਤ ਕਰਨ ਦੇ ਬਿਰਥੇ ਯਤਨ ਕਰਨੇ ਸ਼ੁਰੂ ਕਰ ਦਿੱਤੇ ਹਨ। ਅਜਿਹਾ ਕਰਕੇ ਉਹ ਗੁਰੂ ਨਾਨਕ ਦੀ ਵਡਿਆਈ ਨੂੰ ਸਾਰੇ ਸੰਸਾਰ ਵਿਚ ਫੈਲਾਉਣ ਦੇ ਆਪਦੇ ਫਰਜ਼ ਤੋਂ ਅਵੇਸਲੇ ਹੀ ਨਹੀਂ ਹੋ ਰਹੇ ਸਗੋਂ ਉਨ੍ਹਾਂ ਦਾ ਦ੍ਰਿਸ਼ਟੀਕੋਣ ਇਤਨਾ ਸੰਕੁਚਿਤ ਹੋ ਗਿਆ ਹੈ ਕਿ ਉਹ ਇਕ ਖਾਸ ਦਿਸਹੱਦੇ ਤੋਂ ਅੱਗੇ ਕੁਝ ਵੇਖ ਹੀ ਨਹੀਂ ਸਕਦੇ। ਗੁਰੂ ਨਾਨਕ ਦਾ ਪ੍ਰਮੇਸ਼ਰ ਤਾਂ "ਕੋਟ ਬ੍ਰਹਿਮੰਡ ਦਾ ਠਾਕੁਰ ਹੈ" ਤੇ ਗੁਰੂ ਨਾਨਕ ਦੇ ਧਰਮ ਦਾ ਘੇਰਾ ਵੀ ਉਤਨਾ ਹੀ ਵਿਸ਼ਾਲ ਹੈ ਜਿਤਨਾ ਪ੍ਰਮੇਸ਼ਰ ਦੇ ਰੂਹਾਨੀ ਪ੍ਰਕਾਸ਼ ਦਾ ਘੇਰਾ ਹੈ। ਇਸ ਕਰਕੇ ਜਿਸ ਗੁਰਸਿੱਖ ਨੂੰ ਗੁਰੂ ਨਾਨਕ ਦੇ ਸਰਬ ਵਿਆਪਕ ਧਰਮ ਦਾ ਸਹੀ ਗਿਆਨ ਹੈ, ਉਸ ਦਾ ਦ੍ਰਿਸ਼ਟੀਕੋਣ ਕਦੇ ਵੀ ਕਿਸੇ ਸੰਕੁਚਿਤ ਫਿਰਕੂ ਸੋਚ ਦੇ ਦਾਇਰੇ ਵਿਚ ਸੀਮਤ ਨਹੀਂ ਹੋਣਾ ਚਾਹੀਦਾ।

ਗੁਰਬਾਣੀ ਵਿਚ ਫੁਰਮਾਨ ਆਇਆ ਹੈ:-
ਜਗਤ ਜਲੰਦਾ ਰਖ ਲੈ ਆਪਨੀ ਕਿਰਪਾ ਧਾਰਿ।।
ਜਿਤ ਦੁਆਰੇ ਉਬਰੈ ਤਿਤੇ ਲੋਹੁ ਉਬਾਰਿ।।

"ਸਤਿਗੁਰ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ" ਦੇ ਮਹਾਂਵਾਕ ਅਨੁਸਾਰ ਜੇ ਸਤਿਗੁਰ ਸਾਰੇ ਸੰਸਾਰ ਦਾ ਭਲਾ ਲੋਚਦੇ ਹਨ ਤਾਂ ਗੁਰਸਿੱਖਾਂ ਨੂੰ ਵੀ ਸਰਬੱਤ ਦੇ ਭਲੇ ਦੇ ਸਿਧਾਂਤ ਤੋਂ ਲਾਂਭੇ ਜਾ ਕੇ, ਫਿਰਕੂ ਸੋਚ ਅਨੁਸਾਰ ਕਿਸੇ ਇਕ ਫਿਰਕੇ ਦਾ ਭਲਾ ਮੰਗਣਾ ਤੇ ਫਿਰਕੂ ਵੰਡੀਆਂ ਪਾ ਕੇ ਵੈਰ ਵਿਰੋਧ ਤੇ ਈਰਖਾ ਦੇ ਵੱਸ ਹੋ ਕੇ ਦੂਜੇ ਫਿਰਕੇ ਦੇ ਨਿਰਦੋਸ਼ ਲੋਕਾਂ ਨੂੰ ਕਤਲ ਕਰਨ ਵਾਲੇ ਭੁੱਲੜ ਲੋਕਾਂ ਦੀ ਹਾਮੀ ਨਹੀਂ ਭਰਨੀ ਚਾਹੀਦੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਹਾਨੀਅਤ ਦਾ ਗਿਆਨ ਜੇ ਕਿਸੇ ਇਕ ਫਿਰਕੇ ਲਈ ਸੀਮਤ ਹੁੰਦਾ ਤਾਂ ਉਹ ਪ੍ਰਸਿੱਧ ਹਿੰਦੂ ਤੀਰਥਾਂ ਉਤੇ ਜਾ ਕੇ ਬ੍ਰਾਹਮਣਾਂ ਵੱਲੋਂ ਫੈਲਾਏ ਭਰਮ ਭੁਲੇਖੇ ਦੂਰ ਕਰਨ ਦੇ ਯਤਨ ਨਾ ਕਰਦੇ ਅਤੇ ਮੱਕਾ ਸ਼ਰੀਫ ਵਿਚ ਜਾ ਕੇ ਮੁਸਲਮਾਨ ਵੀਰਾਂ ਨੂੰ ਇਹ ਦੱਸਣ ਲਈ ਇਤਨੇ ਲੰਬੇ ਸਫਰ ਨਾ ਕਰਦੇ ਕਿ ਉਸ ਸਰਬ ਵਿਆਪਕ ਤੇ ਲਾ ਮਕਾਨ ਅਲਾਹ ਨੂੰ ਕਿਸੇ ਇਕ ਮੁਕਾਮ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਸਭ ਲੋਕਾਂ ਨੂੰ ਈਸ਼ਵਰ ਦਾ ਗਿਆਨ ਦੇ ਕੇ ਇਹ ਸਮਝਾਉਣ ਦਾ ਯਤਨ ਕੀਤਾ ਕਿ- "ਏਕ ਪਿਤਾ ਏਕਸ ਕੇ ਹਮ ਬਾਰਕ" ਦੇ ਮਹਾਵਾਕ ਅਨੁਸਾਰ ਈਸ਼ਵਰ ਸਭ ਦਾ ਪਿਤਾ ਹੈ ਤੇ ਸਾਰੇ ਮਨੁੱਖ ਉਸ ਦੇ ਪੁੱਤਰ ਹਨ। ਜੇ ਗੁਰੂ ਜੀ ਦੇ ਇਸ ਹੁਕਮ ਉਤੇ ਸਾਰੀ ਮਾਨਵਤਾ ਅਮਲ ਕਰਨ ਲੱਗ ਪਵੇ ਤਾਂ ਜਾਤਿ-ਪਾਤਿ ਰੰਗ-ਨਸਲ ਤੇ ਦੇਸ਼ ਕਾਲ ਆਦਿ ਦੇ ਸਾਰੇ ਵਿਤਕਰੇ ਖਤਮ ਹੋ ਸਕਦੇ ਹਨ ਤੇ ਸਾਰੇ ਮਨੁੱਖ ਇਕੋ ਪਿਆਰ ਦੀ ਲੜੀ ਵਿਚ ਪਰੋਏ ਜਾ ਸਕਦੇ ਹਨ। ਜਦੋਂ ਤੱਕ ਸੰਸਾਰ ਦੇ ਜੀਵ ਗੁਰੂ ਨਾਨਕ ਦੇਵ ਦੇ ਦਰਸਾਏ ਇਸ ਮਾਰਗ ਉਤੇ ਚੱਲਣਗੇ, ਸੰਸਾਰ ਵਿਚ ਸਦੀਵੀ ਅਮਨ ਹੋਣਾ ਕਠਿਨ ਹੀ ਨਹੀਂ ਸਗੋਂ ਅਸੰਭਵ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਹਨ -

ਬਾਬੇ ਡਿਠਾ ਧਿਆਨ ਧਰ ਜਲਤੀ ਸਭ ਪ੍ਰਿਥਮੀ ਦਿੱਸ ਆਈ।
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੋਕਾਈ।

ਗੁਰੂ ਨਾਨਕ ਦੇਵ ਜੀ ਨੇ ਲੰਮੀ ਨਦਰ ਨਾਲ ਵੇਖਿਆ ਤਾਂ ਸਾਰਾ ਸੰਸਾਰ ਹੀ ਈਰਖਾ, ਦਵੈਸ਼ ਤੇ ਵੈਰ-ਵਿਰੋਧ ਦੀ ਅੱਗ ਵਿਚ ਸੜਦਾ ਨਜ਼ਰ ਆਇਆ। ਇਹ ਅਗਨ ਉਹ ਨਹੀਂ ਜਿਸਨੂੰ ਪਾਣੀ ਨਾਲ ਬੁਝਾਇਆ ਜਾ ਸਕੇ। ਇਹ ਅਗਨ ਬਾਣੀ ਨਾਲ ਬੁਝ ਸਕਦੀ ਹੈ। ਇਸ ਕਰਕੇ ਗੁਰੂ ਨਾਨਕ ਦੇਵ ਜੀ ਨੇ ਉਹ ਬਾਣੀ ਉਚਾਰਨ ਕੀਤੀ ਜੋ ਤਪਦੇ ਹਿਰਦਿਆਂ ਨੂੰ ਸ਼ਾਂਤ ਕਰਨ ਵਾਲੀ ਹੈ। ਜੇ ਬਾਣੀ ਪੜ੍ਹਨ ਵਾਲੇ ਗੁਰਸਿੱਖ ਦਾ ਹਿਰਦਾ ਵੀ ਈਰਖਾ ਦਵੈਖ ਦੀ ਅੱਗ ਨਾਲ ਸੜ ਰਿਹਾ ਹੈ ਤਾਂ ਜਾਂ ਉਹ ਇਕ ਮਨ ਇਕ ਚਿਤ ਹੋ ਕੇ ਬਾਣੀ ਨਹੀਂ ਪੜ੍ਹਦਾ ਤੇ ਜਾਂ ਫਿਰ ਬਾਣੀ ਦੇ ਅਸਲੀ ਭਾਵ ਨੂੰ ਨਹੀਂ ਸਮਝਦਾ।

ਗੁਰੂ ਜੀ ਦਾ ਹੁਕਮ ਹੈ-
ਜੀਉ ਤਪਤ ਹੈ ਬਾਰੋ ਬਾਰ।
ਤਪ ਤਪ ਖਪੈ ਬਹੁਤ ਬੇਕਾਰ।
ਜੈ ਤਨ ਬਾਣੀ ਵਿਸਰ ਜਾਇ।
ਜਿਉ ਪਕਾ ਰੋਗੀ ਵਿਲਲਾਇ।
ਆਖਾ ਜੀਵਾ ਵਿਸਰੈ ਮਰ ਜਾਉ।
ਆਖਣ ਅਉਖਾ ਸਾਚਾ ਨਾਉ।

ਬਾਣੀ ਪੜ੍ਹਨ ਤੇ ਬਾਣੀ ਨੂੰ ਸਮਝਣ ਵਾਲੇ ਗੁਰਸਿੱਖ ਦਾ ਹਿਰਦਾ ਤਾਂ ਇਤਨਾ ਸ਼ਾਂਤ ਹੋਣਾ ਚਾਹੀਦਾ ਹੈ ਕਿ ਵੈਰ-ਵਿਰੋਧ ਦੀ ਅਗਨ ਉਸਦੇ ਨੇੜੇ ਵੀ ਨਹੀਂ ਆ ਸਕਦੀ ਪ੍ਰੰਤੂ ਜਦੋਂ ਅੱਜ ਅਸੀਂ ਇਹ ਵੇਖਦੇ ਹਾਂ ਕਿ ਗੁਰਸਿੱਖ ਜੋ ਨਿਤਨੇਮੀ ਤੇ ਪ੍ਰੇਮੀ ਹੋਣ ਦਾ ਦਾਅਵਾ ਕਰਦੇ ਹਨ ਪਰ ਉਨ੍ਹਾਂ ਦੇ ਹਿਰਦੇ ਵਿਚ ਵੈਰ-ਵਿਰੋਧ ਤੇ ਕ੍ਰੋਧ ਸਧਾਰਨ ਸਿੱਖਾਂ ਨਾਲੋਂ ਬਹੁਤ ਜ਼ਿਆਦਾ ਹੁੰਦਾ ਹੈ ਤਾਂ ਬੜੀ ਹੈਰਾਨੀ ਹੁੰਦੀ ਹੈ। ਇਸ ਗੁੰਝਲ ਦਾ ਹੱਲ ਵੀ ਗੁਰਬਾਣੀ ਵਿਚ ਦੱਸਿਆ ਹੋਇਆ ਹੈ ਪਰ ਅਸੀਂ ਉਸਨੂੰ ਲੱਭਣ ਦਾ ਯਤਨ ਨਹੀਂ ਕਰਦੇ।

ਗੁਰਬਾਣੀ ਵਿਚ ਹੀ ਹੁਕਮ ਆਇਆ ਹੈ-
ਸਚਾ ਸਤਿਗੁਰ ਕਿਆ ਕਰੈ ਜਉ ਸਿਖ ਮਹਿ ਚੂਕ।
ਅੰਧੈ ਏਕ ਨਾ ਲਾਗਈ ਜਿਉ ਬਾਸ ਬਜਾਈ ਫੂਕ।

ਗੁਰੂ ਜੀਨੇ ਸਾਨੂੰ ਮੂਲ-ਮੰਤਰ ਵਿਚ ਹੀ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਗੁਰਸਿੱਖ ਨੂੰ 'ਨਿਰਭਉ' ਤੇ 'ਨਿਰਵੈਰ' ਹੋਣਾ ਚਾਹੀਦਾ ਹੈ ਪ੍ਰੰਤੂ ਇਸ ਵਿਚ ਵੀ ਇਕ ਗੂੜ੍ਹਾ ਭੇਦ ਹੈ। ਜੇ ਕੋਈ ਵਿਅਕਤੀ ਨਿਰਵੈਰ ਹੋਏ ਤੋਂ ਬਿਨਾਂ ਨਿਰਭਉ ਹੋ ਜਾਵੇ ਤਾਂ ਉਹ ਜ਼ਾਲਮ ਬਣ ਜਾਂਦਾ ਹੈ। ਸਾਡੀ ਕੌਮ ਦੇ ਕੁਝ ਨੌਜਵਾਨ ਨਿਰਵੈਰ ਤਾਂ ਹੋਏ ਨਹੀਂ ਪਰ ਨਿਰਭਉ ਹੋ ਗਏ ਤੇ ਉਨ੍ਹਾਂ ਨੂੰ ਆਪਣੇ ਪਰਾਏ ਦੀ ਪਛਾਣ ਹੀ ਭੁੱਲ ਗਈ ਤੇ ਉਹ ਆਪਣੇ ਤੇ ਪਰਾਏ ਸਭ ਨੂੰ ਗੋਲੀਆਂ ਨਾਲ ਉਡਾਉਣ ਲੱਗੇ ਤੇ ਇਸੇ ਨੂੰ ਕੌਮ ਦੀ ਜਾਂ ਪੰਥ ਦੀ ਸਭ ਤੋਂ ਵੱਡੀ ਸੇਵਾ ਸਮਝਣ ਲੱਗ ਪਏ। ਗੁਰਬਾਣੀ ਵਿਚ ਕੁਝ ਪੰਗਤੀਆਂ ਐਸੀਆਂ ਆਈਆਂ ਹਨ ਕਿ ਜਦੋਂ ਤੱਕ ਦੋਹਾਂ ਦੇ ਸਮੁੱਚੇ ਭਾਵ ਨੂੰ ਨਾ ਸਮਝਿਆ ਜਾਵੇ ਤਾਂ ਅਨਰਥ ਹੋ ਜਾਂਦਾ ਹੈ-

ਸਤਿਗੁਰ ਸਿਖ ਕੇ ਬੰਧਨ ਕਾਟੈ।।
ਗੁਰ ਕਾ ਸਿੱਖ ਬਿਕਾਰ ਤੇ ਹਾਟੈ।।
ਨਿਰਭਉ ਹੋਇਓ ਭਇਆ ਨਿਹੰਗਾ।।
ਚੀਤ ਨਾ ਆਇਓ ਕਰਤਾ ਸੰਗਾ।।

ਸਤਗਿਰ ਉਸ ਸਿੱਖ ਦੇ ਬੰਧਨ ਕਟਦਾ ਹੈ ਜੋ ਵਿਕਾਰਾਂ ਤੋਂ ਹਟ ਕੇ ਸਿਮਰਨ ਵਿਚ ਲੱਗ ਜਾਂਦਾ ਹੈ ਪਰ ਅੱਜਕਲ੍ਹ ਦੇ ਕੁਝ ਗੁਰਸਿੱਖ ਵਿਕਾਰਾਂ ਤੋਂ ਤਾਂ ਹਟਦੇ ਨਹੀਂ ਤੇ ਗੁਰੂ ਨੂੰ ਇਹ ਦੋਸ਼ ਦਿੰਦੇ ਹਨ ਕਿ ਉਸਨੇ ਸਾਡੇ ਬੰਧਨ ਨਹੀਂ ਕੱਟੇ। ਇਸੇ ਤਰ੍ਹਾਂ ਨਿਰਭਉ ਤਾਂ ਹੋ ਗਏ ਪਰ ਵਾਹਿਗੁਰੂ ਨੂੰ ਅੰਗ ਸੰਗ ਅਨੁਭਵ ਨਹੀਂ ਕੀਤਾ ਜਿਸ ਕਰਕੇ ਉਹਨਾਂ ਦਾ ਨਿਰਭਉ ਹੋਣਾ ਦੇਸ਼ ਲਈ ਕੌਮ ਲਈ ਤੇ ਸਮਾਜ ਲਈ ਖਤਰਾ ਬਣ ਗਿਆ। ਅੱਜ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਵੁਣਾ ਤਾਂ ਹੀ ਸਫਲ ਹੋਵੇਗਾ ਜੇ ਗੁਰਸਿੱਖ ਨਿਰਭਉ ਦੇ ਨਾਲ ਨਾਲ ਨਿਰਵੈਰ ਵੀ ਹੋਣਾ ਸਿੱਖਣ। ਨਿਰਵੈਰ ਹੋਣ ਤੋਂ ਬਿਨਾਂ ਜਿਹੜੇ ਨੌਜਵਾਨ ਨਿਰਭਉ ਹੋ ਗਏ ਹਨ, ਉਹਨਾਂ ਨੂੰ ਨਾ ਕਾਨੂੰਨ ਦਾ ਭੈਅ ਰਿਹਾ ਹੈ ਤੇ ਨਾ ਹੀ ਗੁਰ-ਪ੍ਰਮੇਸ਼ਰ ਦਾ। ਉਹ ਦੇਸ਼ ਲਈ, ਕੌਮ ਲਈ ਤੇ ਸਮਾਜ ਲਈ ਹਿਕ ਭਿਆਨਕ ਖਤਰੇ ਦਾ ਰੂਪ ਧਾਰਨ ਕਰ ਗਏ ਹਨ, ਹਿਸ ਕਰਕੇ ਸਿੱਖ ਕੌਮ ਦੇ ਮਸਲੇ ਦਾ ਹੱਲ ਹੋਰ ਕਿਸੇ ਪਾਸ ਨਹੀਂ ਸਾਡੇ ਆਪਦੇ ਹੀ ਪਾਸ ਹੈ। ਜੇ ਅਸੀਂ ਗੁਰੂ ਨਾਨਕ ਦੇਵ ਦੇ ਮਿਸ਼ਨ ਤੇ ਉਹਨਾਂ ਦੀ ਪਵਿੱਤਰ ਬਾਣੀ ਦੇ ਤੱਤ ਭਾਵ ਨੂੰ ਸਮਝਕੇ ਆਪਣੇ ਜੀਵਨ ਨੂੰ ਗੁਰਬਾਣੀ ਦੇ ਸੰਚੇ ਵਿਚ ਢਾਲ ਲਈਏ ਤਾਂ ਅਸੀਂ ਉਸ ਸੱਚੇ ਮਾਰਗ ਤੇ ਤੁਰ ਸਕਦੇ ਹਾਂ ਜਿਸ ਬਾਰੇ ਲਿਖਿਆ ਹੈ:-

ਸਚੇ ਮਾਰਗ ਚਲਦਿਆ ਉਸਤਤਿ ਕਰੈ ਜਹਾਨ।

ਫਿਰ ਗੁਰਸਿੱਖਾਂ ਦਾ ਉਹ ਵਕਾਰ ਮੁੜ ਬਹਾਲ ਹੋ ਸਕਦਾ ਹੈ ਜੋ ਸਾਡੀਆਂ ਗਲਤ ਕਰਤੂਤਾਂ ਨਾਲ ਸਾਡੇ ਪਾਸੋਂ ਖੁਸ ਗਿਆ ਹੈ ਤੇ ਜੇ ਗੁਰਸਿੱਖ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨ ਤਾਂ ਸਾਰੇ ਜੱਗ ਵਿਚ ਉਨ੍ਹਾਂ ਦੀ ਤੇ ਉਨ੍ਹਾਂ ਦੇ ਸਤਿਗੁਰਾਂ ਦੀ ਸ਼ੋਭਾ ਜਸ ਤੇ ਕੀਰਤੀ ਫੈਲ ਸਕਦੀ ਹੈ ਤੇ। "ਸਗਲ ਜਗਤ ਮੈਂ ਖਾਲਸਾ ਪੰਥ ਗਾਜੈ" ਦੇ ਕਥਨ ਅਨੁਸਾਰ ਪੰਥ ਦੀ ਚੜ੍ਹਦੀ ਕਲਾ ਤੇ ਪੰਥ ਦੇ ਬੋਲਬਾਲੇ ਹੋ ਸਕਦੇ ਹਨ।

# ਇਨਸਾਨੀਅਤ ਦੇ ਅਸੂਲਾਂ ਵਾਲੀ ਸੰਘਰਸ਼-ਸ਼ੀਲ ਤੇ ਉਦਮੀ ਕਲਮ- ਸੁਖਚਰਨ ਸਿੰਘ ਸਾਹੋਕੇ


ਪ੍ਰੀਤਮ ਲੁਧਿਆਣਵੀ
+91-9876428641

"ਲੇਖਕ ਬਣ ਜਾਣਾ ਕੋਈ ਵੱਡੀ ਗੱਲ ਨਹੀ ਹੁੰਦੈ। ਮਾਅਇਨੇ ਇਸ ਗੱਲ ਦੇ ਹਨ ਕਿ ਉਹ ਲੇਖਕ ਬਣਨ ਤੋਂ ਪਹਿਲਾਂ ਚੰਗਾ ਇੰਨਸਾਨ ਬਣੇ: ਕਿਉਂਕਿ ਇੰਨਸਾਨ ਦੀ ਉਚੀ-ਸੁੱਚੀ, ਨਿਸ਼ਕਾਮ ਤੇ ਅਗਾਂਹ-ਵਧੂ ਉਸਾਰੂ ਸੋਚ ਇੰਨਸਾਨ ਨੂੰ ਸ਼ੁਹਰਤ ਦੀਆਂ ਉਨ੍ਹਾਂ ਬੁਲੰਦੀਆਂ ਉਤੇ ਪਹੁੰਚਾ ਦਿੰਦੀ ਹੈ, ਜਿਨ੍ਹਾਂ ਬੁਲੰਦੀਆਂ ਨੂੰ ਪੈਸੇ ਨਾਲ ਨਹੀ ਛੋਹਿਆ ਜਾ ਸਕਦਾ। ਮੈਂ ਕਈ ਐਸੇ ਲੇਖਕ ਤੇ ਗਾਇਕ ਦੇਖੇ ਹਨ ਜੋ ਪ੍ਰਚਾਰ ਤਾਂ ਕਰ ਰਹੇ ਹੁੰਦੇ ਹਨ 'ਨਸ਼ਾ-ਮੁਕਤੀ' ਦਾ, ਪਰ ਖੁਦ ਉਨ੍ਹਾਂ ਨੇ ਨਸ਼ਾ ਕੀਤਾ ਹੁੰਦਾ ਹੈ ਉਸ ਵਕਤ। ਲੇਖਕ ਤੇ ਗਾਇਕ ਸ਼ੀਸ਼ੇ ਦੀ ਤਰਾਂ ਇਕ-ਮਿਕ ਹੋਣੇ ਚਾਹੀਦੇ ਹਨ, ਅੰਦਰੋਂ-ਬਾਹਰੋਂ।" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਨ ਵਾਲੇ ਸਖਸ਼ ਹਨ- ਸੁਖਚਰਨ ਸਿੰਘ ਸਾਹੋਕੇ। ਹਸੂ-ਹਸੂ ਕਰਦੇ ਚਿਹਰੇ ਵਾਲਾ ਇਕ ਐਸਾ ਸਖਸ਼, ਜਿਸ ਕੋਲ ਜਾਨਦਾਰ ਤੇ ਸ਼ਾਨਦਾਰ ਕਹਾਣੀਆਂ ਅਤੇ ਕਵਿਤਾਵਾਂ ਲਈ ਮਿਆਰੀ ਕਲਮ ਤਾਂ ਹੈ ਹੀ, ਪਰ ਉਸਤੋਂ ਵੀ ਵੱਧ ਇੰਨਸਾਨੀਅਤ ਦਾ ਮਾਦਾ ਹੈ, ਉਸ ਵਿਚ। ਜਿਲ੍ਹਾ ਸੰਗਰੂਰ 'ਚ ਪੈਂਦੇ ਪਿੰਡ ਸਾਹੋਕੇ ਵਿਖੇ 10.08.1960 ਨੂੰ ਜਨਮਿਆ ਇਹ ਸਖਸ਼ ਇਕ ਇਹੋ ਜਿਹੇ ਘਰਾਣੇ ਦੀ ਪੈਦਾਇਸ਼ ਹੈ, ਜਿਸ ਘਰਾਣੇ ਨੂੰ ਸਹੀ ਮਾਅਨਿਆਂ ਵਿਚ, ਬੜੇ ਗੌਰਵ ਨਾਲ 'ਇਨਸਾਨੀਅਤ ਦੇ ਪੁਤਲੇ' ਕਿਹਾ ਜਾ ਸਕਦਾ ਹੈ।

ਕਿਹਾ ਕਰਦੇ ਹਨ ਕਿ ਰਾਜਨੀਤਿਕ ਖੇਤਰ ਵਿਚ ਦੁਨੀਆਂ ਭਰ ਦੇ ਝੂਠ-ਤੂਫਾਨ ਤੋਂ ਸਿਵਾਏ ਹੋਰ ਕੁਝ ਵੀ ਨਹੀ ਹੁੰਦਾ। ਪਰ, ਇਸ 'ਸਾਹੋਕੇ' ਘਰਾਣੇ ਦੀ ਡਾਇਰੀ ਫਰੋਲਦਿਆਂ ਪਤਾ ਲੱਗਦਾ ਹੈ ਕਿ ਸੱਚ, ਇਮਾਨਦਾਰੀ ਅਤੇ ਦਿਆਂਤਦਾਰੀ ਦਾ ਵੀ ਅਜੇ ਬੀਜ-ਨਾਸ ਨਹੀਂ ਹੋਇਆ। 'ਸਾਹੋਕੇ' ਘਰਾਣੇ ਦੇ ਵਾਰਸ, ਭਾਵ ਸੁਖਚਰਨ ਜੀ ਦੇ ਪਿਤਾ ਸਵ: ਪ੍ਰੀਤਮ ਸਿੰਘ ਸਾਹੋਕੇ ਐਮ. ਐਲ. ਏ., ਪੰਜਾਬ ਦੇ ਰਾਜਨੀਤਕ ਹਲਕਿਆਂ ਦੀ ਇਮਾਨਦਾਰੀ ਅਤੇ ਦਿਆਂਤਦਾਰੀ ਪੱਖੋ ਹਰਮਨ-ਪ੍ਰਿਯਤਾ ਖੱਟ ਚੁੱਕੀ, ਜਾਣੀ-ਪਛਾਣੀ ਸਖਸ਼ੀਅਤ, ਇਕ ਐਸੀ 'ਸੱਚ ਦੀ ਮੂਰਤ' ਸਨ, ਜਿਨ੍ਹਾਂ ਦਾ ਨਾਂਓਂ ਲੈਂਦਿਆਂ ਹੀ ਸਿਰ ਅਦਬ-ਸਤਿਕਾਰ ਨਾਲ ਝੁਕ ਜਾਂਦਾ ਹੈ, ਆਮ-ਮੁਹਾਰੇ ਹੀ। ਪੰਜਾਬ ਦੀ ਰਾਜਨੀਤੀ ਵਿਚ 1952 ਤੋਂ 1967 ਤੱਕ ਲਗਾਤਾਰ ਉਹਨਾਂ ਦਾ ਐਮ. ਐਲ. ਏ. ਚੁਣੇ ਜਾਂਦੇ ਰਹਿਣਾ ਮਮੂਲੀ ਗੱਲ ਨਹੀ ਸੀ। ਖਾਸੀਅਤ ਇਹ ਕਿ ਉਨ੍ਹਾਂ ਨੇ ਇਕ 'ਫਵਾਦਾਰ ਸਿਪਾਹੀ' ਵਾਂਗ ਇਕੋ ਹੀ ਪਾਰਟੀ ਦੀ ਦਿਲੋਂ ਮਨੋ ਵਫਾਦਾਰੀ ਨਿਭਾਈ। ਜੇਕਰ ਉਹ ਵੀ ਅੱਜ ਦੇ ਦਲ-ਬਦਲੂਆਂ ਵਾਂਗ ਮੰਤਰੀ ਬਣਨ ਦੀ ਲਾਲਸਾ ਰੱਖਦੇ ਹੁੰਦੇ ਤਾਂ ਹਰ ਬਾਰ ਮੰਤਰੀ ਬਣ ਸਕਦੇ ਸਨ। ਪਰ, ਧਨ ਸਨ, ਸਾਹੋਕੇ ਜੀ : ਜਿਨ੍ਹਾਂ ਨੂੰ ਮੰਤਰੀ ਦੇ ਅਹੁੱਦੇ ਨਾਲੋ



'ਇਨਸਾਨੀਅਤ ਦਾ ਅਹੁਦਾ' ਕਈ ਹਜਾਰ ਗੁਣਾ ਉਚੇ-ਸੁੱਚੇ ਕਿਰਦਾਰ ਵਾਲਾ ਨਜਰੀ ਆਂਉਂਦਾ ਸੀ, ਜਿਸ ਕਰਕੇ ਉਨ੍ਹਾਂ ਨੇ ਸੇਵਾ-ਭਾਵਨਾ ਅਤੇ 'ਇਨਸਾਨੀਅਤ' ਨੂੰ ਹੀ ਹਮੇਸ਼ਾਂ ਪਹਿਲ ਦਿੱਤੀ। ਇਸ ਘਰਾਣੇ ਵਿਚ ਮਾਤਾ, ਸ੍ਰੀਮਤੀ ਹਰਦੇਵ ਕੌਰ ਜੀ ਦੀ ਪਾਕਿ ਕੁੱਖੋਂ ਜਨਮ ਲੈਣ ਵਾਲਾ ਸੁਖਚਰਨ ਰਾਜਨੀਤੀ ਵਿਚ ਨਾ ਹੁੰਦੇ ਹੋਏ ਵੀ ਸੇਵਾ-ਭਾਵਨਾ, ਦਯਾ ਅਤੇ ਹਮਦਰਦੀ ਪੱਖੋਂ ਆਪਣੇ ਪਿਤਾ ਵਾਲੇ ਸਾਰੇ ਗੁਣ ਸਮੋਈ ਬੈਠਾ ਹੈ, ਆਪਣੇ ਆਪ ਵਿਚ। ਲਿਆਕਤ ਉੱਚੀ ਅਤੇ ਹਲੀਮੀ ਰੱਜਕੇ।

ਸੁਖਚਰਨ ਨੇ ਕੈਂਬਰੇਜ ਮਾਡਲ ਸਕੂਲ ਅਤੇ ਪੀ.ਐਨ. ਟੈਗੋਰ ਮਾਡਲ ਸਕੂਲ, ਸੈਕਟਰ-15, ਚੰਡੀਗੜ੍ਹ ਵਿਖੇ ਪਹਿਲੀ ਅਤੇ ਦੂਸਰੀ ਕਲਾਸ ਦੀ ਵਿੱਦਿਆ ਪ੍ਰਾਪਤ ਕਰਨ ਪਿੱਛੋ ਤੀਜੀ ਤੋਂ ਦਸਵੀਂ ਤੱਕ ਸ. ਹਾਈ ਸਕੂਲ, ਸਾਹੋਕੇ ਢੱਡਰੀਆਂ ਵਿਖੇ ਵਿੱਦਿਆ ਹਾਸਿਲ ਕੀਤੀ। ਉਪਰੰਤ 26.08.1981 ਨੂੰ ਪੰਜਾਬ ਹਾਊਸਿੰਗ ਐਂਡ ਅਰਬਨ ਡਿਵੈਲਮੈਂਟ ਬੋਰਡ ਤੋਂ ਨੌਕਰੀ ਸ਼ੁਰੂ ਕਰਕੇ, ਪਹਿਲਾਂ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵਿਚ ਅਤੇ ਫਿਰ ਬਦਲੀ ਰਾਹੀਂ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਸਰਕਾਰੀ ਨੌਕਰੀ ਵਿੱਚ ਪਹੰਚ ਗਿਆ। ਨੌਕਰੀ ਦੇ ਨਾਲ-ਨਾਲ ਉਸ ਨੇ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਸਰਕਾਰੀ ਕਾਲਜ ਸੈਕਟਰ-11, ਚੰਡੀਗੜ੍ਹ ਵਿਖੇ ਬੀ.ਏ. (ਆਨਰਜ ਪੰਜਾਬੀ) ਨਾਲ ਗਰੈਜੂਏਸ਼ਨ ਕੀਤੀ। ਉਪਰੰਤ ਉਸ ਨੇ ਐੱਮ. ਏ. (ਪੰਜਾਬੀ), ਐਲ. ਐਲ. ਬੀ. ਅਤੇ ਐਡਵਾਂਸ ਡਿਪਲੋਮਾ ਲੇਬਰ ਲਾਅਜ ਆਦਿ ਡਿਗਰੀਆਂ ਦੇ ਉਚ ਵਿੱਦਿਅਕ-ਮਾਅਰਕੇ ਮਾਰੇ।

ਜਿਥੋਂ ਤੱਕ ਉਸ ਦੇ ਸਾਹਿਤਕ ਰੁਝਾਨ ਦੀ ਗੱਲ ਹੈ, ਸੁਖਚਰਨ ਨੂੰ ਇਹ ਸ਼ੌਂਕ ਸਕੂਲ ਅਤੇ ਕਾਲਜ ਟਾਈਮ ਵਿੱਚ ਹੀ ਪੈ ਗਿਆ ਸੀ। ਆਪ ਆਪਣਾ ਸਾਹਿਤਕ-ਗੁਰੂ ਸਵ: ਡਾ. ਬਲਬੀਰ ਸਿੰਘ ਦਿਲ ਜੀ ਨੂੰ ਮੰਨਦੇ ਹਨ ਅਤੇ ਕੁਝ ਸਾਹਿਤਕ ਸੇਧ ਡਾ. ਜਗਜੀਤ ਸਿੰਘ ਸਲੂਜਾ ਤੋਂ ਵੀ ਸਮੇਂ ਸਮੇਂ ਸਿਰ ਪ੍ਰਾਪਤ ਕਰਦੇ ਰਹੇ। ਸਾਹੋਕੇ ਨੇ ਆਪਣੀ ਪਹਿਲੀ ਸਾਹਿਤਕ ਰਚਨਾ ਸਰਕਾਰੀ ਕਾਲਜ, ਸੈਕਟਰ-11, ਚੰਡੀਗੜ੍ਹ ਵਿਖੇ ਸਲਾਨਾ ਮੈਗਜੀਨ ਵਿੱਚ ਛਪਵਾਈ। ਸਾਲ 1987 ਵਿੱਚ 'ਸਕੱਤਰੇਤ ਸਮਾਚਾਰ' ਵਿੱਚ 'ਗੁਪਤ ਬੋਲੀ' ਨਾਂ ਦੀ ਇੱਕ ਰਚਨਾ ਛਪਵਾਈ। ਬਸ ਫਿਰ, ਛਪਣ ਦਾ ਸਿਲਸਿਲਾ ਹੌਲੀ-ਹੌਲੀ ਚਲਦਾ ਰਿਹਾ।

ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਬਤੌਰ ਸੁਪਰਡੰਟ, ਗ੍ਰੇਡ-1, ਸੇਵਾ ਨਿਭਾ ਰਹੇ 'ਛੁਪੇ ਰੁਸਤਮ' ਸੁਖਚਰਨ ਦੀ ਕਮਾਲ-ਮਈ ਲੇਖਣੀ ਦਾ ਰਾਜ ਹੁਣ ਉਦੋਂ ਹੋਰ ਵੀ ਖੁੱਲ੍ਹ ਕੇ ਸਾਹਮਣੇ ਆਇਆ, ਜਦੋਂ ਉਸ ਦੀਆਂ ਰਚਨਾਵਾਂ ਦੇ ਖਰੜੇ ਦੇਖ ਕੇ ਪਤਾ ਲੱਗਿਆ ਕਿ ਜਿੱਥੇ ਉਹ ਕਵਿਤਾਵਾਂ ਅਤੇ ਕਹਾਣੀਆਂ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਵਾਉਣ ਲਈ ਖਰੜਿਆਂ ਨੂੰ ਅੰਤਮ ਛੋਹਾਂ ਪ੍ਰਦਾਨ ਕਰ ਰਿਹਾ ਹੈ, ਉਥੇ ਉਸਦੇ ਨਾਲ-ਨਾਲ ਇਕ ਨਾਵਲ ਲਿਖਣ ਦੀ ਕੋਸ਼ਿਸ਼ ਵੀ ਲਗਾਤਾਰ ਜਾਰੀ ਹੈ, ਉਸ ਦੀ। ਆਪਣੇ ਇਸ ਕਲਮੀ-ਭੰਡਾਰ 'ਚੋਂ ਪਰਾਗਾ ਕੋ ਕੱਢਕੇ ਉਸ ਨੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੇ ਸਾਂਝੇ ਕਾਵਿ-ਸੰਗ੍ਰਹਿ 'ਕਲਮਾਂ ਦਾ ਸਫਰ' ਲਈ ਕਵਿਤਾਵਾਂ ਅਤੇ ਭਾਈ ਦਿੱਤ ਪੱਤਿਕਾ ਦੇ ਸਾਝੇ ਕਹਾਣੀ-ਸੰਗ੍ਰਹਿ ਲਈ ਆਪਣੀਆਂ ਕਹਾਣੀਆਂ ਛਪਣ ਲਈ ਦਿੱਤੀਆਂ ਹਨ।

ਉਹ ਇਸ ਗੱਲ ਦਾ ਮਾਣ ਮਹਿਸੂਸ ਕਰਦਾ ਹੈ ਕਿ ਆਪਣੀ ਦੋਹਤੀ 'ਮੰਨਤ' ਦੇ ਨਾਮ ਤੇ ਲਿਖੀ ਕਵਿਤਾ 'ਨੰਨ੍ਹੀ ਪਰੀ' ਨਾਲ ਉਸ ਨੇ ਕਵਿ-ਖੇਤਰ ਦੀ ਸਾਂਝੀ ਪ੍ਰਕਾਸ਼ਨਾ ਵਿੱਚ ਕਲਮੀ-ਦਸਤਕ ਦਿੱਤੀ ਹੈ।

ਚੰਡੀਗੜ੍ਹ ਦੇ ਸੈਕਟਰ-15 ਵਿਚ ਆਪਣੀ ਜੀਵਨ-ਸਾਥਣ ਸ੍ਰੀਮਤੀ ਭੁਪਿੰਦਰ ਕੌਰ ਅਤੇ ਬੱਚਿਆਂ ਨਾਲ ਡੇਰੇ ਲਾਈ ਬੈਠੇ ਸਾਹੋਕੇ ਨੇ ਇਕ ਸਵਾਲ ਦਾ ਜੁਵਾਬ ਦਿੰਦਿਆਂ ਕਿਹਾ, 'ਲੁਧਿਆਣਵੀ ਜੀ ਸਾਡੇ ਖੂਨ ਵਿਚ ਸਾਨੂੰ ਐਸੀ ਗੁੜ੍ਹਤੀ ਮਿਲੀ ਹੋਈ ਹੈ ਕਿ ਅਸੀਂ ਮਰ ਤਾਂ ਜਾਵਾਂਗੇ ਪਰ ਆਪਣੇ ਪੂਜਨੀਕ ਮਾਤਾ ਪਿਤਾ ਜੀ ਦੇ ਅਸੂਲਾਂ ਨੂੰ ਲਾਜ ਨਹੀ ਲੱਗਣ ਦਿਆਂਗੇ।'

ਇਹ ਲਿਖਣ 'ਚ ਮਨ ਨੂੰ ਸਕੂਨ ਮਿਲ ਰਿਹੈ ਕਿ ਪੈਸੇ ਦੀ ਲੱਗੀ ਦੌੜ੍ਹ-ਭੱਜ ਦੀ ਇਸ ਦੁਨੀਆਂ ਵਿਚ ਵਿਰਲੇ, ਲੱਖਾਂ ਚੋਂ ਟਾਂਵੇਂ ਟਾਵੇਂ ਹੀ ਲੋਕ ਹਨ ਜੋ 'ਸਾਹੋਕੇ' ਘਰਾਣੇ ਵਾਂਗ 'ਇਨਸਾਨੀਅਤ' ਦੀਆਂ ਕਦਰਾਂ-ਕੀਮਤਾਂ ਨੂੰ ਪੱਲੇ ਬੰਨੀ ਬੈਠੇ ਹੋਣ। ਧੰਨ ਸਨ, ਸਵ: ਪ੍ਰੀਤਮ ਸਿੰਘ ਸਾਹੋਕੇ ਐਮ. ਐਲ. ਏ. ਅਤੇ ਧੰਨ ਹੈ ਉਨ੍ਹਾਂ ਦਾ ਲਾਡਲਾ ਸੁਖਚਰਨ ਸਿੰਘ ਸਾਹੋਕੇ (ਐਮ. ਏ., ਐਲ. ਐਲ. ਬੀ.)। ਘਰ ਘਰ ਪੈਦਾ ਹੋਣ ਸੁਖਚਰਨ ਵਰਗੀਆਂ ਮਿਹਨਤੀ, ਸੰਘਰਸ਼-ਸ਼ੀਲ, ਉਦਮੀ, ਵਿਦਵਾਨ ਅਤੇ ਸੱਚੀ-ਸੁੱਚੀ ਉਸਾਰੂ ਸੋਚ ਦੀਆਂ ਮਾਲਕ ਕਲਮਾਂ! ਆਮੀਨ!

# ਉਨੀਂਦੀਆਂ ਅੱਖਾਂ ਦਾ ਰਹੱਸ

ਡਾ. ਜਤਿੰਦਰ ਕੌਰ ਰੰਧਾਵਾ
(647) 982-2390



ਮੈਂ ਸਾਹੋ ਸਾਹੀ ਹੋਈ, ਲੰਚ ਰੂਮ ਵਿਚ ਇਕ ਪਾਸੇ ਬਣੇ ਕੋਟ ਰੈਕ ਵਿਚ ਆਵਦੀ ਜਾਕੇਟ ਹੈਂਗਰ ਵਿਚ ਟੰਗਣ ਦੇ ਯਤਨ ਵਿਚ ਸਾਂ ਕਿ ਕੋਲੋਂ ਲੰਘਦੀ ਨੇ ਸੂ ਨੇ ਜੋ ਆਵਦਾ ਕੋਟ ਪਾ ਬਟਨ ਬੰਦ ਕਰ ਰਹੀ ਸੀ, ਨੇ ਆਪਣਾ ਸਵਾਲ ਹਵਾ ਵਿਚ ਉਛਾਲਿਆ, 'ਹਾਓ ਆਰ ਯੂ ਜੈਕੀ''?

ਮੈਂ ਬਿਨਾਂ ਉਸ ਵੱਲ ਦੇਖਿਆਂ ਜਵਾਬ ਦਿੱਤਾ 'ਆਈ ਐਮ ਗੁੱਡ' ਥੈਂਕਸ ਅਤੇ ਹੁਣ ਮੇਰੇ ਹੱਥ ਹੈਂਡ ਬੈਗ ਵਿਚੋਂ ਸਵਾਈਪ ਕਾਰਡ ਟਟੋਲ ਰਹੇ ਸਨ ਪਰ ਕਾਹਲੀ ਵਿਚ ਹੋਣ ਕਰਕੇ ਮੈਨੂੰ ਇਸ ਭਰੇ ਬੈਗ ਵਿਚ ਕਾਰਡ ਲੱਭਣਾ ਹੀ ਔਖਾ ਹੋ ਰਿਹਾ ਸੀ। ਤੇ ਅੱਖਾਂ ਸੀ ਖੁੱਲ੍ਹ ਹੀ ਨਹੀਂ ਰਹੀਆਂ ਸਨ, ਪੂਰੀ ਜੋਰ ਲਾ ਕੇ ਖੋਲ੍ਹ ਰਹੀ ਸਾਂ। ਮਨ ਵਿਚ ਕਾਹਲ ਪੈ ਰਹੀ ਸੀ ਕਿ ਦੋ ਮਿੰਟ ਲੇਟ ਹੋ ਚੁੱਕੀ ਸਾਂ ਤੇ ਜੇ ਹੋਰ ਦੋ-ਚਾਰ ਮਿੰਟ ਜ਼ਾਇਆ ਹੋ ਗਏ ਤੇ ਸਿਸਟਮ ਵਿਚ ਲੇਟ ਮਾਰਕ ਹੋ ਜਾਣਾ ਹੈ, ਪਰ ਸੂ ਵੀ ਮੇਰਾ ਖਹਿੜਾ ਹੀ ਨਹੀਂ ਛੱਡ ਰਹੀ ਸੀ।

'ਆਰ ਯੂ ਸ਼ਿਓਰ ਯੂ ਆਰ ਫਾਈਨ', ਉਸਨੇ ਫਿਰ ਸਵਾਲ ਕੀਤਾ। ਹੁਣ ਮੈਨੂੰ ਉਸ ਨਾਲ ਅੱਖ ਮਿਲਾਉਣੀ ਹੀ ਪਈ, 'ਯੈਸ ਐਮ ਫਾਈਨ' ਮੈਂ ਜ਼ੋਰ ਲਗਾ ਕੇ ਆਖਿਆ।

''ਮਾਈ ਗਾਡ, ਯੂ ਲੁਕ ਵੈਰੀ ਸਲੀਪੀ, ਯੁਅਰ ਆਈਜ਼ ਆਰ ਰੈਡ' ਮੇਰੀਆਂ ਅੱਖਾਂ ਵਿਚ ਦੇਖਦੀ ਸੂਹ ਬੋਲੀ: 'ਇਟਸ ਨਾਟ ਟੂ ਅਰਲੀ- ਸੋ ਵਾਏ ਯੂ ਆਰ ਸਲੀਪੀ ਐਂਡ tired' ਮੈਂ ਕੁਝ ਜਵਾਬ ਦਿੰਦੀ ਇਸ ਤੋਂ ਪਹਿਲਾਂ ਹੀ ਉਸ ਨੇ ਜਿਵੇਂ ਕੁਝ ਯਾਦ ਆਇਆ 'ਓਹ ਫਰਾਈਡੇ ਨਾਈਟ ਏ' ਤੇ ਆਖ ਜਿਵੇਂ ਆਪੇ ਹੀ ਹੱਸਣ ਲੱਗ ਪਈ। ਮੈਂ ਜਿਵੇਂ ਉਸਦੀ ਗੱਲ ਨੂੰ ਗੋਲ਼ਿਆ ਹੀ ਨਹੀਂ ਤੇ ਮਨ ਹੀ ਮਨ ਸੋਚਿਆ- ਕਾਹਦੀ ਫਰਾਈਡੇ ਨਾਈਟ ਸਾਡੀ?

'ਨੋ ਆਈ ਵਰਕਡ ਯੈਸਰਡ-ਮਿਡ ਨਾਈਟ ਸ਼ਿਫਟ' ਆਖ ਮੈਂ ਟਾਈਮ ਕਲਾਕ ਸੀਨਸ ਸਵਾਈਪਸ ਮਸ਼ੀਨ ਵੱਲ ਤੁਰ ਪਈ। ਕਾਰਡ ਸਵਾਈਪ ਕਰਨ ਲੱਗਿਆਂ ਦੇਖਿਆ ਕਿ ਸਵਾ ਨੌ ਹੋ ਚੁੱਕੇ ਤੇ ਮੈਂ ਪੂਰੇ ਪੰਦਰਾਂ ਮਿੰਟ ਲੇਟ ਸਾਂ। ਕਾਇਦੇ ਅਨੁਸਾਰ ਪੰਦਰਾਂ ਮਿੰਟ ਲੇਟ ਹੋ ਜਾਣ ਕਰਕੇ ਮੇਰੇ ਸਕੈਜ਼ੁਅਲ ਟਾਈਮ ਵਿਚ ਅੱਧਾ ਘੰਟਾ ਕੱਟਿਆ ਜਾਣਾ ਸੀ।' ਘੜੀ ਦੇਖਦਿਆਂ ਹੀ ਮੈਂ ਪੁੱਠੇ ਪੈਰੀਂ ਲੰਚ ਰੂਮ ਵੱਲ ਪਰਤ ਪਈ, ਸੋਚਿਆ ਜੇ ਅੱਧਾ ਘੰਟਾ ਕੱਟਿਆ ਹੀ ਜਾਣਾ ਹੈ ਤੇ ਚਲੋ 'ਥਰਮਸ ਵਿਚੋਂ ਘੁੱਟ ਚਾਹ ਹੀ ਪੀ ਲਵਾਂ। ਸਵੇਰੇ ਕਾਹਲੀ ਵਿਚ ਚਾਹ ਵੀ ਰਹਿ ਗਈ ਸੀ। ਰੋਜ਼ ਚਾਹ ਵੈਸੇ ਈ ਮੈਂ ਕਾਰ 'ਚ ਹੀ ਪੀਂਦੀ ਹਾਂ, ਡਰਾਈਵ ਕਰਦਿਆਂ ਪਰ ਸੈਟਰਡੇ ਮੌਰਨਿੰਗ ਹੋਣ ਕਾਰਨ ਸੜਕਾਂ ਵਿਹਲੀਆਂ ਹੀ ਸਨ ਤੇ ਵਾਹੋਦਾਹੀ ਗੱਡੀ ਭਜਾਈ ਗਈ। ਨਾ ਹੀ ਬਹੁਤਾ ਟਰੈਫਿਕ ਤੇ ਨਾ ਹੀ ਬੱਤੀਆਂ ਨੇ ਬਾਹਲਾ ਤੰਗ ਕੀਤਾ। ਤੇ ਚਾਹ ਉਹ ਵਿਚੇ ਹੀ ਰਹਿ ਗਈ ਸੀ। ਥਰਮਸ ਕੱਪ ਉਂਝ ਹੀ ਬੰਦ- ਘਰ ਵਿਚ ਹਮੇਸ਼ਾ ਕੰਮ ਤੇ ਭੱਜਣ ਦੀ ਕਾਹਲੀ ਹੁੰਦੀ ਹੈ, ਜਿਵੇਂ ਵਕਤ ਪਿੱਛੇ ਬੱਸ ਭੱਜੇ ਫਿਰੀਦਾ ਹੈ। ਅਗਲੀ ਬਰੇਕ ਦੋ ਘੰਟੇ ਬਾਅਦ ਆਉਣੀ ਤੇ ਮੈਂ ਸੋਚਿਆ ਚਲੋ ਚਾਹ ਨਾਲ ਕੁਝ ਖਾ ਵੀ ਲੈਂਦੀ ਹਾਂ- ਭੁੱਖ ਵੀ ਚਮਕ ਪਈ ਸੀ।

ਮੈਂ ਲੰਚ ਰੂਮ ਦੇ ਕਿਚਨ ਕਾਉਂਟਰ ਤੇ ਪਈ ਟੋਸਟਰ ਅਵਨ ਵਿਚ ਦੋ ਪੀਸ ਬ੍ਰੈਡ ਦੇ ਰੱਖੇ ਤੇ ਫਰਿਜ਼ ਵਿਚ ਦੋ ਛੋਟੇ-ਛੋਟੇ ਬਟਰ ਦੇ ਪੈਕਟ ਕੱਢੇ ਜੋ ਹਮੇਸ਼ਾ ਮੈਂ ਇਸੇ ਸਾਂਝੇ ਫਰਿਜ ਦੀ ਇਕ ਨੁੱਕਰੇ ਢੱਕ ਕੇ ਲੁਕਾਈ ਰੱਖਦੀ ਹਾਂ। ਫਟਾਫਟ ਬਣੇ ਇਸ ਤਾਜ਼ੇ ਰੜ੍ਹੇ ਟੋਸਟ ਉਤੇ ਮਾੜਾ ਮੋਟਾ ਬਟਰ ਘਸਾ ਮੈਂ ਗਰਮ ਚਾਹ ਨਾਲ ਟੋਸਟ ਲੰਘਾਉਣ ਦੀ ਕੋਸ਼ਿਸ਼ ਕਰਨ ਲੱਗੀ। ਥਰਮਸ ਵਾਲੀ ਚਾਹ ਈ ਅਜੇ ਬਹੁਤ ਗਰਮ ਸੀ ਤੇ ਇਸ ਨਾਲ ਇਹ ਰੜ੍ਹੇ ਟੋਸਟ ਗਲੇ ਤੋਂ ਹੇਠਾਂ ਬੱਸ ਸੁੱਟ ਹੀ ਰਹੀ ਸਾਂ। ਜਿਵੇਂ ਕੋਈ ਮਗਰ ਪਿਆ ਹੋਵੇ।

ਮੇਰੀਆਂ ਅੱਖਾਂ ਸਾਹਮਣੇ ਲੱਗੀ ਦੀਵਾਰ ਘੜੀ ਤੇ ਸਨ ਅਤੇ ਭੱਜਦੀਆਂ ਘੜੀ ਦੀਆਂ ਸੂਈਆਂ ਦੀ ਟਿਕ-ਟਿਕ ਮੇਰੇ ਸੀਨੇ ਵਿਚ ਖੁਭ ਰਹੀ ਸੀ। ਮੈਂ ਇਕ ਤੋਂ ਇਕ ਬੁਰਕੀ ਬੱਸ ਗਲੇ ਹੇਠੋਂ ਢਿੱਡ ਵਿਚ ਸੁੱਟ ਰਹੀ ਸੀ। ਕੋਈ ਸਵਾਦ ਨਹੀਂ ਸੀ ਆ ਰਿਹਾ।

ਇਸ ਸਭੋ ਕੁਛ ਵਿਚ ਮੈਨੂੰ ਕੋਈ ਵੀਹ ਪੱਚੀ ਸਾਲ ਪਹਿਲਾਂ ਦੀ ਗੱਲ ਚੇਤੇ ਆ ਗਈ ਜੋ ਮੇਰੇ ਡੈਡੀ ਨੇ ਮੈਨੂੰ ਸੁਣਾਈ ਸੀ। ਗੱਲ ਚੇਤੇ ਕਰਦਿਆਂ ਮੇਰੀਆਂ ਅੱਖਾਂ ਦੇ ਕੋਏ ਗਿੱਲੇ ਹੋ ਗਏ। ਡੈਡੀ ਦੱਸਦੇ ਹੁੰਦੇ ਸਨ ਕਿ ਜਦੋਂ ਨਿਆਣੇ ਹੁੰਦੇ ਸਨ, ਕੋਈ ਦਸਾਂ-ਬਾਰਾਂ ਵਰ੍ਹਿਆਂ ਦੇ ਹੋਰ ਨਿਆਣਿਆਂ ਵਾਂਗ ਉਹ ਨਾਨਕੇ ਬਾਹਲਾ ਰਿਹਾ ਕਰਦੇ ਸੀ, ਉਹਨਾਂ ਦੇ ਗੁਆਂਢ ਵਿਚ ਇਕ ਬਹੁਤ ਖੂਬਸੂਰਤ ਨੂੰਹ ਸੀ ਪ੍ਰਸਿੰਨੋ। ਸਾਰੇ ਪਿੰਡ ਵਿਚ ਉਸਦੀ ਖੂਬਸੂਰਤੀ ਦੀ ਮਿਸਾਲ ਦਿੱਤੀ ਜਾਂਦੀ ਸੀ। ਬਹੁਤ ਮਾਸੂਮ ਜਿਹੀ ਅਠਾਰਾਂ ਕੁ ਵਰਿਆਂ ਦੀ ਸੋਹਣੀ ਮੁਟਿਆਰ- -ਉਸਦੀ ਸੱਸ ਬਹੁਤ ਸਖਤ ਸੀ- ਸਾਰਾ ਦਿਨ ਹੱਡ ਭੰਨਵਾ ਕੰਮ ਕਰਵਾਉਂਦੀ। ਘੜੀ ਭਰ ਟਿਕਣ ਨਾ ਦੇਂਦੀ।

ਇਕ ਦਿਨ ਦੁਪਹਿਰੇ ਉਸ ਦੀ ਸੱਸ ਕਿਤੇ ਬਾਹਰ ਗਈ ਤੇ ਪ੍ਰਸਿੰਨੋ ਨੇ ਮੌਕਾ ਤਾੜ ਕੇ ਕਾੜਨੀ ਵਿਚੋਂ ਛੰਨਾ ਦੁੱਧ ਦਾ ਕੱਢ ਲਿਆ ਅਤੇ ਸੋਚਿਆ ਕਿ ਚਲੋ ਬੀਬੀ ਘੜੀ ਬਾਹਰ ਗਈ ਹੈ ਤੇ ਕੁਛ ਸਮਾਂ ਲਾ ਕੇ ਆਊਂਗੀ- ਆਰਾਮ ਨਾਲ ਦੁੱਧ ਪੀਵਾਂਗੀ। ਅਜੇ ਦੁੱਧ ਕੱਢ ਕੇ ਕਾੜ੍ਹਨੀ ਉਸੇ ਤਰ੍ਹਾਂ ਟਿਕਾਈ ਹੀ ਸੀ ਕਿ ਮਲਾਈ ਵੀ ਨਾ ਹਿਲ ਜਾਵੇ ਤੇ ਚੋਰੀ ਨਾ ਫੜੀ ਜਾਵੇ। ਸਾਡੀ ਕਿਸਮਤ ਨੂੰ ਜੋ ਮਾਤਾ ਅੱਜ ਬਾਹਰ ਗਈ ਹੀ ਸੀ, ਪਿਛਲੇ ਪੈਰੀਂ ਮੁੜ ਵੀ ਆਈ। ਬਾਹਰ ਖੜਦਾ ਵੇਖ ਸਬਾਤ 'ਚ ਲੁਕੀ ਬੈਠੀ ਪ੍ਰਸਿੰਨੋ ਨੂੰ ਸਮਝ ਨਾ ਆਵੇ ਕਿ ਹੁਣ ਦੀ ਕਰੇ, ਸੜਦਾ ਬਲਦਾ ਦੁੱਧ ਦਾ ਛੰਨਾ ਹੱਥਾਂ ਵਿਚ ਸੀ ਨਾ ਹੀ ਡੋਲ ਸਕਦੀ ਤੇ ਨਾ ਸੱਸ ਡਰੋਂ ਹੁਣ ਵਾਪਸ ਕਾੜ੍ਹਨੀ ਵਿਚ ਹੀ ਪਾ ਸਕਦੀ ਸੀ। ਉਸ ਘਾਬਰ ਕੇ ਤੱਤੀ ਤੱਤੀ ਦੁੱਧ ਆਵਦੇ ਅੰਦਰ ਸੁੱਟ ਲਿਆ ਤੇ ਖਾਲੀ ਛੰਨਾ ਛਿੱਕੂ ਹੇਠਾਂ ਢਕ ਦਿੱਤਾ। ਪੰਜਾਂ ਸੱਤਾਂ ਮਿੰਟਾਂ ਵਿਚ ਹੀ ਅੰਦਰ ਪੈਂਦੇ ਸਾੜ ਨਾਲ ਤੜਫਣ ਲੱਗ ਪਈ ਤੇ ਤੀਜੇ ਦਿਨ ਹੀ ਪੂਰੀ ਹੋ ਗਈ। ਕਿਉਂਕਿ ਉਸ ਦੇ ਗਲ ਤੋਂ ਧੁਰ ਅੰਦਰ ਤੱਕ ਛਾਲੇ ਪੈ ਗਏ ਸਨ ਤੇ ਜ਼ਖਮ ਹੋ ਗਏ ਸਨ, ਜਿਹਨਾਂ ਦੀ ਤਾਬ ਵਿਚਾਰੀ ਝੱਲ ਨਾ ਸਕੀ।

ਮੈਂ ਬੜੀ ਹੈਰਾਨ ਹੋ ਕੇ ਡੈਡੀ ਨੂੰ ਸਵਾਲ ਕੀਤਾ ਕਿ ਡੈਡ, ਉਹ ਇਤਨਾ ਡਰੀ ਕਿਉਂ ਜਾ ਫਿਰ ਦੁੱਧ ਵੀ ਕੋਈ ਚੋਰੀ ਪੀਣ ਵਾਲੀ ਚੀਜ਼ ਸੀ- ਉਹ ਬਾਅਦ ਵਿਚ ਠੰਡਿਆ ਹੋਇਆ ਸੀ ਤੇ ਪੀ ਸਕਦੀ ਸੀ।

ਡੈਡੀ ਹੱਸਣ ਲੱਗ ਪਏ ਸਨ, 'ਧੀਏ ਤੈਨੂੰ ਕੀ ਪਤਾ' ਉਹਨਾਂ ਦਿਨਾਂ ਵਿਚ ਆਮ ਕਰਕੇ ਨੂੰਹਾਂ-ਧੀਆਂ ਨੂੰ ਦੁੱਧ ਘਿਓ ਕੌਣ ਖਾਣ ਨੂੰ ਦਿੰਦਾ ਸੀ। ਉਹ ਤੇ ਰੁੱਖੀਆਂ ਮਿੱਠੀਆਂ ਖਾਂਦੀਆਂ ਸਨ। ਸਧਾਰਨ ਘਰਾਂ ਵਿਚ ਦੁੱਧ-ਘਿਓ ਤੇ ਘਰ ਦੇ ਮਰਦਾਂ ਲਈ ਹੁੰਦਾ ਸੀ ਕਿਉਂਕਿ ਉਹਨਾਂ ਬਾਹਰ ਜਾ ਕੇ ਖੇਤਾਂ ਵਿਚ ਕਮਾਈਆਂ ਕਰਨ ਜਾਣਾ ਹੁੰਦਾ ਸੀ।

ਹਾਂ ਬਾਹਲੇ ਤਕੜੇ ਘਰਾਂ ਦੀ ਗੱਲ ਵੱਖਰੀ ਹੋਊਗੀ। ਮੈਂ ਅਕਸਰ ਪ੍ਰਸਿਨੋ ਦੀ ਗੱਲ ਸੋਚ ਕੇ ਪ੍ਰੇਸ਼ਾਨ ਹੋ ਜਾਂਦੀ ਸੀ ਅਤੇ ਸੋਚਦੀ ਸਾਂ ਕਿ ਪਤਾ ਨਹੀਂ ਕਿੰਨੀਆਂ ਕੁ ਹੋਰ ਕੁੜੀਆਂ ਆਪਣਾ ਜੀ ਮਾਰ ਕੇ ਜਿਉਂਦੀਆਂ ਹੋਣਗੀਆਂ।

ਮੈਂ ਪਤਾ ਨਹੀਂ ਕਿਹੜੇ ਵਹਿਣਾਂ ਵਿਚ ਵਹਿ ਤੁਰੀ ਸਾਂ। ਔਹ ਮਾਈ ਗੌਡ- ਘੜੀ ਤੋਂ ਨਿਗਾਹ ਪੈਂਦਿਆਂ ਹੀ ਮੈਂ ਠਹਾਕਾ ਮਾਰ ਕੇ ਉਠੀ ਤੇ ਕਾਰਡ ਸਵਾਈਪ ਕਰਦੇ ਫਲੋਰ ਤੇ ਆ ਪਹੁੰਚੀ। ਕੈਸ਼ ਆਫਿਸ ਤੋਂ ਚਾਬੀਆਂ ਲੈ ਕੇ ਮੈਂ ਆਪਣੇ ਡਿਪਾਰਟਮੈਂਟ ਦੀ ਸਾਂਭ-ਸੰਭਾਲ ਕਰਨ ਲੱਗ ਪਈ ਸਾਂ।

ਐਨੇ ਨੂੰ ਇਲੈਕਟ੍ਰਾਨਿਕ ਡਿਪਾਰਟਮੈਂਟ ਵਿਚ ਮੌਰਨਿੰਗ ਮੀਟਿੰਗ ਦੀ ਅਨਾਊਂਸਮੈਂਟ ਹੋਈ। ਸਾਰੇ ਐਸੋਸੀਏਟ ਤੇ ਮੈਨੇਜਰਸ ਆਪੋ-ਆਪਣੇ ਵਿਭਾਗਾਂ 'ਚੋਂ ਨਿਕਲ ਮੀਟਿੰਗ ਵਾਲੀ ਜਗ੍ਹਾ ਤੇ ਪਹੁੰਚ ਵੱਲ ਤੁਰ ਪਏ। ਮੈਂ ਵੀ ਉਥੇ ਖੜ੍ਹੇ ਸਹਿ-ਕਰਮੀਆਂ ਕੋਲ ਜਾ ਖੜ੍ਹੀ ਸਾਂ। ਕੋਈ 25 ਕੁ ਕੁੜੀਆਂ, ਤਿੰਨ-ਚਾਰ ਮੁੰਡੇ ਅਤੇ ਫਾਈਲ ਚੱਕੀ ਖੜ੍ਹਾ ਡਿਊਟੀ ਮੈਨੇਜਰ ਸਭੋ ਆਪੋ-ਆਪਣੀਆਂ ਜ਼ਿੰਮੇਵਾਰੀਆਂ ਨਾਲ ਲਬਰੇਜ਼ ਬੀਤੇ ਕੱਲ੍ਹ ਦੀਆਂ ਸੇਲਸ, ਮਹੀਨੇ ਭਰ ਦਾ ਟਾਰਗੇਟ ਨੁਮਾ ਵਧੀਆ ਕੰਮ ਕਰਨ ਵਾਲਿਆਂ ਲਈ ਸ਼ਾਈਸਿੰਗ ਸਟਾਰਸ, ਨਫੇ ਨੁਕਸਾਨ ਦੀ ਗੱਲਾਂ ਬਾਤਾਂ ਤੇ ਨਵੀਆਂ ਪਾਲਸੀਆਂ ਆਦਿ ਦਾ ਜ਼ਿਕਰ ਜੋ ਇਸ ਕਾਰਪੋਰੇਟ ਵਰਗ ਦੇ ਚੋਂਚਲੇ ਆਦਿ ਨਿਬੇੜ ਮੈਨੇਜਰ ਜੋਸ਼ੀਲੇ ਭਾਸ਼ਣ ਵਿਚ ਮਸਤ ਹੋ ਗਿਆ। ਮੇਰੀ ਕਿਸੇ ਵੀ ਗੱਲ ਵੱਲ ਕੋਈ ਧਿਆਨ ਨਹੀਂ ਸੀ। ਮੈਨੂੰ ਬੇਧਿਆਨੀ ਦੇਖ ਕੇ ਡਿਊਟੀ ਮੈਨੇਜਰ ਮੈਨੂੰ ਮੁਖਾਤਿਬ ਹੋ ਕੇ ਪੁੱਛਣ ਲੱਗਾ।

''ਜੈਕੀ ਡੂ ਯੂ ਨੋਅ ਅਬਾਊਟ, ਨਿਊ ਡ੍ਰੈਸ ਪਾਲਸੀ'। ਮੈਂ ਘਬਰਾ ਕੇ ਆਪਣੇ ਕੱਪੜੇ ਵੇਖਣ ਲੱਗ ਪਈ, ਉਹ ਹੱਸ ਕੇ ਬੋਲਿਆ 'ਯੂ ਆਰ ਲੁਕਿੰਗ ਫਾਈਨ।' 'ਆਈ ਵਾਸ ਟੈਲਿੰਗ ਅਬਾਊਟ ਨਿਊ ਡ੍ਰੈਸ ਕੋਡ- ਯੂ ਕੈਨ ਵਿਅਰ ਜੀਨਸ ਟੂ।' ਮੈਂ ਹੈਰਾਨ ਹੋ ਗਈ ਕਿ ਜੀਨਸ ਕਿਉਂ। ਹਮੇਸ਼ਾ ਤਾਂ ਅਸੀਂ ਚਿੱਟੀਆ ਕਮੀਜ਼ਾਂ ਤੇ ਕਾਲੀਆਂ ਪੈਂਟਾਂ ਪਾਉਂਦੇ ਆ ਰਹੇ ਹਾਂ। ਇਹ ਜੀਨਸ ਦੀ ਵਜ੍ਹਾ ਕੀ ਹੋ ਸਕਦੀ ਹੈ। ਕੁਝ ਨਵੇਂ ਉਮਰ ਦੇ ਮੁੰਡੇ ਕੁੜੀਆਂ ਖੁਸ਼ ਨਜ਼ਰ ਆ ਰਹੇ ਸਨ। ਇਸਦਾ ਕਾਰਨ ਜਾਣਨ ਦੀ ਜਾਂ ਸੋਚਣਦੀ ਉਹਨਾਂ ਕੋਲ ਲੋੜ ਨਹੀਂ ਤੇ ਨਾ ਵਿਹਲ, ਉਹ ਤਾਂ ਬੱਸ ਚੁਸਤ ਕੱਪੜੇ ਪਾ ਕੇ ਹੀ ਖੁਸ਼ੀ ਮਹਿਸੂਸ ਕਰਦੇ ਹਨ। ਮੇਰੀ ਸਮਝ ਵਿਚ ਕੁਝ ਕੁਝ ਆ ਰਿਹਾ ਸੀ। ਸੋਚ ਰਹੀ ਸਾਂ ਕਿ ਵੱਡੀ ਕੰਪਨੀ ਹੈ ਕੋਈ ਸੱਚ ਕੁ ਹਜ਼ਾਰ ਕਰਮਚਾਰੀ ਕੰਮ ਕਰਦੇ ਹਨ, ਬਹੁਤੇ ਘੰਟਾ ਵਾਰ ਕੰਮ ਕਰਨ ਵਾਲੇ ਹੀ ਹਨ ਤੇ ਕੰਪਨੀ ਨਹੀਂ ਚਾਹੁੰਦੀ ਕਿ ਇਹ ਮਜ਼ਦੂਰ ਤਬਕਾ ਸਫੈਦ ਕਮੀਜ਼ ਅਤੇ ਕਾਲੀ ਪੈਂਟ ਦੀਆਂ ਕਰੀਜ਼ਾਂ ਵਿਚ ਹੀ ਵਿਅਸਤ ਰਹਿਣ ਅਤੇ ਆਪਣੀ ਵਾਈਟ ਕਾਲਰ ਜੌਬ ਦੀ ਗਰੂਰੀ ਵਿਚ ਤੇ ਕੰਮ ਕਰਨ ਤੇ ਹਰਜਾ ਹੋਵੇ। ਇਹਨਾਂ ਨੂੰ ਵੀ ਜ਼ੀਨਾਂ ਪਵਾ ਦਵੋ ਆਪੇ ਮਜ਼ਦੂਰਾਂ ਵਾਂਗ ਲੱਗੇ ਰਹਿਣਗੇ ਤੇ ਕੱਪੜਿਆਂ ਦੀ ਚਿੰਤਾ ਕਰੇ ਬਗੈਰ ਭੱਜੇ ਫਿਰਨਗੇ।

ਮੈਂ ਅਜੇ ਸੋਚ ਹੀ ਰਹੀ ਸੀ ਕਿ ਕੋਲ ਖੜ੍ਹੀ ਕੁਲਦੀਪ ਨੇ ਮੋਢੇ 'ਤੇ ਹੱਥ ਮਾਰਿਆ। ਜੈਦੀ ਮੀਟਿੰਗ ਖਤਮ ਹੋ ਗਈ ਹੈ, ਤੇ ਮੈਂ ਤ੍ਰਬਕ ਕੇ ਸੋਚਾਂ ਦੇ ਘੇਰੇ ਤੋਂ ਬਾਹਰ ਆਈ। ਉਸ ਹੌਲੀ ਜਿਹੀ ਪੁੱਛਿਆ ਕਿ ਅੱਜ ਲੇਟ ਕਿਵੇਂ ਹੋ ਗਈ ਤੇ ਤੇਰੀਆਂ ਅੱਖਾਂ ਵਿਚਹਾਲੇ ਵੀ ਨੀਂਦ ਦਿੱਸ ਰਹੀ ਹੈ। ਮੈਂ ਤ੍ਰਬਕ ਕੇ ਬੋਲੀ, ਨਹੀਂ ਮੈਂ ਸੁੱਤੀ ਤਾਂ ਰੋਜ਼ ਵਾਂਗਰ ਹੀ ਹਾਂ ਪਰ ਲੱਗਦਾ ਹੈ ਕਿ ਨੀਂਦ ਪੂਰੀ ਹੋਈ ਨਹੀਂ, ਮੈਂ ਹੌਲੀ-ਹੌਲੀ ਆਪਣੀ ਗੱਲ ਪੂਰੀ ਕਰਦਿਆਂ ਕਿਹਾ।

ਹਾਂ ਇਹ ਤਾਂ ਹੈ, ਰਾਤ ਦੇ ਬਾਰਾਂ ਵਜੇ ਆਪਾਂ ਕੰਮ ਕਰ ਰਹੀਆਂ ਸਾਂ, ਨੀਂਦ ਕਿਵੇਂ ਪੂਰੀ ਹੋਵੇ। ਕੁਲਦੀਪ ਨੇ ਹਾਮੀ ਭਰਦਿਆਂ ਆਖਿਆ,

''ਕੱਲ੍ਹ ਤਾਂ ਹੋਰ ਵੀ ਲੇਟ ਹੋ ਗਏ ਪੈਣ ਵਿਚ, ਬੇਟੀ ਦਾ ਕੋਈ ਈਵੈਂਟ ਸੀ ਯੂਨੀਵਰਸਿਟੀ ਵਿਚ। ਕਾਫੀ ਲੇਟ ਆਈ।'' ਜਦ ਤੱਕ ਬੱਚੇ ਘਰ ਨਾ ਆਉਣ, ਨੀਂਦ ਕਿੱਥੇ ਆਉਂਦੀ ਹੈ।''

ਮੈਂ ਕੁਲਦੀਪ ਨਾਲ ਗੱਲਾਂ ਕਰਦੀ ਹੌਲੀ ਹੌਲੀ ਆਵਦੇ ਡੈਸਕ ਵੱਲ ਤੁਰੀ ਜਾ ਰਹੀ ਸਾਂ। ਸਾਹਮਣੇ ਤੋਂ ਤੁਰੀ ਆਉਂਦੀ ਜੈਨਫਿਰ ਕੋਲੋਂ ਲੰਘਣ ਵੇਲੇ ਥੋੜ੍ਹਾ ਚਹਿਕੀ, 'ਡੂ ਯੂ ਨੋਅ ਜੈਕੀ ਵੀ ਆਰ ਗੈਟਿੰਗ ਪੇਡ ਟੁਡੇ ਫਾਰ ਅਵਰ ਪਰੋਫਿਟ ਸ਼ੇਅਰ'। ਉਸ ਨੂੰ ਮਿਲਣ ਵਾਲੇ ਪਰੋਫਿਟ ਸ਼ੇਅਰ ਦਾ ਬਹੁਤ ਚਾਅ ਸੀ। 'ਆਈ ਨੋ ਜੈਨਫਿਰ' ਸਵੇਰੇ ਲੰਚ ਰੂਮ ਤੇ ਵਿਛੇ ਗਰੀਨ ਟੇਬਲ ਕਲਾਕਸ ਅਤੇ ਰੰਗ ਬਿਰੰਗੇ ਫੁੱਲਾਂ ਨੇ ਦੱਸ ਦਿੱਤਾ ਸੀ ਕਿ ਅੱਜ ਕੁਝ ਖਾਸ ਹੈ।

ਵੈਸੇ ਵੀ ਪਿਛਲੇ ਇਕ ਮਹੀਨੇ ਤੋਂ ਸਾਰੇ ਹੀ ਕਰਮਚਾਰੀ ਮਿਲਣ ਵਾਲੇ ਇਸ ਪਰੋਫਿਟ ਸ਼ੇਅਰਿੰਗ ਤੋਂ ਕਾਫੀ ਉਤਸ਼ਾਹਿਤ ਸਨ। ਸਾਰਿਆਂ ਨੂੰ ਹੀ ਦੋ-ਦੋ ਹਜ਼ਾਰ ਡਾਲਰ ਸਟੋਰ ਦੇ ਨਫੇ ਵਿਚ ਹਿੱਸੇਦਾਰੀ ਵਜੋਂ ਮਿਲਣੇ ਸਨ। ਅੱਜ ਸਾਰਿਆਂ ਦੇ ਖਾਤੇ ਵਿਚ ਜਮ੍ਹਾ ਹੋ ਜਾਣੇ ਹਨ ਤੇ ਇਸਨੂੰ ਸੈਲੀਬਰੇਟ ਵੀ ਕੀਤਾ ਜਾ ਰਿਹਾ ਹੈ। ਕਈਆਂ ਨੇ ਤਾਂ ਇਸ ਪੈਸੇ ਦੀ ਵਰਤੋਂ ਬਾਰੇ ਵਿਉਂਤਾਂ ਵੀ ਘੜ ਰੱਖੀਆਂ ਕਿ ਮੈਂ ਵੀ ਸੋਚਿਆ ਹੋਇਆ ਹੈ, ਦੋ ਹਜ਼ਾਰ ਮੇਰੀ- ਤੇ ਦੋ ਹਜ਼ਾਰ ਬੇਟੀ ਅਨੁ ਦਾ ਤੇ ਦੋ ਹਜ਼ਾਰ ਹੋਰ ਕੋਲੋਂ ਪਾ ਕੇ ਕੋਈ ਸੈਕਿੰਗ ਹੈਂਡ ਗੱਡੀ ਲੈਣੀ ਹੈ- ਪਹਿਲੀ ਗੱਡੀ ਕਾਫੀ ਪੁਰਾਣੀ ਹੋ ਚੁੱਕੀ ਹੈ- ਹਰ ਵੇਲੇ ਡਰ ਹੀ ਲੱਗਿਆ ਰਹਿੰਦਾ ਹੈ ਕਿ ਕਿਤੇ ਰਾਹ ਵਿਚ ਹੀ ਨਾ ਰੁਕ ਜਾਵੇ ਜਾਂ ਕੁਝ ਹੋਰ- ਜੋ ਮੈਂ ਸੋਚਣਾ ਹੀ ਨਹੀਂ ਚਾਹੁੰਦੀ।

ਬੇਟੀ ਅਨੁ ਹੱਸ ਕੇ ਕਹਿੰਦੀ ਹੈ, 'ਮਾਮ ਯੂ ਨਾਟ ਗੋਨਾ ਗੈਟ ਕਾਰ, ਇਨ ਸਿੱਕਸ ਥਾਊਜ਼ਡ ਡਾਲਰ', ਘੱਟੋ ਘੱਟ ਵੀ ਤੁਹਾਡੇ ਕੋਲ ਦਸ-ਬਾਰਾਂ ਹਜ਼ਾਰ ਡਾਲਰ ਤਾਂ ਹੋਣੇ ਹੀ ਚਾਹੀਦੇ ਹਨ, ਜੇ ਸੈਕਿੰਡ ਹੈਂਡ ਕਾਰ ਵੀ ਖਰੀਦਣੀ ਹੈ। 'ਲੈਟਸ ਗੋ ਆਨ ਵੇਕੇਸ਼ਨਜ਼ ਵਿਦ ਦਿਸ ਮਨੀ'। ਉਹ ਆਪਣੇ ਮਨ ਦੀ ਗੱਲ ਆਖਦੀ ਹੈ।

'ਨੋ ਨੋ- ਮੈਂ ਕਾਹਲੀ ਪੈਂਦੇ ਆਖਦੀ ਹਾਂ, ਇਸ ਵਾਰ ਕਾਰ ਲੈਨੇ ਹਾਂ ਤਾਂ ਅਗਲੇ ਸਾਲ ਵੈਕੇਸ਼ਨਜ਼ ਤੇ ਚੱਲਾਂਗੇ। 'ਉਹ ਕਮਲ ਆਨ ਮੰਮਾ' ਆਪਾਂ ਵੈਕੇਸ਼ਨਜ਼ ਤੇ ਚਲਦੇ ਹਾਂ, ਉਹ ਫਿਰ ਕਹਿੰਦੀ ਹੈ।

'ਤੁਸੀਂ ਹਮੇਸ਼ਾ ਕੋਈ ਨਾ ਕੋਈ ਵਜ੍ਹਾ ਤਿਆਰ ਰੱਖਦੇ ਹੋ, ਕਦੀ ਕੁਝ- ਕਦੀ ਕੁਝ। ਆਪਾਂ ਕਦੀ ਵੀ ਨਹੀਂ ਵੈਕੇਸ਼ਨਜ਼ ਤੇ ਗਏ, ਉਸਦੀ ਸੁਰ ਹੁਣ ਉਲਾਂਭੇ ਵਾਲੀ ਹੋ ਗਈ ਸੀ।

ਚੰਗਾ ਬੇਟੇ ਜਿੱਦ ਨਹੀਂ ਕਰਨੀ। ਉਸਦਾ ਮੂੰਹ ਖੁੱਲ੍ਹ ਗਿਆ ਸੀ। ਤੇ ਹੌਲੀ ਹੌਲੀ ਬੁੜ-ਬੁੜਾਉਣ ਲੱਗ ਪਈ ਹੈ। ਕਦੇ ਘਰ ਲੈਣਾ ਹੈ, ਕਦੇ ਕਾਰ ਲੈਣੀ ਤੇ ਹੋਰ ਨਹੀਂ ਤੇ ਇੰਡੀਆ ਨੂੰ ਤੁਰ ਪੈਣਗੇ। 'ਵਰਕ ਵਰਕ ਮਨੀ ਮਨੀ' ਹਰ ਵੇਲੇ ਬੱਸ ਆਹੀ ਗੱਲ। 'ਆਈ ਐਮ ਗੈਟਿੰਗ ਸਿਕ ਆਫ ਇਟ'। ਆਹ ਨਾ ਕਰੋ, ਉਹ ਨਾ ਕਰੋ, ਗੁੱਸੇ ਵਿਚ ਪੈਰ ਮਾਰਦੀ ਉਹ ਆਪਣੇ ਕਮਰੇ ਵਿਚ ਚਲੀ ਗਈ ਸੀ।

ਮੈਂ ਇਹ ਸਭ ਕੁਝ ਯਾਦ ਕਰਦੀ- ਪਤਾ ਨਹੀਂ ਕਿੱਥੇ ਗੁਆਚ ਗਈ ਹਾਂ ਪਰ ਮੇਰੇ ਹੱਥ ਬਾਦਸਤੂਰ ਆਵਦੇ ਕੰਮ ਵਿਚ ਰੁੱਝੇ ਹੋਏ ਹਨ ਤੇ ਮਨ ਮਨ ਦਾ ਕੀ ਹੈ, ਉਹ ਤਾਂ ਪਤਾ ਨਹੀਂ ਕਿੱਥੇ-ਕਿੱਥੇ ਉਡਾਰੀਆਂ ਲਾ ਮੁੜਦਾ ਹੈ। ਮੈਂ ਡੱਬਿਆਂ ਵਿਚੋਂ ਘੜੀਆਂ ਖੋਲ੍ਹ ਖੋਲ੍ਹ ਰੈਕ ਵਿਚ ਸਜਾ ਰਹੀ ਹਾਂ। ਵਕਤ ਲੰਘਦਾ ਜਾ ਰਿਹਾ ਹੈ।

ਕੁਲਦੀਪ ਫਿਰ ਆ ਗਈ ਹੈ, ਬ੍ਰੇਕ ਤੇ ਜਾਨ ਲਈ। ਚਲੋ ਜੈਦੀ ਬ੍ਰੇਕ ਤੇ ਚਲਦੇ ਹਾਂ, ਮੈਂ ਬਿਨਾਂ ਕੁਝ ਕਰੇ ਚਾਬੀਆਂ ਆਪਣੇ ਨਾਲ ਕੰਮ ਕਰਦੀ ਸੋਨੀਆ ਨੂੰ ਦੇ ਕੁਲਦੀਪ ਨਾਲ ਹੋ ਤੁਰੀ ਹਾਂ।

ਰਾਹ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਕਰਦੀਆਂ ਅਸੀਂ ਹੱਸਦੀਆਂ ਤੁਰੀਆਂ ਆ ਰਹੀਆਂ ਹਾਂ, ਹੁਣ ਕੁਝ ਠੀਕ ਲੱਗ ਰਿਹਾ ਹੈ। ਥੋੜ੍ਹੀ ਦੇਰ ਦਾ ਹਾਸਾ ਠੱਠਾ ਜ਼ਿੰਦਗੀ ਵਿਚ ਕਿੰਨੇ ਰੰਗ ਭਰ ਦਿੰਦਾ ਹੈ। ਮਲਕੜੇ ਹੀ ਮਹਿਸੂਸ ਕਰ ਰਹੀ ਹਾਂ।

ਰਾਹ ਵਿਚ ਤੁਰੇ ਆਉਂਦਿਆਂ ਸਟੇਸ਼ਨਰੀ ਡਿਪਾਰਟਮੈਂਟ ਵਿਚ ਲੰਘਦਿਆਂ ਐਕਸ਼ਨ ਅਲੀ ਵਿਚ ਪਏ ਬੁੱਕ ਰੈਕ ਤੇ ਸਜੀਆਂ ਰੰਗ ਬਿਰੰਗੀਆਂ ਕਿਤਾਬਾਂ ਹਮੇਸ਼ਾ ਮੇਰਾ ਧਿਆਨ ਖਿੱਚ ਲੈਂਦੀਆਂ ਹਨ। ਮੈਂ ਬੜੇ ਪਿਆਰ ਨਾਲ ਕਿਤਾਬਾਂ ਪਲੋਸਣ ਲੱਗਦੀ ਹਾਂ। ਬਹੁਤ ਸਾਰੀਆਂ ਮੇਰੀਆਂ ਮਨਪਸੰਦ ਕਿਤਾਬਾਂ ਹਨ, ਜਿਹਨਾਂ ਨੂੰ ਮੈਂ ਅੱਜ ਪੜ੍ਹਨਾ ਹੈ। ਇਹ ਕਿਹੜੀ ਲਾਇਬ੍ਰੇਰੀ ਹੈ ਜੋ ਚੁੱਕੋ ਤੇ ਪੜ੍ਹ ਲਵੋ, ਪਹਿਲਾਂ ਮੁੱਲ ਤਾਰਨਾ ਪੈਂਦਾ ਹੈ ਤੇ ਫਿਰ ਵਕਤ- ਮੈਂਠੰਡਾ ਸਾਹ ਭਰਦੀ ਹਾਂ। ਉਹ ਕਿੱਥੋਂ ਲੈ ਕੇ ਆਵਾਂ। ਆਪਣੇ ਖਿਆਲ ਵਿਚ ਛੱਡ ਮੈਂ ਕੁਲਦੀਪ ਨੂੰ ਆਖਦੀ ਹਾਂ, ਆਹ ਵੇਖ ਕੁਲਦੀਪ- ਆਹ ਕਿਤਾਬ 'ਮੈਲਕਮ ਗਲਾਡਵੈਲ' ਦੀ ਕਿਤਾਬ 'ਡੇਵਿਡ ਐਂਡ ਗਲੋਟਿਨ' ਬਹੁਤ ਵਧੀਆ ਕਿਤਾਬ ਹੈ, ਮੈਂ ਦੋ ਵਾਰ ਪੜ੍ਹ ਚੁੱਕੀ ਹਾਂ। ਹੋਰ ਵੀ ਕਈ ਨੇ ਜੋ ਪੜ੍ਹਨਾ ਚਾਹੁੰਦੀ ਹਾਂ। ਮੈਂ ਇਕ ਇਕ ਕਰਕੇ ਆਵਦੀਆਂ ਮਨਪਸੰਦ ਕਿਤਾਬਾਂ ਉਸ ਨੂੰ ਦਿਖਾ ਰਹੀ ਹਾਂ।

ਕੁਲਦੀਪ ਮੇਰੇ ਮੂੰਹ ਵੱਲ ਦੇਖ ਰਹੀ ਹੈ। ਹਾਂ ਜੈਕੀ ਤੂੰ ਬੁਹੁਤ ਬਿਜ਼ੀ ਰਹਿੰਦੀ ਏਂ। ਤਾਂ ਹੀ ਤਾਂ ... ਅਗਲੀ ਗੱਲ ਉਹ ਮੂੰਹ ਵਿਚ ਹੀ ਰੱਖ ਲੈਂਦੀ ਹੈ ਅਤੇ ਮੈਨੂੰ ਬੁਰਾ ਹੀ ਲੱਗ ਜਾਵੇ। ਫਿਰ ਜਲਦੀ ਜਲਦੀ ਕਹਿੰਦੀ ਹੈ, ਜੈਕੀ ਤੂੰ ਇਕ ਜੌਬ ਛੱਡਦੇ ਹੁਣ, ਤੇਰੀ ਸੋਹਣੀ ਜੌਬ ਲੱਗ ਤੇ ਗਈ ਹੈ। ਹੁਣ ਐਚ. ਆਰ. ਡਿਪਾਰਟਮੈਂਟ ਵਿਚ, ਕਿੱਡੀ ਸੋਹਣੀ ਟਾਈਮਿੰਗ ਹੈ, ਨੌਂ ਤੋਂ ਪੰਜ, ਸੈਚਰਡੇ, ਸੰਡੇ ਆਫ। ਆਰਾਮ ਨਾਲ ਘਰੇ ਬੈਠੋ- ਛੁੱਟੀ ਵਾਲੇ ਦਿਨ। ਪੜ੍ਹ-ਲਿਖ ਆਵਦੇ ਸ਼ੌਂਕ ਪੂਰੇ ਕਰ। ਐਵੇਂ ਪੈਸੇ ਨਾਲ ਇਹਨਾਂ ਮੋਹ ਨਹੀਂ ਕਰੀਦਾ। ਜਦੋਂ ਸ਼ੌਂਕ ਹੀ ਨਾ ਪੂਰੇ ਹੋਣ ਫਿਰ ਕੀ ਫਾਇਦਾ ਜੀਣ ਦਾ। ਆਖ ਉਹ ਠੰਡਾ ਸਾਹ ਭਰਦੀ ਹੈ।''

ਮੈਂ ਚੁੱਪਚਾਪ ਸੁਣਦੀ ਰਹਿੰਦੀ ਹਾਂ। ਮੂੰਹੋਂ ਕੁਛ ਨਹੀਂ ਬੋਲਦੀ ਪਰ ਮਨ ਹੀ ਮਨ ਮੈਂ ਹਿਸਾਬ ਲਾਉਨੀ ਹਾਂ, ਕਿਵੇਂ ਛੱਡ ਦੇਵਾਂ ਇਕ ਜਾਬ। ਵੀਕ ਡੇਅ ਵਾਲੀ ਜੌਬ ਤੋਂ ਕੱਟ-ਕਟਾ ਕੇ ਹਰ ਮਹੀਨੇ ਪੱਚੀ ਸੌ ਡਾਲਰ ਮਿਲਦੇ ਹਨ, ਜਿਹਦੇ ਵਿਚੋਂ ਦੋ ਹਜ਼ਾਰ ਦੇ ਘਰ ਦੀ ਮੌਰਟਗੇਜ਼ ਵਿਚ ਲੱਗ ਜਾਂਦੇ ਨੇ ਤੇ ਜੇ ਇ ਜਾਬ ਛੱਡ ਦਿੱਤੀ ਤੇ ਬਾਕੀ ਖਰਚੇ ਕਿਵੇਂ ਚੱਲਣਗੇ। ਗਰੌਸਰੀ ਤੇ ਹੋਰ ਘਰ ਦਾ ਸਭ ਕੁਝ। ਮੈਂ ਉਸਦੀ ਗੱਲ ਵਿਚੇ ਛੱਡ ਉਸਨੂੰ ਪੁੱਛਦੀ ਹਾਂ ਕਿ ਤੂੰ ਪਰਾਫਿਟ ਸ਼ੇਅਰ ਵਾਲੀ ਮਨੀ ਦਾ ਕੀ ਕਰੇਂਗੀ, ਭਾਵ ਕੁਝ ਸਪੈਸ਼ਲ ਸੋਚਿਆ ਹੈ।

'ਕੁਛ ਨਹੀਂ, ਮੈਂ ਕੀ ਕਰਨਾ ਹੈ?' ਕੁਲਦੀਪ ਮੈਨੂੰ ਬਹੁਤ ਉਦਾਸੀਨ ਜਿਹਾ ਜਵਾਬ ਦਿੰਦੀ ਹੈ। ਮੈਂ ਬੜੀ ਹੈਰਾਨੀ ਨਾਲ ਪੁੱਛਦੀ ਹਾਂ। ਕਿਉਂ ਤੈਨੂੰ ਕੋਈ ਚਾਅ ਨਹੀਂ, ਕੋਈ ਇੱਛਾ ਜੋ ਪੂਰੀ ਕਰਨੀ ਹੋਵੇ ਤੂੰ ਹੁਣ ਕਰ ਸਕਦੀ ਹੈਂ। ਮੈਂ ਉਸਨੂੰ ਟਟੋਲਦੀ ਹਾਂ।

'ਕਾਹਦਾ ਚਾਅ' ਮੈਨੂੰ ਕੋਈ ਪੈਸੇ ਮਿਲਣੇ ਹੋਣ ਤੇ ਚਾਅ ਹੋਵੇ, ਮੇਰੇ ਸਾਰੇ ਚੈਕ ਦੇ ਸਾਡੇ ਸਾਂਝੇ ਖਾਤੇ ਗਏ ਮੇਰੇ 'ਫਾਦਰ ਇਨ ਲਾਅ' ਦੇ ਅਕਾਊਂਟ ਵਿਚ ਜਮ੍ਹਾ ਹੁੰਦੇ ਹਨ। ਉਹ ਆਪ ਹੀ ਡਿਸਾਈਡ ਕਰਦੇ ਹਨ ਕਿ ਕਿੱਥੇ ਤੇ ਕਦੋਂ ਖਰਚ ਕਰਨੇ ਹਨ।

'ਅੱਛਾ' ਮੈਂ ਹੈਰਾਨੀ ਨਾਲ ਆਖਦੀ ਹਾਂ। ਤੇ ਫਿਰ ਬਾਕੀ ਖਰਚੇ ..?

ਸਾਨੂੰ ਵੀਜ਼ਾ ਕਾਰਡ ਮਿਲਿਆ ਹੋਇਆ ਹੈ, ਜਿਸ ਵਿਚੋਂ ਗਰੌਸਰੀ ਅਤੇ ਹੋਰ ਕੋਈ ਜ਼ਰੂਰੀ ਸਮਾਨ ਲੈ ਲਈਦਾ ਹੈ। ਜਿਸ ਦਾ ਬਿਲ ਸਾਂਝੇ ਖਾਤੇ ਵਿਚ ਪੇਅ ਹੁੰਦਾ ਹੈ, ਹਫਤਾ ਭਰ ਦਾ ਸਮਾਨ ਲੈ ਕੇ ਕਾਰਡ ਮੋੜ ਦਈਦਾ ਹੈ, ਹੋਰ ਅਸੀਂ ਕਰਨਾ ਵੀ ਕੀ ਹੈ। ਉਹ ਹੌਲੀ-ਹੌਲੀ ਬੋਲਦੀ ਹੈ।

ਮੈਂ ਉਸਦੇ ਮੂੰਹ ਵੱਲ ਵੇਖਦੀ ਹਾਂ, ਕੋਈ ਉਤਰਾਅ-ਚੜ੍ਹਾਅ ਨਹੀਂ। ਭਾਵਹੀਣ ਚਿਹਰਾ- ਕੋਈ ਉਤਸ਼ਾਹ ਜਾਂ ਦੁੱਖ ਨਜ਼ਰ ਨਹੀਂ ਆਉਂਦਾ। ਮੈਂ ਚੁੱਪਚਾਪ ਬਹਿ ਜਾਨੀ ਹਾਂ। ਮੈਨੂੰ ਚੇਤੇ ਆਉਂਦਾ ਹੈ ਜਦੋਂ ਪਿਛਲੀ ਵਾਰ ਗਰੋਸਰੀ ਕਰਨ ਲੱਗਿਆਂ ਮੇਰੀ ਗਰੋਸਰੀ ਦਾ ਬਿਲ ਵੀ ਕੁਲਦੀਪ ਨੇ ਹੀ ਭਰ ਦਿੱਤਾ ਸੀ ਤੇ ਬਹੁਤ ਮਨ੍ਹਾ ਕੀਤਾ ਸੀ ਪਰ ਉਹ ਨਹੀਂ ਮੰਨੀ। ਜਦੋਂ ਮੈਂ ਜ਼ਿਆਦਾ ਜਿੱਦ ਕੀਤੀ ਤੇ ਉਸ ਆਖਿਆ, ਚੱਲ ਤੂੰ ਮੈਨੂੰ ਕੈਸ਼ ਦੇ ਦੇਵੀਂ। ਹੁਣ ਮੈਨੂੰ ਕੁਝ ਕੁਝ ਸਮਝ ਆ ਰਹੀ ਸੀ। ਉਹ ਕੁਝ ਪੈਸੇ ਆਪਣੀ ਮਰਜ਼ੀ ਨਾਲ ਖਰਚਣਾ ਚਾਹੁੰਦੀ ਸੀ, ਕਿਸੇ ਨੂੰ ਵੀ ਦੱਸੇ ਬਗੈਰ, ਕਿੱਥੇ ਤੇ ਕਿਵੇਂ। 'ਪੂਅਰ ਕੁਲਦੀਪ' ਮੇਰੇ ਅੰਦਰੋਂ ਆਵਾਜ਼ ਆਈ, ਸ਼ਾਇਦ ਉਹ ਆਪਣੀ ਪਾਕੇਟ ਮਨੀ ਕੈਸ਼ ਅਲੱਗ ਰੱਖਣਾ ਚਾਹੁੰਦੀ ਸੀ। ਕਈ ਜ਼ਰੂਰਤਾਂ ਐਸੀਆਂ ਹੁੰਦੀਆਂ ਹਨ ਜੋ ਸਿਰਫ ਨਿੱਜੀ ਹੁੰਦੀਆਂ ਹਨ। ਕਿਸੇ ਨੂੰ ਵੀ ਪੁੱਛ ਕੇ ਖਰਚਣੇ ਜ਼ਰੂਰੀ ਨਹੀਂ ਹੁੰਦੇ।

ਮੈਨੂੰ ਫਿਰ ਪ੍ਰਸਿਨੋ ਯਾਦ ਆ ਰਹੀ ਸੀ। ਮਨ ਫਿਰ ਉਦਾਸ ਹੋ ਗਿਆ ਸੀ।

ਮੈਨੂੰ ਚੁੱਪ ਵੇਖ ਕੇ ਕੁਲਦੀਪ ਫਿਰ ਬੋਲੀ 'ਜੈਕੀ ਤੂੰ ਐਵੇਂ ਹੀ ਔਖੀ ਹੁੰਦੀ ਰਹਿਣੀ ਹੈਂ, ਆਵਦੀ ਮਰਜ਼ੀ ਦੀ ਮਾਲਕ ਹੈਂ, ਚੱਜ ਨਾਲ ਜ਼ਿੰਦਗੀ ਜੀ, ਸਾਰਾ ਦਿਨ ਕੰਮ ਕਰੀ ਜਾਨੀ ਹੈ। ਦੇਖ ਤੇਰੀਆਂ ਅੱਖਾਂ ਦਾ ਤੇ ਮੂੰਹ ਦਾ ਕੀ ਹਾਲ ਹੋਇਆ ਪਿਆ ਹੈ। 'ਦੈਟ ਇਜ਼ ਇਜ਼ੀ' ਉਹ ਫਿਰ ਮੱਤ ਦਿੰਦੀ ਹੈ।

ਮੈਂ ਮਨ ਹੀ ਮਨ ਫੁਸਫਸਾਉਂਦੀ ਹਾਂ। ਅੱਖਾਂ ਦਾ ਕੀ ਹੈ, ਮਨ ਤੇ ਨਹੀਂ ਬੁਝਿਆ। ਪਰ ਬੋਲਦੀ ਨਹੀਂ, ਸੋਚਦੀ ਹਾਂ ਬਾਹਰੋਂ ਸਭ ਕੁਝ ਇੰਨਾ ਆਸਾਨ ਲੱਗਦਾ ਹੈ, ਹਰ ਕੋਈ ਖੁਸ਼ ਤੇ ਸੰਪੂਰਨ।

ਲੰਚ ਰੂਮ ਤੋਂ ਵਾਪਸ ਆਉਂਦਿਆਂ ਕੋਸਰ ਰਾਹ ਵਿਚ ਮਿਲਦੀ ਹੈ, ਬੜੀ ਖਿਝੀ ਹੋਈ ਹੈ, ਮਿਲਦਿਆਂ ਹੀ ਪੁੱਛਦੀ ਹੈ।

''ਡਿਡ ਯੂ ਚੈਕ ਯੂਅਰ ਪੇ ਸਟਬ'' ਮੈਂ ਸੁਭਾਵਿਕ ਪੁੱਛਦੀ ਹਾਂ, ਕਿਉਂ ਕੀ ਹੋਇਆ?

ਆਪਾਂ ਨੂੰ ਪਤਾ ਤਾਂ ਹੈ ਕਿ ਕੀ ਮਿਲਣਾ ਹੈ,
ਫਿਰ ਕਿਉਂ?

'ਨੋ ਜਸਟ ਗੋ ਐਟ ਚੈਕ' ਉਹ ਫਿਰ ਆਖਦੀ ਹੈ। ਤੇ ਖਿਝਿਆ ਜਿਹਾ ਮੂੰਹ ਬਣਾਉਂਦੀ ਹੈ।

'ਤੈਨੂੰ ਪਤਾ ਹੈ, ਆਪਣੇ ਖਾਤੇ ਵਿਚ ਸਿਰਫ ਬਾਰਾਂ ਸੌ ਡਾਲਰ ਜਮ੍ਹਾ ਹੋਏ ਹਨ।' ਸਿਰਫ ਬਾਰਾਂ ਸੌ ਛਿਆਸੀ। ਮੈਂ ਤੇ ਕੁਲਦੀਪ ਕੱਠੀਆਂ ਹੀ ਬੋਲਦੀਆਂ ਹਾਂ। ਕਿਉਂ? ਆਹੀ ਤਾਂ ਕਹਿਣੀ ਹਾਂ, ਕੋਸਰ ਦੱਸੀ ਹੈ, ਸਿਰਫ ਬਾਰਾਂ ਸੋ ਬਾਕੀ ਅੱਠ ਸੌ ਤੇ ਪਤਾ ਨਹੀਂ ਕਿਹੜੇ ਕਿਹੜੇ ਟੈਕਸ ਫੈਡਰਲ ਤੇ ਉਨਟਾਰੀਓ ਤੇ ਹੋਰ ਪਤਾ ਨਹੀਂ ਕਿੰਨਾ ਕੁਝ। ਉਤਸ਼ਾਹੀਣ ਆਵਾਜ਼ ਵਿਚ ਜਵਾਬ ਦਿੰਦੀ ਹੈ।

ਮੇਰਾ ਉਤਸ਼ਾਹ ਵੀ ਠੰਡਾ ਪੈ ਜਾਂਦਾ ਹੈ। ਸਿਰਫ 1286 - ਮੈਂ ਫਿਰ ਗਿਣਤੀਆਂ-ਮਿਣਤੀਆਂ ਵਿਚ ਪੈ ਜਾਨੀ ਹਾਂ, 1286 ਮੇਰੇ ਤੇ 1286 ਅਨੁ ਦੇ ਪੱਚੀ ਸੌ ਬਹੱਤਰ। ਜੇ ਕਾਰ ਲਵਾਂ ਤੇ ਇਹਨਾਂ ਨਾਂਲ ਤੇ ਕੁਝ ਵੀ ਨਹੀਂ ਬਣਨਾ। ਉਧਰ ਬੱਚਿਆਂ ਤੇ ਉਤਰੇ ਮੂੰਹ ਵੈਕੇਸ਼ਨ ਲਈ ਜਾਂ ਫਿਰ ਕਾਰ। ਦੋ-ਦੋ ਜਾਬਾਂ ਦੀ ਸਿਰਦਰਦੀ, ਕੰਮਾਂ ਦਾ ਭਾਰ, ਉਨੀਂਦਰੀਆਂ ਅੱਖੀਆਂ ਵਿਚ ਸੁਪਨਿਆਂ ਦਾ ਭਾਰ ਜਾਂ ਨੀਂਦ ਦੀ ਘਾਟ, ਕੁਝ ਸਮਝ ਨਹੀਂ ਆਉਂਦੀ। ਤੇ ਸਿਰ ਸੁੱਟ ਕੇ ਫਿਰ ਕੰਮ ਵਿਚ ਜੁਟ ਜਾਂਦੀ ਹਾਂ।

# TANDOOR
Indian Restaurant

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532

## 60th Pre Nirwan Divas
(Death Anniversary)

## Baba Sahib Dr. Ambedkar



(14 April 1891 – 06 Dec. 1956)

Sunday Dec. 11, 2016
11:30am – 12:30pm
7271 Gilley Avenue Burnaby BC

You all are cordially invited to attend and pay your tributes to our great revolutionary leader.

Shri Guru Ravidass Sabha Vancouver

Ambedkar International Social Reform Organization (AISRO) Canada

# A & S
## Auto Repair & Services
Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hayward, CA 94544



Harmandeep Singh

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਪੰਜਾਬ ਦਿਆ ਪਾਣੀਆ



**ਸੁਖਵਿੰਦਰ ਵੈਦ**
91-76964-18403

ਉੱਠ ਬਈ ਸਿੰਘ ਕਿਰਸਾਣ
ਖੇਤਾਂ ਦਿਆ ਪੁੱਤਰਾ ਜੰਗਜੂ ਯੋਧੇ ਸਮਾਨ

ਤੇਰੀ ਕੰਗਰੋੜ ਨੂੰ ਗੁਰ ਸ਼ਬਦ ਦਾ ਗਿਆਨ
ਦੋਵੇ ਹੱਥ ਜੋੜ ਇਕੱਠਾ ਕਰ ਲੈ ਧਿਆਨ

ਯਾਦ ਤਾਂ ਹੋਣੀ ਤੈਨੂੰ ਫੁਟਾਲੇ ਦੀ ਉਹ ਪਹੁ
ਮਿਣੇ ਦਿਆ ਸਿੰਗਾਂ ਦੀ ਸੱਜਰੀ ਓ ਲੋਅ

ਲਾਖੇ ਦਿਆ ਜਖ਼ਮਾ 'ਚੋ ਰਿਸਦੀ ਓ ਬੋਅ
ਹਰ ਪਹਿਰ ਮਰ ਰਹੀ ਖੇਤਾ ਦੀ ਓ ਜੌਂ

ਵੱਟ ਤੇ ਖਲੋਤੇ ਕੱਲੇ ਕਿੱਕਰ ਦਾ ਓ ਮੋਹ
ਚਾਰ ਪਹਿਰ ਨਹੀ ਸੌਣ ਤੇਰੇ ਦਰਕਾਰ

ਮੈਲੀ ਘਸਮੈਲੀ ਧੁੱਪ ਮਿੱਟੀ ਦਾ ਪਿਆਰ
ਹਰ ਦਿਨ ਸੁੱਕ ਰਹੀ ਬੰਬੀ ਦੀ ਓ ਧਾਰ

ਬੁੱਢੀ ਕਿਰਸਾਣੀ ਦੀ ਰਹੀ ਦਿਹਾੜੀ ਚਾਰ
ਨਿੱਤ ਦਰਗਾਹ ਮੰਨਜ਼ੂਰ ਨਹੀ ਓ ਤੇਰੀ ਹਾਰ

ਖੇਂਤ ਦਾ ਪਿੰਡਾ ਬਣੀ ਕੰਡਿਆਲੀ ਤਾਰ
ਮੁਸ਼ਕਿਲ ਹੋ ਗਈ ਤੇਰੀ ਧਰਤ ਨੂੰ ਰੋਂਣ

ਮੁੜਕੇ ਦੇ ਹਾਣੀ ਹੋ ਗਏ ਹਾੜ ਸਾਉਣ
ਜੰਗ ਤੇ ਸੋਕਾ ਤੇਰੀ ਬੀਹੀ ਤੁਰੇ ਆਉਣ

ਤੇਰੇ ਪਾਣੀਆ ਦਾ ਮੁੱਲ ਲੱਗੇ ਤੇਰੇ ਪਾਉਣ
ਤੇਰੇ ਸੁੱਚੜੇ ਖਿਆਲਾ ਦੀਆ ਮਹਿੰਦੀਆ

ਜਿੰਦ ਦੀਆ ਤਲੀਆ ਤੇ ਜੋ ਲੱਗਣੋ ਨੇ ਰਹਿੰਦੀਆ
ਮੌਤ ਦਿਆ ਹੱਥਾ ਨਾਲ ਲੱਗ ਕੇ ਜੋ ਰਹਿੰਦੀਆ

ਭੋਲਿਆ ਰਾਜਿਆ ਦੀਆ ਵੋਟਾਂ ਨਾ ਪੈਂਦੀਆ
ਪਰਛਾਵੇ ਬਣ ਫੈਲੀਆ ਸੰਤਾਪ ਦੀਆ ਟਾਹਣੀਆ

ਕਿਹੰਦੇ ਮੱਥੇ ਲੱਗਾ ਦੋਸ਼ ਗੁਰੂ ਦੀਆ ਬਾਣੀਆ
ਆਪੇ ਬੋਲ ਕੇ ਦੱਸ ਪੰਜਾਬ ਦਿਆ ਪਾਣੀਆ
ਏਥੋ ਦਾ ਜਾ ਓਥੋ ਦਾ ਕਿਸ ਧਰਤ ਦਾ ਤੂੰ ਜਾਣੀਆ...

## ਜੂਰੀ ਡਿਊਟੀ- 1998

ਜੂਰੀ ਡਿਊਟੀ ਨਿਆਂ ਦਾ ਹਿੱਸਾ, ਸੱਚ ਤੇ ਝੂਠ ਨਿਖਾਰੇ।
ਵਿਚ ਅਦਾਲਤ ਜੂਰਰ ਰਲਕੇ, ਕਰਦੇ ਫੈਸਲੇ ਸਾਰੇ।

ਪਹਿਲੇ ਦਿਨ ਤਾਂ ਮੇਲੇ ਵਾਂਗਰ ਲੱਗਿਆ ਸੋਹਣਾ ਸੋਹਣਾ,
ਨਵੇਂ ਨਵੇਂ ਸਭ ਚਿਹਰੇ ਦੇਖੇ, ਕਈ ਸਨ ਰੂਪ ਨਿਆਰੇ।

ਕੱਲੇ ਕੱਲੇ ਕੇਸ ਲਈ ਵਕੀਲ ਚੁਣਦੇ ਜੂਰਰ ਬਾਰਾਂ,
ਬਾਕਸ ਦੇ ਵਿਚ ਬੈਠੇ ਜੂਰਰ, ਸੱਚ ਦੇ ਭਰਨ ਹੁੰਗਾਰੇ।

ਜੱਜਾਂ ਅਤੇ ਵਕੀਲਾਂ ਦੇ ਨਾਲ ਹੁੰਦੀਆਂ ਗੱਲਾਂ ਬਾਤਾਂ,
ਆਪਣੀ ਆਪਣੀ ਜਿੱਤ ਲਈ, ਬਹਿਸਣ ਕਾਊਂਸਲਰ ਸਾਰੇ।

ਸੱਚੇ ਝੂਠੇ ਦੇਣ ਗਵਾਹੀਆਂ, ਵਿਚ ਕਹਿਰੇ ਖੜ੍ਹਕੇ,
ਸੋਚ ਵਿਚਾਰਾਂ ਪਿੱਛੋਂ ਜੂਰਰ, ਕਰਦੇ ਕੇਸਾਂ ਦੇ ਨਿਪਟਾਰੇ।

ਜੂਰੀ ਡਿਊਟੀ ਕਰ ਕਰ ਸੱਜਣੋ, ਅਕਲ 'ਚ ਵਾਧਾ ਹੋਵੇ,
ਬਿਨ ਡਿਗਰੀ ਤੋਂ ਅਹੁਦਾ ਮਿਲੇ, ਕਰਦੇ ਮਾਣ ਪਿਆਰੇ।

ਦੂਜੀ ਵਾਰੀ 'ਕਮਲ' ਨੇ ਜੂਰਰ ਦਾ ਫਰਜ਼ ਨਿਭਾਇਆ,
ਕੀਤੇ ਇਨਸਾਫੀ ਫੈਸਲੇ, ਅਸੀਂ ਜਿੱਤੇ-ਦੂਜੇ ਹਾਰੇ।

**-ਕਮਲ ਬੰਗਾ ਸੈਕਰਾਮੈਂਟੋ**
916-897-8570

## ਉਹ ਮਹਾਨ ਹੁੰਦੇ ਜਿਹੜੇ ਜੀਉਂਦੇ ਦੂਜਿਆਂ ਲਈ

ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ
ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ
ਆਪਣੇ ਆਪ ਲਈ ਤਾਂ ਹਰ ਇਨਸਾਨ ਜੀਊਂਦਾ
ਪਰ ਮਹਾਨ ਮਨੁੱਖ ਉਹ
ਜਿਹੜਾ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ
ਉਹ ਆਪਣੇ ਆਪ ਲਈ ਤਾਂ ਕੁਰਬਾਨੀ ਕਰ ਸਕਦੇ ਆ
ਪਰ ਉਹ ਆਪ ਆਪਣੀ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟ ਸਕਦੇ
ਉਨ੍ਹਾਂ ਸ਼ਹੀਦਾਂ ਦੀਆਂ ਮੜ੍ਹੀਆਂ 'ਤੇ ਸਦਾ ਮੇਲੇ ਲਗਦੇ
ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖ਼ਾਤਰ
ਸ਼ਹੀਦੀਆਂ ਪਾ ਜਾਂਦੇ
ਇੱਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ
ਨਾ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ
ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁਝ ਕਰ ਜਾਂਦੇ
ਉਹ ਪਾ ਜਾਂਦੇ ਮੰਜ਼ਿਲਾਂ ਨੂੰ ਜਿਹੜੇ ਖਹਿ ਜਾਂਦੇ ਨਾਲ ਮੁਸੀਬਤਾਂ ਦੇ



**-ਮਾਸਟਰ ਨਿਰਮਲ ਸਿੰਘ ਲਾਲੀ (ਯੂ. ਐਸ. ਏ.)**

## ਧੰਨ ਗੁਰੂ ਨਾਨਕ ਜੀ

**ਸ਼ਾਮ ਪਾਲ, ਯੂਬਾ ਸਿਟੀ**
530-744-1183



ਦਰਸ ਦਿਖਾਓ ਬਾਬਾ ਨਾਨਕ ਪਿਆਰਿਆ।
ਤੇਰਾ ਇਹ ਵਿਛੋੜਾ ਸਾਥੋਂ ਜਾਂਦਾ ਨਾ ਸਹਾਰਿਆ।

ਲੈ ਕੇ ਮਰਦਾਨਾ ਬਾਲਾ ਆਈਂ ਮੇਰੇ ਦਾਤਿਆ
ਬਾਣੀ ਮੁਖੋਂ ਆਪਣੇ ਸੁਣਾਈ ਮੇਰੇ ਦਾਤਿਆ।।
ਤਾਰੋ ਅੱਜ ਸਾਨੂੰ ਜਿਵੇਂ ਜੱਗ ਸਾਰਾ ਤਾਰਿਆ
ਦਰਸ ਦਿਖਾਓ ਬਾਬਾ ਨਾਨਕ ਪਿਆਰਿਆ।

ਤੇਹਰਾਂ ਤੇਹਰਾਂ ਤੋਲ ਕਿਵੇਂ ਹੱਟ ਤੂੰ ਚਲਾਇਆ ਸੀ
ਦੱਸੀਂ ਮਰਦਾਨਾ ਕਿਵੇਂ ਗੋਡੇ ਤੇ ਬਠਾਇਆ ਸੀ।
ਸੱਚਾ ਸੌਦਾ ਕਰਨਾ ਸਿਖਾਵੀਂ ਸਚਿ ਸਚਿਆਰਿਆ।
ਦਰਸ ਦਿਖਾਓ ਬਾਬਾ ...

ਮੱਕੇ ਤੇ ਮਦੀਨੇ ਸਿਫਤਾਂ ਹੋਣ ਬਾਬਾ ਤੇਰੀਆਂ
ਫਿਰ ਆ ਕੇ ਪਾ ਜਾ ਚੌਹਾਂ ਕੂਟਾਂ ਵਿਚ ਫੇਰੀਆਂ
ਸੱਚ ਅਤੇ ਝੂਠ ਨੂੰ ਤੂੰ ਕਿਵੇਂ ਸੀ ਨਿਤਾਰਿਆ
ਦਰਸ ਦਿਖਾਓ ਬਾਬਾ ....

ਧਾਰੀ ਜੇ ਉਦਾਸੀ ਫੇਰਾ ਯੂਬਾ ਸਿਟੀ ਪਾ ਜਾਵੋ
ਦਰਸ ਪਿਆਰਿਆਂ ਨੂੰ ਦਰਸ ਦਿਖਾ ਜਾਵੋ
ਅਗਿਆਨਤਾ ਦਾ ਨੇਹਰਾ ਆ ਕੇ ਮੇਟ ਜਾ ਦਤਾਰਿਆ
ਦਰਸ ਦਿਖਾਓ ਬਾਬਾ ਨਾਨਕ ...

ਰੱਬ ਦਾ ਤੂੰ ਰੂਪ ਸਾਰਾ ਜੱਗ ਬਾਬਾ ਜਾਣਦਾ
ਤੇਰੀਆਂ ਨੇ ਮੇਹਰਾਂ ਤਾਹੀਉਂ ਸ਼ਾਮ ਮੌਜਾਂ ਮਾਣਦਾ
ਰੱਖਦਾ ਭਰੋਸਾ ਨਾ ਮੈਂ ਮਨ 'ਚੋਂ ਵਿਸਾਰਿਆ
ਦਰਸ ਦਿਖਾਓ ਬਾਬਾ ਨਾਨਕ ਪਿਆਰਿਆ
ਤੇਰਾ ਇਹ ਵਿਛੋੜਾ ਸਾਥੋਂ ਜਾਂਦਾ ਨਾ ਸਹਾਰਿਆ।

## ਉਡੀਕਾਂ ਪੰਜਾਬ ਦੀਆਂ!

ਲੋਕਰਾਜ ਵਿਚ ਤਾਨਾਸ਼ਾਹੀ ਹੀ ਚਲਾਈ ਰੱਖੀ
ਰਾਜ ਤੇ ਸਮਾਜ ਵਾਲਾ ਢਾਂਚਾ ਹੀ ਵਿਗਾੜ 'ਤਾ।

ਅੱਖਾਂ 'ਚ ਰੜਕਦੇ ਲੁਟੇਰੇ ਕੰਡੇ ਵਾਂਗ ਜਿਹੜੇ
ਆ ਰਿਹਾ ਸੁਭਾਗਾ ਸਮਾਂ ਹੋਣਗੇ ਇਹ ਲਾਪਤਾ।

ਮੁੱਕ ਜਾਣਾ ਡਰ ਹਾਕਮਾਂ ਦੇ ਧੌਂਸ ਧੱਕਿਆਂ ਦਾ
ਗੱਪੀਆਂ ਮੱਕਾਰਾਂ ਨਾਲੋਂ ਟੁੱਟਣਾ ਏ ਵਾਸਤਾ।

ਪੁੱਛਾਂ ਗੇ 'ਸਤਾਰਾਂ' ਵਿਚ ਖੁਸ਼ ਹੋ ਕੇ ਆਪੋ ਵਿੱਚੀਂ
ਕਿਹੜੀ ਸੀਟ ਉਤੋਂ ਭਲਾ ਕਿਹੜਾ ਆਗੂ ਮਾਂਜ'ਤਾ।

ਆਊ ਕਦੋਂ ਉਪਰੋਂ ਤਰੀਕ ਦਾ ਐਲਾਨ ਦੇਖੋ
ਜੋੜੀ ਬੈਠੇ ਰਹਿੰਦੇ 'ਫੇਸ-ਬੁੱਕ ਨਾਲ ਰਾਬਤਾ।

ਰਹੇ ਨੇ ਉਡੀਕ ਲੋਕੀਂ ਮੱਥੇ ਉਤੇ ਹੱਥ ਰੱਖ
ਲੱਗੂ ਗਾ ਪੰਜਾਬ 'ਚ ਕਦੋਂ ਕੁ ਚੋਣ ਜ਼ਾਬਤਾ?

**ਤਰਲੋਚਨ ਸਿੰਘ 'ਦੁਪਾਲਪੁਰ**
(001-408-915-1268)



## ਬੱਸ ਤੇਰਾ ਵੀ ਤਾਂ ਮੋਦੀ ਹੁਣ ਸਰਿਆ ਪਿਆ...



ਜਦੋਂ ਕੀਤਾ ਤੂੰ ਐਲਾਨ ਹੋਏ ਸਾਰੇ ਹੀ ਹੈਰਾਨ
ਤੇਰਾ ਵੇਖਿਆ ਦਿਮਾਗ ਕਿਨੂੰ ਕੀਤਾ ਨੁਕਸਾਨ
ਪੰਜ ਸਾਲ ਪਿੱਛੋਂ ਤੂੰ ਵੀ ਹੁਣ ਹਰਿਆ ਪਿਆ
ਵੇਖ ਚਾਰੇ ਪਾਸੇ ਹਾਹਾਕਾਰ ਮੱਚ ਗਈ
ਬੱਸ ਤੇਰਾ ਵੀ ਤਾਂ ਮੋਦੀ ਹੁਣ ਸਰਿਆ ਪਿਆ...

ਕੀਹਨੇ ਦਿੱਤੀ ਹੈ ਸਲਾਹ ਤੈਨੂੰ ਪਾਇਆ ਪੁੱਠੇ ਰਾਹ
ਜੀਹਦੇ ਕੋਲ ਕਾਲਾ ਧਨ ਉਹ ਵੀ ਤੇਰੇ ਨੇ ਭਰਾ
ਇੱਥੇ ਮਾੜਾ ਪੀੜਾ ਰੋਟੀ ਬਿਨਾਂ ਮਰਿਆ ਪਿਆ
ਵੇਖ ਚਾਰੇ ਪਾਸੇ ਹਾਹਾਕਾਰ ਮੱਚ ਗਈ
ਬੱਸ ਤੇਰਾ ਵੀ ਤਾਂ ਮੋਦੀ ਹੁਣ ਸਰਿਆ ਪਿਆ...

ਖੜ੍ਹੇ ਲਾਈਨਾਂ ਵਿਚ ਅੱਕੇ ਲੋਕੀ ਮਾਰਦੇ ਨੇ ਧੱਕੇ
ਚਾਅ ਸਭ ਦੀ ਹੀ ਲਹਿ ਗਏ ਵਿਆਹ ਜਿੰਨ੍ਹਾਂ ਦੇ ਸੀ ਰੱਖੇ
ਖਾਲੀ ਮੁੜਦੇ ਤੇ ਬੈਂਕਾਂ ਜਿੰਦਾ ਜੜਿਆ ਪਿਆ
ਵੇਖ ਚਾਰੇ ਪਾਸੇ ਹਾਹਾਕਾਰ ਮੱਚ ਗਈ
ਬੱਸ ਤੇਰਾ ਵੀ ਤਾਂ ਮੋਦੀ ਹੁਣ ਸਰਿਆ ਪਿਆ...

ਮੁੱਲ ਲਈ ਤੂੰ ਲੜਾਈ ਪਾਈ ਖੂਹ 'ਚ ਪੜ੍ਹਾਈ
ਨਾ ਕੋਈ ਕੀਤਾ ਪ੍ਰਬੰਧ ਤੈਨੂੰ ਸਮਝ ਨਾ ਆਈ
ਭੋਲੀ ਜਨਤਾ ਦਾ ਕੂੰਡਾ ਹੁਣ ਕਰਿਆ ਪਿਆ
ਵੇਖ ਚਾਰੇ ਪਾਸੇ ਹਾਹਾਕਾਰ ਮੱਚ ਗਈ
ਬੱਸ ਤੇਰਾ ਵੀ ਤਾਂ ਮੋਦੀ ਹੁਣ ਸਰਿਆ ਪਿਆ ..

ਟਾਈਮ ਤੇਰੇ ਉਤੇ ਆਉਣਾ ਪੈਣਾ
ਸਦਾ ਪਛਤਾਉਣਾ
'ਦੇਵ ਘੋਲੀਏ' ਦਾ ਦੱਸੇ ਤੂੰ ਤਾਂ ਕੰਨੀ ਹੱਥ ਲਾਉਣਾ
ਤੇਰੇ ਗਲ ਅੰਗੂਠਾ ਕਿਸੇ ਨੇ ਤਾਂ ਧਰਿਆ ਪਿਆ
ਵੇਖ ਚਾਰੇ ਪਾਸੇ ਹਾਹਾਕਾਰ ਮੱਚ ਗਈ
ਬੱਸ ਤੇਰਾ ਵੀ ਤਾਂ ਮੋਦੀ ਹੁਣ ਸਰਿਆ ਪਿਆ ..।

**-ਦੇਵ ਘੋਲੀਆ (ਫਰਿਜ਼ਨੋ)**
559-232-7764

# ਗੁਰਦੁਆਰਾ ਗਊ ਘਾਟ ਸਾਹਿਬ ਪਾਤਸ਼ਾਹੀ ਪਹਿਲੀ, ਲੁਧਿਆਣਾ



**ਤਸਵਿੰਦਰ ਸਿੰਘ ਬੜੈਚ**
91-98763-22677

ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਪਹਿਲੀ, ਸਨਅਤੀ ਸਹਿਰ ਲੁਧਿਆਣਾ ਵਿਖੇ ਸਥਿਤ ਹੈ। ਸਿੱਖ ਧਰਮ ਦੇ ਬਾਨੀ, ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਾਵਨ ਅਸਥਾਨ ਗੁਰਦੁਆਰਾ ਗਊ ਘਾਟ ਸਾਹਿਬ, ਲੁਧਿਆਣਾ ਦੇ ਸਮਰਾਲਾ ਚੌਂਕ ਤੋਂ ਇੱਕ ਕਿਲੋਮੀਟਰ ਦੀ ਦੂਰੀ 'ਤੇ ਗਊਸਾਲਾ ਰੋਡ 'ਤੇ ਸੁਸੋਭਿਤ ਹੈ। ਇਸ ਪਾਵਨ ਪਵਿੱਤਰ ਅਸਥਾਨ ਦੀ ਸੁੰਦਰ ਇਮਾਰਤ ਕਾਫੀ ਦੂਰ ਤੋ ਦਿਖਾਈ ਪੈਨਾਂਦੀ ਹੈ। ਗੁਰਦੁਆਰਾ ਸਾਹਿਬ ਦੇ ਨਜ਼ਦੀਕ ਆਕਾਸ਼ ਨੂੰ ਛੋਹਦਾ ਕੇਸਰੀ ਨਿਸ਼ਾਨ ਸਾਹਿਬ ਵੀ ਕਾਫੀ ਦੂਰ ਤੋ ਝੂਲਦਾ ਦਿਖਾਈ ਪੈਦਾ ਹੈ। ਗੁਰਦੁਆਰਾ ਗਊ ਘਾਟ ਪਾਤਸ਼ਾਹੀ ਪਹਿਲੀ ਉਹ ਪਵਿੱਤਰ ਅਸਥਾਨ ਹੈ ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ 1515 ਈਸਵੀ ਨੂੰ ਆਏ ਜੋ ਸਤਲੁਜ ਦਰਿਆ ਦੇ ਕਿਨਾਰੇ ਸੀ।

ਇਥੇ ਬਿਰਾਜ ਕੇ ਗੁਰੂ ਜੀ ਰੱਬੀ ਬਾਣੀ ਰਾਹੀਂ ਨਿਹੰਕਾਰ ਦੀ ਸਿਫਤ ਸਲਾਹ ਵਿਚ ਮਗਨ ਹੋ ਗਏ। ਉਸ ਸਮੇਂ ਲੁਧਿਆਣੇ ਦਾ ਨਵਾਬ ਜਲਾਲ ਖਾਂ ਲੋਧੀ ਆਪਣੇ ਦਰਬਾਰੀਆਂ ਸਮੇਤ ਭੇਟਾ ਲੈ ਕੇ ਗੁਰੂ ਜੀ ਦੀ ਸ਼ਰਨ ਵਿਚ ਆਇਆ ਤੇ ਗੁਰੂ ਚਰਨਾਂ ਵਿਚ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀਓ, ਇਹ



ਸਤਲੁਜ ਦਰਿਆ ਸ਼ਹਿਰ ਨੂੰ ਢਾਹ ਲਾਈ ਜਾ ਰਿਹਾ ਹੈ, ਆਪ ਜੀ ਮੇਹਰ ਕਰੋ। ਉਸ ਸਮੇਂ ਗੁਰੂ ਜੀ ਨੇ ਬਚਨ ਕੀਤੇ ਕਿ ਤੁਸੀਂ ਪ੍ਰਜਾ ਨਾਲ ਇਨਸਾਫ ਕਰੋ। ਸਤਲੁਜ ਦਰਿਆ ਸ਼ਹਿਰ ਤੋਂ 7 ਕੋਹ ਦੂਰ ਹਟ ਜਾਵੇਗਾ ਅਤੇ ਇਥੋਂ ਬੁੱਢਾ ਹੋ ਕੇ ਚੱਲੇਗਾ। ਸਮਾਂ ਪਾ ਕੇ ਇਹ ਸ਼ਹਿਰ ਬਹੁਤ ਘੁੱਗ ਵਸੇਗਾ। ਜਿਸ ਦਾ ਦੁਨੀਆਂ ਵਿਚ ਨਾਂਅ ਹੋਵੇਗਾ। ਇਸ ਤਰ੍ਹਾਂ ਇਹ ਗੁਰਦੁਆਰਾ ਗਊ ਘਾਟ ਪਾਤਸ਼ਾਹੀ ਪਹਿਲੀ ਜੋ ਦਰਿਆ ਘਾਟ 'ਤੇ ਬਣਿਆ ਹੈ, ਦਾ ਨਾਮ ਗੁਰਦੁਆਰਾ ਗਊ ਘਾਟ ਪੈ ਗਿਆ। ਜਿਸ ਅਸਥਾਨ ਤੇ ਗੁਰੂ ਜੀ ਬਿਰਾਜੇ ਸਨ, ਅੱਜ ਇਸ ਅਸਥਾਨ 'ਤੇ ਗੁਰਦੁਆਰਾ ਗਊ ਘਾਟ ਦੀ ਆਲੀਸ਼ਾਨ ਇਮਾਰਤ ਸੁਸੋਭਿਤ ਹੈ। ਇਤਿਹਾਸ ਨਾਲ ਸੰਬੰਧਿਤ ਹੋਣ ਕਰਕੇ ਇਸ ਦਾ ਪ੍ਰਬੰਧ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ। ਬਾਬਾ ਜੀ ਦੀ ਯਾਦ ਵਿਚ ਹਰ ਸਾਲ ਪ੍ਰਕਾਸ ਪੁਰਬ ਤੇ ਵਿਸਾਖੀ ਦਾ ਸਮਾਗਮ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਧੂਮ ਧਾਮ ਅਤੇ ਪੂਰੀ ਸਰਧਾ ਨਾਲ ਮਨਾਏ ਜਾਂਦੇ ਹਨ। ਜਿਸ ਵਿਚ ਰਾਗੀ, ਢਾਡੀ ਤੇ ਕਵੀਸਰੀ ਜੱਥੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਹੋਰ ਜੋੜ ਮੇਲੇ ਵੀ ਬੜੀ ਧੂਮ ਧਾਮ ਅਤੇ ਸਰਧਾ ਭਾਵਨਾ ਨਾਲ ਮਨਾਏ ਜਾਂਦੇ ਹਨ। ਦੂਰੋਂ- ਦੂਰੋਂ ਸੰਗਤਾਂ ਇਸ ਪਵਿੱਤਰ ਅਸਥਾਨ 'ਤੇ ਨਤਮਸਤਕ ਹੋਣ ਲਈ ਵੱਡੀ ਗਿਣਤੀ ਵਿਚ ਪੁੱਜਦੀਆਂ ਹਨ।







# ਸਤਿਗੁਰੂ ਬਾਬਾ ਸੈਨ ਜੀ ਦਾ ਪ੍ਰਕਾਸ਼ ਦਿਹਾੜਾ 4 ਦਸੰਬਰ ਨੂੰ ਮਨਾਇਆ ਜਾਵੇਗਾ

**ਸਤਿਗੁਰੂ ਬਾਬਾ ਸੈਨ ਜੀ ਦਾ ਪ੍ਰਕਾਸ਼ ਦਿਹਾੜਾ 4 ਦਸੰਬਰ ਨੂੰ ਗੁਰਦੁਆਰਾ ਸਾਹਿਬ ਹੇਵਰਡ (ਕੈਲੇਫੋਰਨੀਆ) ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 2 ਦਸੰਬਰ ਨੂੰ ਪ੍ਰਾਰੰਭ ਹੋਣਗੇ ਅਤੇ 4 ਦਸੰਬਰ (ਐਤਵਾਰ) ਨੂੰ ਭੋਗ ਪਾਏ ਜਾਣਗੇ।**

**ਹੋਰ ਜਾਣਕਾਰੀ ਲਈ ਗੁਰੂ ਘਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਫਿਰ ਸਿੱਧੇ ਕਾਲ ਕਰਨ ਲਈ ਸੰਪਰਕ ਕਰੋ:**

**ਸ੍ਰੀਮਾਨ ਮਨੀ ਜੀ (510) 909-0473**

**ਸ੍ਰੀਮਾਨ ਟੋਨੀ ਜੀ 'ਦੇਸੀ ਹੇਅਰ ਕੱਟ' ਯੂਨੀਅਨ ਸਿਟੀ ਵਾਲੇ (510) 825-0820**

## ਗੁਰਦੁਆਰਾ ਸਾਹਿਬ ਹੇਵਰਡ ਦਾ ਪਤਾ


**1798 D Street & 1805 Hill Ave Hayward, CA- 94541**

**ਇਸ ਦੌਰਾਨ ਤੰਦੂਰ ਰੈਸਟੋਰੈਂਟ ਹੇਵਰਡ (ਕੈਲੇਫੋਰਨੀਆ) ਵੱਲੋਂ ਛੋਲੇ ਭਟੂਰਿਆਂ ਆਦਿ ਦੀ ਸੇਵਾ ਕੀਤੀ ਜਾਵੇਗੀ।**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਇਆ








ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)











**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 28 ਨਵੰਬਰ ਦਿਨ ਐਤਵਾਰ ਨੂੰ ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਮੌਕੇ 26 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਅਤੇ 28 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਹਨਾਂ ਸਮਾਗਮਾਂ ਵਿਚ ਐਤਵਾਰ ਲੰਗਰਾਂ ਦੀ ਸੇਵਾ ਪੰਜਾਬੀ ਸਾਹਿਤ ਕੈਲੇਫੋਰਨੀਆ ਦੇ ਪ੍ਰਧਾਨ ਸ੍ਰੀ ਹਰਬੰਸ ਸਿੰਘ ਢਿੱਲੋਂ ਪਰਿਵਾਰ ਵੱਲੋਂ ਕੀਤੀ ਗਈ। ਸ੍ਰੀ ਹਰਬੰਸ ਸਿੰਘ ਢਿੱਲੋਂ ਜੀ ਨੇ ਗੁਰੂ ਨਾਨਕ ਮਹਾਰਾਜ ਦੀਆਂ ਸਿੱਖਿਆਵਾਂ ਬਾਰੇ ਸੰਗਤਾਂ ਨੂੰ ਦੱਸਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਢਿੱਲੋਂ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸ੍ਰੀ ਗੁਰਦੀਪ ਸਿੰਘ ਹੀਰਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਵੀ ਸੰਗਤਾਂ ਨੂੰ ਗੁਰੂ ਨਾਨਕ ਦੇਵ ਮਹਾਰਾਜ ਦੀਆਂ ਚਾਰ ਉਦਾਸੀਆਂ ਬਾਰੇ ਦੱਸਿਆ। ਸ੍ਰੀ ਸ਼ਾਮ ਪਾਲ ਨੇ ਵੀ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਵਿਚ ਹਾਜ਼ਰੀ ਲਗਵਾਈ। ਪਿਛਲੇ ਹਫਤੇ (ਐਤਵਾਰ) ਦੇ ਪ੍ਰੋਗਰਾਮ ਵਿਚ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਚੁੰਬਰ ਵੀ ਵਿਸ਼ੇਸ਼ ਤੌਰ 'ਤੇ ਹਾਜਰ ਹੋਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop